Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ
ਯੂ. ਐੱਸ. ਏ.

Chief Editor: **Gurjatinder Singh Randhawa**
Punjab Mail USA

REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 18, Issue- 799, 25 Apr. to 01 May, 2024, Ph: 916-320-9444, E-mail: punjabmailusa@yahoo.com, Web: punjabmailusa.com

## ਪੰਜਾਬ 'ਚ ਲੰਬੀ ਚੋਣ ਪ੍ਰਕਿਰਿਆ ਕਾਰਨ ਦਲ ਬਦਲੀ ਨੂੰ ਮਿਲ ਰਿਹੈ ਹੁਲਾਰਾ

- ਕਈ ਲੀਡਰ ਪਾਰਟੀ ਬਦਲਣ ਦੀ ਤਿਆਰੀ 'ਚ
- ਸਿਆਸੀ ਪਾਰਟੀਆਂ ਨੂੰ ਚੋਣਾਂ ਲੜਨ ਲਈ ਮਹਿਸੂਸ ਹੋ ਰਹੀ ਹੈ ਆਗੂਆਂ ਦੀ ਘਾਟ



**ਜਲੰਧਰ, (ਪੰਜਾਬ ਮੇਲ)-** ਪੰਜਾਬ ਦੀ ਸਿਆਸਤ 'ਚ ਅਜੇ ਹੋਰ ਟੁੱਟ-ਭੱਜ ਹੋਣੀ ਬਾਕੀ ਹੈ। ਪਿਛਲੇ ਇਕ ਹਫਤੇ 'ਚ ਕਈ ਦਿੱਗਜ਼ ਆਗੂਆਂ ਨੇ ਆਪਣੀਆਂ-ਆਪਣੀਆਂ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਪਾਲਾ ਬਦਲ ਲਿਆ ਹੈ। ਪੰਜਾਬ 'ਚ ਲੋਕ ਸਭਾ ਦੀਆਂ 13 ਸੀਟਾਂ ਲਈ ਵੋਟਾਂ 1 ਜੂਨ ਨੂੰ ਪੈਣੀਆਂ ਹਨ ਅਤੇ ਲੰਬੀ ਚੋਣ ਪ੍ਰਕਿਰਿਆ ਹੋਣ ਦੇ ਕਾਰਨ ਦਲ-ਬਦਲ ਨੂੰ ਲਗਾਤਾਰ ਹੁਲਾਰਾ ਮਿਲ ਰਿਹਾ ਹੈ। ਸਿਆਸੀ ਪਾਰਟੀਆਂ ਨੂੰ ਚੋਣਾਂ ਲੜਨ ਲਈ ਆਗੂਆਂ ਦੀ ਘਾਟ ਮਹਿਸੂਸ ਹੋ ਰਹੀ ਹੈ।

ਆਮ ਆਦਮੀ ਪਾਰਟੀ ਨੇ ਜਿਥੇ ਇਕ ਪਾਸੇ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤਾਂ ਉੱਥੇ ਹੀ ਵਿਰੋਧੀ ਪਾਰਟੀਆਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਅਜੇ ਵੀ ਉਮੀਦਵਾਰਾਂ ਦੀ ਚੋਣ ਕਰਨ 'ਚ ਲੱਗੀਆਂ ਹੋਈਆਂ ਹਨ। ਇਸ ਸਮੇਂ ਸਭ ਤੋਂ ਵੱਧ ਸਿਆਸੀ ਧਮਾਕੇ ਕਾਂਗਰਸ 'ਚ ਹੋ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵੀ ਲਗਾਤਾਰ ਵੱਖ-ਵੱਖ ਆਗੂਆਂ ਨੂੰ ਆਮ ਆਦਮੀ ਪਾਰਟੀ 'ਚ ਲਿਆਉਣ 'ਚ ਲੱਗੇ ਹੋਏ ਹਨ।

ਪੰਜਾਬ 'ਚ ਚੋਣ ਨੋਟੀਫਿਕੇਸ਼ਨ ਮਈ ਦੇ ਪਹਿਲੇ ਹਫਤੇ 'ਚ ਜਾਰੀ ਹੋਣਾ ਹੈ, ਜਿਸ 'ਚ ਅਜੇ ਵੀ ਕਾਫੀ ਸਮਾਂ ਬਾਕੀ ਹੈ। ਇਸ ਲਈ ਸਿਆਸੀ ਹਲਕਿਆਂ 'ਚ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ ਸਿਆਸਤ 'ਚ ਅਜੇ ਟੁੱਟ-ਭੱਜ ਦਾ ਕਾਰਜ ਬਾਕੀ ਹੈ ਅਤੇ ਇਸ ਲਈ ਵੱਖ-ਵੱਖ ਸਿਆਸੀ ਆਗੂ ਇਕ-ਦੂਜੇ ਨਾਲ ਸੰਪਰਕ ਕਰਨ 'ਚ ਲੱਗੇ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਕਾਂਗਰਸ ਦੇ ਇਕ-ਦੋ

■ ਬਾਕੀ ਖਬਰ ਸਫਾ 17 'ਤੇ

## ਅਮਰੀਕੀ ਪ੍ਰਤੀਨਿਧੀ ਸਭਾ ਵੱਲੋਂ 'ਟਿਕਟੌਕ' 'ਤੇ ਪਾਬੰਦੀ ਲਗਾਉਣ ਵਾਲਾ ਬਿੱਲ ਪਾਸ

- ਰਾਸ਼ਟਰੀ ਸੁਰੱਖਿਆ ਚਿੰਤਾਵਾਂ ਦੇ ਮੱਦੇਨਜ਼ਰ ਲਿਆ ਫੈਸਲਾ
- ਮਾਰਚ ਮਹੀਨੇ ਸਦਨ ਨੇ ਟਿਕਟੌਕ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨ ਦੇ ਪ੍ਰਸਤਾਵ ਦੇ ਸਮਰਥਨ 'ਚ ਕੀਤਾ ਸੀ ਵੋਟ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਪ੍ਰਤੀਨਿਧੀ ਸਭਾ ਨੇ ਸੰਯੁਕਤ ਰਾਜ ਵਿਚ ਚੀਨੀ ਵੀਡੀਓ-ਸ਼ੇਅਰਿੰਗ ਐਪ 'ਟਿਕਟੌਕ' 'ਤੇ ਪਾਬੰਦੀ ਲਗਾਉਣ ਵਾਲੇ ਨਵੇਂ ਕਾਨੂੰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਮਾਰਚ ਵਿਚ, ਸਦਨ ਨੇ ਟਿਕਟੌਕ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨ ਦੇ ਪ੍ਰਸਤਾਵ ਦੇ ਸਮਰਥਨ ਵਿਚ ਵੋਟ ਕੀਤਾ ਸੀ।

ਅਮਰੀਕੀ ਸੋਸ਼ਲ ਮੀਡੀਆ ਐਪਸ 'ਤੇ ਪਾਬੰਦੀ ਲਗਾਉਣ ਦੀ ਕਾਰਵਾਈ ਅਜਿਹੇ ਸਮੇਂ ਆਈ ਹੈ, ਜਦੋਂ ਵਪਾਰ ਅਤੇ ਤਕਨਾਲੋਜੀ ਨੂੰ ਲੈ ਕੇ ਅਮਰੀਕਾ ਅਤੇ ਚੀਨ ਵਿਚਾਲੇ ਕਾਫੀ ਤਣਾਅ ਹੈ। ਉਥੇ ਹੀ ਦੂਜੇ ਪਾਸੇ ਚੀਨ ਨੇ ਐਪਲ ਐਪ ਸਟੋਰ ਤੋਂ ਦੁਨੀਆਂ ਦੇ ਸਭ ਤੋਂ ਜ਼ਿਆਦਾ ਵਰਤੇ ਜਾਣ ਵਾਲੇ ਇੰਸਟੈਂਟ ਮੈਸੇਜਿੰਗ ਪਲੇਟਫਾਰਮ 'ਚੋਂ ਇਕ ਵਟਸਐੱਪ ਨੂੰ ਹਟਾ ਦਿੱਤਾ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਐਪਲ ਨੇ ਕਿਹਾ ਕਿ ਉਸ ਨੇ ਚੀਨ 'ਚ ਐਪਲ ਐਪ ਸਟੋਰ ਤੋਂ 'ਮੈਟਾ' ਦੇ ਵਟਸਐੱਪ ਮੈਸੇਜਿੰਗ ਐਪ ਅਤੇ 'ਥਰੈਡਸ' ਸੋਸ਼ਲ ਮੀਡੀਆ ਐਪ ਨੂੰ ਹਟਾ ਦਿੱਤਾ ਹੈ। ਕੰਪਨੀ ਨੇ ਕਿਹਾ ਕਿ ਚੀਨ ਦੇ ਸਾਈਬਰਸਪੇਸ ਪ੍ਰਸ਼ਾਸਨ ਨੇ ਰਾਸ਼ਟਰੀ ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦਿੰਦੇ ਹੋਏ ਐਪਲ ਐਪ ਸਟੋਰ ਤੋਂ ਐਪਲੀਕੇਸ਼ਨ ਨੂੰ ਹਟਾਉਣ ਦਾ ਆਦੇਸ਼ ਦਿੱਤਾ ਹੈ।

ਦੱਸ ਦੇਈਏ ਕਿ 170 ਮਿਲੀਅਨ ਤੋਂ ਵੱਧ ਅਮਰੀਕੀ ਟਿਕਟੌਕ ਦੀ ਵਰਤੋਂ ਕਰ ਰਹੇ ਹਨ। ਪਹਿਲੇ ਬਿੱਲ ਵਿਚ ਕਿਹਾ ਗਿਆ ਹੈ ਕਿ ਟਿਕਟੌਕ ਦੀ ਮੂਲ ਕੰਪਨੀ 'ਬਾਈਟਡਾਂਸ' ਕਾਨੂੰਨ ਦੇ ਲਾਗੂ ਹੋਣ ਦੇ 180 ਦਿਨਾਂ ਜਾਂ ਅੱਧੇ ਸਾਲ ਦੇ ਅੰਦਰ ਆਪਣੀ ਮਲਕੀਅਤ ਛੱਡ ਦੇਵੇਗੀ।

ਸੋਧਿਆ ਬਿੱਲ ਬਾਈਟਡਾਂਸ ਲਈ ਛੇ ਮਹੀਨਿਆਂ ਦੀ ਇਸ ਮਿਆਦ ਨੂੰ ਲਗਭਗ 9 ਮਹੀਨਿਆਂ ਤੱਕ ਵਧਾ ਦਿੰਦਾ ਹੈ। ਇਸ ਤੋਂ ਇਲਾਵਾ ਜੇਕਰ ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਵ੍ਹਾਈਟ ਹਾਊਸ ਇਸ ਸਮਾਂ ਸੀਮਾ ਨੂੰ 90 ਦਿਨ ਹੋਰ ਵਧਾ ਸਕਦਾ ਹੈ। ਜਿਹੜੇ ਵਿਧਾਇਕ ਪਹਿਲਾਂ ਸ਼ੱਕੀ ਸਨ,

■ ਬਾਕੀ ਖਬਰ ਸਫਾ 17 'ਤੇ

## ਰੂਸ ਤੇ ਚੀਨ ਨੇ ਦੁਵੱਲੇ ਵਪਾਰ 'ਚ ਡਾਲਰ ਦੀ ਵਰਤੋਂ ਕੀਤੀ ਬੰਦ

- ਦੋਵਾਂ ਦੇਸ਼ਾਂ ਵਿਚਾਲੇ 90 ਫ਼ੀਸਦੀ ਵਪਾਰ ਸਥਾਨਕ ਕਰੰਸੀ ਰਾਹੀਂ ਹੋ ਰਿਹੈ



**ਮਾਸਕੋ, (ਪੰਜਾਬ ਮੇਲ)-** ਰੂਸ ਅਤੇ ਚੀਨ ਨੇ ਦੁਵੱਲੇ ਵਪਾਰ ਵਿਚ ਡਾਲਰ ਦੀ ਵਰਤੋਂ ਬੰਦ ਕਰ ਦਿੱਤੀ ਹੈ। ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਰੂਸ ਦੇ ਖੇਤਰੀ ਮੁਖੀਆਂ ਦੀ ਬੈਠਕ ਦੌਰਾਨ ਇਹ ਜਾਣਕਾਰੀ ਦਿੱਤੀ ਹੈ। ਲਾਵਰੋਵ ਨੇ ਕਿਹਾ ਕਿ ਦੋਵੇਂ ਦੇਸ਼ ਆਪਸੀ ਵਪਾਰ ਵਿਚ ਸਥਾਨਕ ਕਰੰਸੀ ਦੀ ਵਰਤੋਂ ਕਰ ਰਹੇ ਹਨ। ਪੱਛਮੀ ਦੇਸ਼ਾਂ ਵੱਲੋਂ ਦੋਵਾਂ ਦੇਸ਼ਾਂ ਦੇ ਆਰਥਿਕ ਸਬੰਧਾਂ 'ਚ ਰੁਕਾਵਟਾਂ ਪੈਦਾ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਰੂਸ ਅਤੇ ਚੀਨ ਵਿਚਾਲੇ ਆਰਥਿਕ ਸਬੰਧਾਂ ਵਿਚ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਦੋਵਾਂ ਦੇਸ਼ਾਂ ਵਿਚਾਲੇ ਹੋ ਰਹੇ ਕੁੱਲ ਵਪਾਰ 'ਚ 90 ਫ਼ੀਸਦੀ ਵਪਾਰ ਸਥਾਨਕ ਕਰੰਸੀ ਰਾਹੀਂ ਕੀਤਾ ਜਾ ਰਿਹਾ ਹੈ।

ਇਸ ਆਪਸੀ ਸਹਿਯੋਗ ਦਾ ਸਿੱਧਾ ਲਾਭ ਰੂਸ ਅਤੇ ਚੀਨ ਦੀ ਤਰਜ਼ 'ਤੇ ਬਣੇ ਮਾਹੌਲ ਦੇ ਰੂਪ 'ਚ ਵੇਖਣ ਨੂੰ ਮਿਲ ਰਿਹਾ ਹੈ। ਪੱਛਮੀ ਦੇਸ਼ਾਂ ਦੁਆਰਾ ਰੂਸ 'ਤੇ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦੇ ਵਿਚਕਾਰ ਚੀਨ ਅਤੇ ਰੂਸ ਆਪਣਾ ਸੋਨੇ ਦਾ ਭੰਡਾਰ ਵਧਾਉਣ 'ਤੇ ਕੰਮ ਕਰ ਰਹੇ ਹਨ।

ਚੀਨ ਦੁਨੀਆਂ ਵਿਚ ਸੋਨੇ ਦਾ ਸਭ ਤੋਂ ਵੱਡਾ ਉਤਪਾਦਕ ਹੈ। ਇਸ ਦੇ ਬਾਵਜੂਦ ਚੀਨ ਨੇ 2022 ਵਿਚ 67.6 ਅਰਬ ਡਾਲਰ ਦੇ ਸੋਨੇ ਦੀ ਖਰੀਦ ਕੀਤੀ ਹੈ। ਇਹ 2022 'ਚ ਦੁਨੀਆਂ ਦੇ ਸੋਨੇ ਦੀ ਦੂਜੀ ਸਭ ਤੋਂ ਵੱਡੀ ਖਰੀਦ ਹੈ, ਜਦਕਿ ਸਵਿਟਜ਼ਰਲੈਂਡ 94.9 ਅਰਬ ਡਾਲਰ ਦੇ ਸੋਨੇ ਦੀ ਖਰੀਦ ਦੇ ਨਾਲ ਪਹਿਲੇ ਨੰਬਰ 'ਤੇ ਰਿਹਾ। ਵਰਲਡ ਗੋਲਡ ਕਾਉਂਸਿਲ ਦੇ ਅੰਕੜਿਆ ਅਨੁਸਾਨ ਰੂਸ ਨੇ 2023 ਵਿਚ 324.7 ਟਨ ਸੋਨੇ ਦਾ ਉਤਪਾਦਨ ਕੀਤਾ ਹੈ, ਜਦਕਿ ਚੀਨ 374 ਟਨ ਸੋਨੇ ਦੇ ਉਤਪਾਦਨ ਨਾਲ ਪਹਿਲੇ ਨੰਬਰ 'ਤੇ ਹੈ। ਰੂਸ ਦਾ ਟੀਚਾ ਹਰ ਸਾਲ ਸੋਨੇ ਦਾ ਉਤਪਾਦਨ ਚਾਰ ਫ਼ੀਸਦੀ ਵਧਾਉਣ ਦਾ ਵੀ ਹੈ।

ਦਰਅਸਲ, ਪੱਛਮੀ ਦੁਨੀਆਂ ਦੁਆਰਾ ਰੂਸ 'ਤੇ ਲਗਾਈਆਂ ਆਰਥਿਕ ਪਾਬੰਦੀਆਂ ਦੇ ਬਾਵਜੂਦ ਰੂਸ ਦੀ ਆਰਥਿਕਤਾ 2023 ਵਿਚ 3.6 ਫ਼ੀਸਦੀ ਦੀ ਦਰ ਨਾਲ ਵਧੀ ਹੈ ਅਤੇ 2024 ਵਿਚ ਇਸ ਦੇ 2.6 ਫ਼ੀਸਦੀ ਦੀ ਦਰ ਨਾਲ ਵਧਣ ਦੀ ਉਮੀਦ ਹੈ। ਰੂਸ 2013 ਤੋਂ ਹੀ ਪੱਛਮੀ ਦੁਨੀਆ ਵੱਲੋਂ ਉਸ 'ਤੇ ਲਗਾਏ ਜਾਣ ਵਾਲੀਆਂ ਆਰਥਿਕ ਪਾਬੰਦੀਆਂ ਲਾਉਣ ਦੀ ਤਿਆਰੀ ਕਰ ਰਿਹਾ ਸੀ। ਅਜਿਹੇ 'ਚ ਜਦੋਂ ਯੂਰਪ ਨੇ ਰੂਸ 'ਤੇ ਆਰਥਿਕ ਪਾਬੰਦੀਆਂ ਲਗਾਈਆਂ ਤਾਂ ਆਪਣੀ ਕਰੰਸੀ ਰੂਬਲ ਨੂੰ ਡਿੱਗਣ ਤੋਂ ਬਚਾਉਣ ਲਈ ਉਸ ਨੇ 2022 ਵਿਚ ਇਕ ਔਂਸ ਸੋਨੇ ਦੀ ਕੀਮਤ 5 ਹਜ਼ਾਰ ਰੂਬਲ ਤੈਅ ਕਰ ਦਿੱਤੀ, ਜਿਸ ਨਾਲ ਰੂਸੀ ਮੁਦਰਾ ਵਿਚ ਗਿਰਾਵਟ ਰੁਕ ਗਈ।

### ਚੋਣ ਰੈਲੀ ਦੌਰਾਨ ਸਵਰਨਕਾਰ ਤੇ ਰਾਮਗੜ੍ਹੀਆ ਭਾਈਚਾਰੇ ਖ਼ਿਲਾਫ਼ ਗ਼ਲਤ ਸ਼ਬਦਾਵਲੀ ਦਾ ਮਾਮਲਾ

## ਮੰਤਰੀ ਲਾਲਜੀਤ ਭੁੱਲਰ ਨੇ ਮੰਗੀ ਮੁਆਫੀ


- ਸ੍ਰੀ ਦਰਬਾਰ ਸਾਹਿਬ 'ਚ ਬਰਤਨਾਂ ਤੇ ਜੋੜਿਆਂ ਦੀ ਕੀਤੀ ਸੇਵਾ



**ਅੰਮ੍ਰਿਤਸਰ, (ਪੰਜਾਬ ਮੇਲ)-** ਪਿਛਲੇ ਦਿਨੀਂ ਚੋਣ ਰੈਲੀ ਦੌਰਾਨ ਸਵਰਨਕਾਰ ਅਤੇ ਰਾਮਗੜ੍ਹੀਆ ਭਾਈਚਾਰੇ ਖ਼ਿਲਾਫ਼ ਗ਼ਲਤ ਸ਼ਬਦਾਵਲੀ ਵਰਤਣ ਵਾਲੇ ਖਡੂਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਮੁਆਫ਼ੀ ਮੰਗ ਲਈ ਹੈ। ਇਸ ਦੌਰਾਨ ਉਹ ਭੁੱਲ ਬਖਸ਼ਾਉਣ ਲਈ ਬਕਾਇਦਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ ਅਤੇ ਉਥੇ ਜੂਠੇ ਬਰਤਨਾਂ ਅਤੇ ਜੋੜਿਆਂ ਦੀ ਸੇਵਾ ਵੀ ਕੀਤੀ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਮੰਤਰੀ ਲਾਲਜੀਤ ਭੁੱਲਰ ਨੇ ਕਿਹਾ ਕਿ ਜਾਣੇ-ਅਣਜਾਣੇ ਵਿਚ ਉਨ੍ਹਾਂ ਦੇ ਮੂੰਹੋਂ ਇਸ ਭਾਈਚਾਰੇ ਖ਼ਿਲਾਫ਼ ਗ਼ਲਤ ਸ਼ਬਦ ਨਿਕਲ ਗਏ ਸਨ, ਇਸ ਲਈ ਉਹ ਮੁਆਫ਼ੀ ਮੰਗਦੇ ਹਨ ਅਤੇ ਆਪਣੀ ਭੁੱਲ ਬਖਸ਼ਾਉਣ ਸ੍ਰੀ ਦਰਬਾਰ ਸਾਹਿਬ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਚੋਣ ਰੈਲੀ ਦੌਰਾਨ ਉਨ੍ਹਾਂ ਦੇ ਮੂੰਹੋਂ ਨਿਕਲੇ ਬੋਲਾਂ ਨਾਲ ਜੇ ਕਿਸੇ ਦੀ ਮੰਨ ਨੂੰ ਠੇਸ ਪਹੁੰਚੀ ਹੈ, ਤਾਂ ਉਹ ਖ਼ਿਮਾ ਮੰਗਦੇ ਹਨ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਨੂੰ ਇੰਨੀ ਕੁ ਸੁਮੱਤ ਬਖਸ਼ਣ ਕਿ ਅੱਗੇ ਤੋਂ ਉਨ੍ਹਾਂ ਦੇ ਮੂੰਹੋਂ ਕਿਸੇ ਵੀ ਭਾਈਚਾਰੇ ਖ਼ਿਲਾਫ਼ ਭੁੱਲ ਕੇ ਵੀ ਕੋਈ ਗ਼ਲਤ ਸ਼ਬਦ ਨਾ ਨਿਕਲੇ। ਉਹ ਆਸ ਕਰਦੇ ਹਨ ਕਿ ਸਮੂਹ ਰਾਮਗੜ੍ਹੀਆ ਅਤੇ ਸਵਰਨਕਾਰ ਭਾਈਚਾਰਾ ਉਨ੍ਹਾਂ ਦੀ ਭੁੱਲ ਨੂੰ ਮੁਆਫ ਕਰਨਗੇ।

## ਦਿੱਲੀ ਅਦਾਲਤ ਨੇ ਕੇਜਰੀਵਾਲ ਦੀ ਨਿਆਇਕ ਹਿਰਾਸਤ 7 ਮਈ ਤੱਕ ਵਧਾਈ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀ ਇਕ ਅਦਾਲਤ ਨੇ ਦਿੱਲੀ ਆਬਕਾਰੀ ਘਪਲੇ ਨਾਲ ਸੰਬੰਧਤ ਮਨੀ ਲਾਂਡਰਿੰਗ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਬੀ.ਆਰ.ਐੱਸ. ਨੇਤਾ ਕੇ. ਕਵਿਤਾ ਦੀ ਨਿਆਇਕ ਹਿਰਾਸਤ 7 ਮਈ ਤੱਕ ਵਧਾ ਦਿੱਤੀ। ਰਿਮਾਂਡ ਮਿਆਦ ਖ਼ਤਮ ਹੋਣ 'ਤੇ ਵੀਡੀਓ ਕਾਨਫਰਸਿੰਗ ਰਾਹੀਂ ਅਦਾਲਤ 'ਚ ਪੇਸ਼ ਕੀਤੇ ਜਾਣ ਤੋਂ ਬਾਅਦ ਸੀ.ਬੀ.ਆਈ. ਅਤੇ ਈ.ਡੀ. ਮਾਮਲਿਆਂ ਦੀ ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਉਨ੍ਹਾਂ ਦੀ ਹਿਰਾਸਤ ਵਧਾ ਦਿੱਤੀ।

ਜੱਜ ਨੇ ਸੀ.ਬੀ.ਆਈ. ਵਲੋਂ ਜਾਂਚ ਕੀਤੇ ਜਾ ਰਹੇ ਸੰਬੰਧਤ ਭ੍ਰਿਸ਼ਟਾਚਾਰ ਮਾਮਲੇ 'ਚ ਤੇਲੰਗਾਨਾ ਐੱਮ.ਐੱਲ.ਸੀ. ਅਤੇ ਸਾਬਕਾ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਵ ਦੀ ਧੀ ਕਵਿਤਾ ਦੀ ਨਿਆਇਕ ਹਿਰਾਸਤ ਵੀ 7 ਮਈ ਤੱਕ ਵਧਾ ਦਿੱਤੀ।

## ਐੱਚ-1ਬੀ ਵੀਜ਼ਾ ਦੇ ਸਖ਼ਤ ਵਿਰੋਧ 'ਚ ਡੋਨਾਲਡ ਟਰੰਪ ਦੇ ਦੋਹਰੇ ਮਾਪਦੰਡ

- ਪ੍ਰੋਗਰਾਮ ਤਹਿਤ ਲੋਕਾਂ ਨੂੰ ਨੌਕਰੀ 'ਤੇ ਰੱਖਣ ਲਈ ਉਸ ਦੀ ਸਥਾਪਿਤ ਕੀਤੀ ਕੰਪਨੀ ਨੇ ਦਿੱਤੀ ਅਰਜ਼ੀ
- ਟਰੰਪ ਦਾ ਐੱਚ-1ਬੀ ਵੀਜ਼ਾ ਮੁੱਦੇ 'ਤੇ ਰਿਹੈ ਨਕਾਰਾਤਮਕ ਰੁਖ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਚੋਣਾਂ 'ਚ ਐੱਚ-1ਬੀ ਵੀਜ਼ਾ 'ਤੇ ਡੋਨਾਲਡ ਟਰੰਪ ਦਿਲਚਸਪੀ ਦਾ ਮੁੱਦਾ ਉਠਿਆ ਹੈ। ਟਰੰਪ ਨੇ ਹਮੇਸ਼ਾ ਹੀ ਐੱਚ-1ਬੀ ਵੀਜ਼ਾ ਦਾ ਵਿਰੋਧ ਕੀਤਾ ਹੈ, ਪਰ ਉਸ ਦੀ ਸਥਾਪਿਤ ਕੀਤੀ ਕੰਪਨੀ ਨੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਨੌਕਰੀ 'ਤੇ ਰੱਖਣ ਲਈ ਅਰਜ਼ੀ ਦਿੱਤੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਉਸ ਨੇ ਕਿਸੇ ਕਾਰਨ ਅਰਜ਼ੀ ਵਾਪਸ ਲੈ ਲਈ ਹੈ। ਉਹੀ ਕੰਪਨੀ ਜਿਸ ਨੂੰ ਟਰੰਪ ਨੇ ਐੱਚ-1ਬੀ ਵੀਜ਼ਾ ਤਹਿਤ ਕਾਮਿਆਂ ਨੂੰ ਨਿਯੁਕਤ ਕਰਨ ਲਈ ਪ੍ਰਮੋਟ ਕੀਤਾ ਹੈ। ਟਰੰਪ ਨੇ ਇਹ ਦਿਖਾਵਾ ਕਰਨ ਲਈ ਪ੍ਰਚਾਰ ਕੀਤਾ ਕਿ ਉਹ ਅਮਰੀਕਾ ਦੇ ਹਿੱਤਾਂ ਦੀ ਰੱਖਿਆ ਕਰਨਾ ਚਾਹੁੰਦਾ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਟਰੰਪ ਇੱਕ ਸਿਆਸਤਦਾਨ ਅਤੇ ਵਪਾਰੀ ਦੇ ਰੂਪ ਵਿਚ ਇੱਕ ਵੱਖਰਾ ਵਿਅਕਤੀ ਹੈ। ਡੋਨਾਲਡ ਟਰੰਪ ਦਾ ਐੱਚ-1ਬੀ ਵੀਜ਼ਾ ਮੁੱਦੇ 'ਤੇ ਨਕਾਰਾਤਮਕ ਰੁਖ ਹੈ।

**ਐੱਚ-1ਬੀ ਵੀਜ਼ਾ 'ਤੇ ਡੋਨਲਡ ਟਰੰਪ:** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਐੱਚ-1ਬੀ ਵੀਜ਼ਾ ਦੇ ਕੱਟੜ ਵਿਰੋਧੀ ਹਨ। ਉਸ ਨੇ ਹਮੇਸ਼ਾ ਕਿਹਾ ਹੈ ਕਿ ਐੱਚ-1ਬੀ ਵੀਜ਼ਾ ਨੇ ਬਾਹਰਲੇ ਲੋਕਾਂ ਨੂੰ ਫਸਾਇਆ ਹੈ ਅਤੇ ਅਮਰੀਕਾ ਨੂੰ ਨੁਕਸਾਨ ਪਹੁੰਚਾਇਆ ਹੈ। ਪਰ ਟਰੰਪ ਦੇ ਇਸ ਵੀਜ਼ਾ ਮੁੱਦੇ 'ਤੇ ਦੋਹਰੇ ਮਾਪਦੰਡ ਜਾਪਦੇ ਹਨ। ਕਿਉਂਕਿ ਟਰੰਪ ਜਿਸ ਸੋਸ਼ਲ ਮੀਡੀਆ ਕੰਪਨੀ ਦਾ ਪ੍ਰਚਾਰ ਕਰਦੇ ਹਨ, ਉਹੀ ਹੈ ਜਿਸ ਨੇ ਐੱਚ-1ਬੀ ਵੀਜ਼ਾ ਤਹਿਤ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਅਪਲਾਈ ਕੀਤਾ ਸੀ। ਟਰੰਪ ਨੇ ਟਰੂਥ ਸੋਸ਼ਲ ਨਾਂ ਦੀ ਇੱਕ ਕੰਪਨੀ ਦੀ ਸਥਾਪਨਾ ਕੀਤੀ, ਜਿਸ ਨੇ ਬਿਜ਼ਨਸ ਵੀਜ਼ਾ ਪ੍ਰੋਗਰਾਮ ਲਈ ਅਪਲਾਈ ਕੀਤਾ। ਟਰੂਥ ਸੋਸ਼ਲ ਨੂੰ ਪਤਾ ਲੱਗਾ ਹੈ ਕਿ ਉਸਨੇ 65,000

■ ਬਾਕੀ ਖਬਰ ਸਫਾ 17 'ਤੇ

APCA is excited to announce its

# 10TH ANNUAL BUYER'S TRADE SHOW IN FRESNO

on

Wednesday, May 8th, 2024
at Industrial Commerce Building
The Big Fresno Fair,
Fresno, CA 93702

**FREE ADMISSION**

*Special Vendor Deals + New Items*

- 100+Vendor Booths and 600+ Retailers From All Over California.
- Cash Prizes A GRAND PRIZE and free Raffle Prizes are being given Away

10 YEARS ANNIVERSARY

## APCA
AMERICAN PETROLEUM AND CONVENIENCE STORE ASSOCIATION

*APCA has always been committed in offering both our exhibitors and attendees the best possible avenue to ensure a successful experience at our Trade Show events.*

**May 8th, 2024 From 12:30pm to 5:30pm
at Industrial Commerce Building,
The Big Fresno Fair, Fresno, CA 93702**

**ਅਮਰੀਕਨ ਪੈਟਰੋਲੀਅਮ ਐਂਡ
ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ**

## 10ਵਾਂ ਸਾਲਾਨਾ ਖਰੀਦਦਾਰਾਂ ਦਾ ਟਰੇਡ ਸ਼ੋਅ

**8 ਮਈ 2024, 12.30 ਤੋਂ 5.30 ਵਜੇ ਤੱਕ**

**ਜੇ ਆਪਣੇ ਬਿਜਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

ਅਮਰੀਕਨ ਪੈਟਰੋਲੀਅਮ ਐਂਡ ਕੰਨਵੀਨਿਅੰਸ ਸਟੋਰ ਐਸੋਸੀਏਸ਼ਨ ਵੱਲੋਂ ਗੈਸ ਸਟੇਸ਼ਨ, ਸੀ ਸਟੋਰ, ਤੰਬਾਕੂ ਅਤੇ ਲੀਕਰ ਸਟੋਰ ਦੇ ਮਾਲਕਾਂ ਲਈ 10ਵਾਂ ਸਾਲਾਨਾ ਟਰੇਡ ਸ਼ੋਅ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿਚ 100 ਤੋਂ ਵੱਧ ਵੈਂਡਰਸ ਆਪਣੇ ਨਵੇਂ ਪ੍ਰੋਡਕਟਸ ਅਤੇ ਸਪੈਸ਼ਲ ਡੀਲਸ ਲਿਆ ਰਹੇ ਹਨ। ਆਪ ਸਭ ਨੂੰ ਬੇਨਤੀ ਹੈ ਕਿ ਸ਼ੋਅ ਦੀਆਂ ਡੀਲਸ ਦਾ ਫਾਇਦਾ ਚੁੱਕੋ।



ਜੱਗ ਜਿਉਂਦਿਆ ਦੇ ਮੇਲੇ
ਹਰਭਜਨ ਮਾਨ

Copyright @ Punjab Mail USA

*Platinum Sponsor*
Flamingo Catering & Banquet Hall

*Media Partners*
PUNJAB MAIL USA TV Channel · SPICE RADIO FM 94.3 · PTC PUNJABI · JUS TV · Punjabi Radio USA · Gurdeep Shergill

## *Live Performance*
# *Harbhajan Mann*

*Venue: PAUL PAUL THEATER
1121, S Chance Ave, Fresno, CA 93702
Wednesday, May 8th
From 6:30pm to 9:00pm*

*FOR FREE TICKET POLICY & PRICING INFORMATION*

- C-STORE OWNERS: BECOME AN APCA MEMBER AND ATTEND SHOW FOR FREE
- EXISTING MEMBERS: ENSURE YOUR 2024 MEMBERSHIP DUES ARE CURRENT
- MULTIPLE STORE OWNERS: ENROLL ALL STORES WITH APCA TO GET TWO ADDITIONAL FREE TICKETS PER STORE
- TO RECEIVE YOUR TWO FREE TICKETS, MUST ATTEND APCA TRADE SHOW ON MAY 8TH AT "THE BIG FRESNO FAIR, FRESNO"
- ADDITIONAL TICKETS: OF DISCOUNTED PRICE OF $50 CAN BE PURCHASED AT ETIX.COM OR AT TRADE SHOW

*For More Information*

ANDY CHHIKARA: 559-259-4006 | BALWINDER SINGH: 559-718-9339 | PUNEET BAINS: 559-347-7728 | ROCKY MALHI: 916-792-8023
JASBIR SARAI: 209-675-0866 | AMRIT DHALIWAL: 209-598-6980 | PAUL HAYER: 707-290-8530 | KEWAL KRISHAN: 510-290-7144

# ਕਾਹਲੋ ਅਤੇ ਚੰਦੀ ਪਰਿਵਾਰ ਰਿਸ਼ਤੇਦਾਰੀ 'ਚ ਬੱਝੇ

## ਉਦੈ ਰਾਜ ਸਿੰਘ ਅਤੇ ਅਮਨਦੀਪ ਕੌਰ ਦਾ ਹੋਇਆ ਸ਼ਗਨ ਸਮਾਗਮ







**ਮਰਸਡ, (ਪੰਜਾਬ ਮੇਲ)-** ਕੈਲੀਫੋਰਨੀਆ ਦੇ ਉੱਘੇ ਫਾਰਮਰ ਅਤੇ ਸਮਾਜ ਸੇਵਕ ਰਾਜ ਕਾਹਲੋਂ ਅਤੇ ਜੀਨਾ ਕਾਹਲੋਂ ਦੇ ਸਪੁੱਤਰ ਉਦੈ ਰਾਜ ਸਿੰਘ ਕਾਹਲੋਂ ਦਾ ਰਿਸ਼ਤਾ ਅਮਨਦੀਪ ਕੌਰ ਚੰਦੀ ਸਪੁੱਤਰੀ ਨਛੱਤਰ ਸਿੰਘ ਚੰਦੀ ਅਤੇ ਸੁਜ਼ਾਨਾ ਕੌਰ ਚੰਦੀ ਨਾਲ ਨਿਸ਼ਚਿਤ ਹੋਇਆ ਹੈ। ਕਾਹਲੋਂ ਵਿਲਾ, ਮਰਸਡ ਵਿਖੇ ਹੋਏ ਇਸ ਸ਼ਾਨਦਾਰ ਸਮਾਗਮ ਵਿਚ ਦੂਰੋਂ-ਨੇੜਿਓਂ ਆਣ ਕੇ ਬਹੁਤ ਸਾਰੇ ਰਿਸ਼ਤੇਦਾਰਾਂ ਅਤੇ ਦੋਸਤਾਂ-ਮਿੱਤਰਾਂ ਨੇ ਸ਼ਿਰਕਤ ਕੀਤੀ ਅਤੇ ਕਾਹਲੋਂ ਪਰਿਵਾਰ ਅਤੇ ਚੰਦੀ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਸੁਭਾਗ ਜੋੜੀ ਦਾ ਵਿਆਹ ਜਲਦ ਹੀ ਹੋਣ ਜਾ ਰਿਹਾ ਹੈ।

# ਕੋਲੰਬੀਆ ਯੂਨੀਵਰਸਿਟੀ 'ਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀ ਪੁਲਿਸ ਨਾਲ ਭਿੜੇ

■ 100 ਤੋਂ ਵਧ ਗ੍ਰਿਫਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨ ਦੌਰਾਨ ਪ੍ਰਦਰਸ਼ਨਕਾਰੀਆਂ ਦੀ ਪੁਲਿਸ ਨਾਲ ਹੱਥੋਪਾਈ ਹੋਣ ਦੀ ਖਬਰ ਹੈ। ਇਕ ਲਾਅ ਇਨਫੋਰਸਮੈਂਟ ਅਫਸਰ ਅਨੁਸਾਰ ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਤਿਤਰ-ਬਿਤਰ ਕਰਨ ਲਈ ਯੂਨੀਵਰਸਿਟੀ ਵਿਚ ਦਾਖਲ ਹੋਈ ਤੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਵੱਲੋਂ 100 ਤੋਂ ਵਧ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਇਹ ਪ੍ਰਦਰਸ਼ਨ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ "ਮਿਨਓਚ" ਸ਼ਫਿਕ ਦੀ ਯਹੂਦੀਆਂ ਨਾਲ ਭੇਦਭਾਵ ਬਾਰੇ ਵਾਸ਼ਿੰਗਟਨ ਡੀ.ਸੀ. ਵਿਚ ਸਦਨ ਦੀ ਸਿੱਖਿਆ ਕਮੇਟੀ ਅੱਗੇ ਪੇਸ਼ੀ ਤੋਂ ਪਹਿਲਾਂ ਹੋਇਆ ਹੈ। ਪੁਲਿਸ ਅਫਸਰ ਅਨੁਸਾਰ ਕੁਝ ਪ੍ਰਦਰਸ਼ਨਕਾਰੀਆਂ ਨੂੰ ਬਿਨਾਂ ਕਿਸੇ ਵਿਰੋਧ ਦੇ ਹਿਰਾਸਤ ਵਿਚ ਲੈ ਲਿਆ ਗਿਆ। ਪ੍ਰਦਰਸ਼ਨਕਾਰੀ ਅਪਰ ਮੈਨਹਟਨ ਵਿਚ ਇਕੱਠੇ ਹੋਏ ਤੇ ਉਨ੍ਹਾਂ ਨੇ ਉਥੇ ਟੈਂਟ ਲਾ ਦਿੱਤੇ। ਇਸ ਉਪਰੰਤ ਇਸਰਾਈਲ ਸਮਰਥਕ ਸਮੂਹ ਵੀ ਉਥੇ ਪਹੁੰਚ ਗਿਆ। ਅਨੇਕਾਂ ਪ੍ਰਦਰਸ਼ਨਕਾਰੀਆਂ ਜਿਨ੍ਹਾਂ ਦੇ ਹੱਥਾਂ ਵਿਚ ਫਲਸਤੀਨੀ ਝੰਡੇ ਫੜੇ ਹੋਏ ਸਨ, ਦੀ ਪੁਲਿਸ ਅਫਸਰਾਂ ਨਾਲ ਬਹਿਸ ਹੋਈ ਤੇ ਕੁਝ ਪ੍ਰਦਰਸ਼ਨਕਾਰੀ ਪੁਲਿਸ ਅਫਸਰਾਂ ਨਾਲ ਭਿੜ ਗਏ।



ਪੁਲਿਸ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈਂਦੀ ਹੋਈ।

ਪੁਲਿਸ ਨੇ ਗ੍ਰਿਫਤਾਰ ਕੀਤੇ ਗਏ ਪ੍ਰਦਰਸ਼ਨਕਾਰੀਆਂ ਵਿਰੁੱਧ ਦਾਇਰ ਮਾਮਲੇ ਬਾਰੇ ਕੁਝ ਨਹੀਂ ਕਿਹਾ ਤੇ ਨਾ ਹੀ ਗ੍ਰਿਫਤਾਰੀਆਂ ਬਾਰੇ ਕੋਈ ਹੋਰ ਜਾਣਕਾਰੀ ਦਿੱਤੀ ਹੈ। ਇਸ ਘਟਨਾ ਤੋਂ ਬਾਅਦ ਯੂਨੀਵਰਸਿਟੀ ਵਿਚ ਸੁਰੱਖਿਆ ਸਖਤ ਕਰ ਦਿੱਤੀ ਗਈ ਹੈ ਤੇ ਕੈਂਪਸ ਦੇ ਗੇਟ ਬੰਦ ਕਰ ਦਿੱਤੇ ਗਏ ਹਨ। ਯੂਨੀਵਰਸਿਟੀ ਦਾ ਸ਼ਨਾਖਤੀ ਕਾਰਡ ਵਿਖਾ ਕੇ ਹੀ ਅੰਦਰ ਦਾਖਲ ਹੋਇਆ ਜਾ ਸਕਦਾ ਹੈ। ਇਸੇ ਦੌਰਾਨ ਕੋਲੰਬੀਆ ਯੂਨੀਵਰਸਿਟੀ ਦੇ ਪ੍ਰਧਾਨ ਨੇਮਤ "ਮਿਨਓਚ" ਸ਼ਫਿਕ ਨੇ ਕਿਹਾ ਹੈ ਕਿ ਉਸ ਨੇ ਪੁਲਿਸ ਨੂੰ ਇਕ ਪੱਤਰ ਲਿਖ ਕੇ ਪ੍ਰਦਰਸ਼ਨਕਾਰੀਆਂ ਨੂੰ ਉਥੋਂ ਹਟਾਉਣ ਲਈ ਕਿਹਾ ਸੀ। ਪ੍ਰਧਾਨ ਨੇ ਕਿਹਾ ਹੈ ਕਿ ਪ੍ਰਦਰਸ਼ਨਕਾਰੀ ਯੂਨੀਵਰਸਿਟੀ ਦੇ ਨਿਯਮਾਂ ਤੇ ਨੀਤੀਆਂ ਦੀ ਉਲੰਘਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੈ ਇਹ ਅਸਾਧਾਰਨ ਕਦਮ ਚੁੱਕਿਆ ਹੈ ਕਿਉਂਕਿ ਅਸਾਧਾਰਨ ਹਾਲਾਤ ਪੈਦਾ ਹੋ ਗਏ ਸਨ।


ਸੱਦਾ ਪੱਤਰ

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

ਸਥਾਨ : Pooja Restaurant, 1223 Merkely Ave. West Sacramento, 95691

ਪ੍ਰੋਗਰਾਮ
- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

# ਅਮਰੀਕੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵੱਲੋਂ ਗਾਜ਼ਾ ਯੁੱਧ 'ਚ ਇਜ਼ਰਾਇਲ ਦਾ ਸਮਰਥਨ ਕਰਨ ਲਈ ਬਾਇਡਨ ਸਰਕਾਰ ਦੀਆਂ ਨੀਤੀਆਂ ਵਿਰੁੱਧ ਪ੍ਰਦਰਸ਼ਨ

■ 133 ਵਿਦਿਆਰਥੀਆਂ ਦੀਆਂ ਹੋਈਆਂ ਗ੍ਰਿਫ਼ਤਾਰੀਆਂ




**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)**- ਗਾਜ਼ਾ 'ਤੇ ਇਜ਼ਰਾਈਲ ਦੇ ਹਮਲਿਆਂ ਦੀ ਘਟਨਾ ਨੇ ਹਾਲ ਹੀ 'ਚ ਅਮਰੀਕਾ ਨੂੰ ਬਹੁਤ ਵੱਡਾ ਝਟਕਾ ਦਿੱਤਾ ਹੈ। ਗਾਜ਼ਾ 'ਤੇ ਹਮਲਿਆਂ ਦੇ ਖਿਲਾਫ ਅਮਰੀਕਾ 'ਚ ਵਿਰੋਧ ਪ੍ਰਦਰਸ਼ਨ ਸਿਖਰ 'ਤੇ ਪਹੁੰਚ ਗਏ ਹਨ। ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ। ਯੇਲ, ਐੱਮ.ਆਈ.ਟੀ., ਹਾਰਵਰਡ ਅਤੇ ਕੋਲੰਬੀਆ ਯੂਨੀਵਰਸਿਟੀਆਂ ਵਿਚ ਪੜ੍ਹਾਈ ਮੁਅੱਤਲ ਕਰ ਦਿੱਤੀ ਗਈ ਹੈ। ਤਣਾਅਪੂਰਨ ਸਥਿਤੀ ਨੂੰ ਦੇਖਦਿਆਂ 133 ਵਿਦਿਆਰਥੀਆਂ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ। ਵੇਰਵਿਆਂ ਅਨੁਸਾਰ ਅਮਰੀਕਾ 'ਚ ਵਿਦਿਆਰਥੀਆਂ ਨੇ ਗਾਜ਼ਾ 'ਤੇ ਹਮਲਿਆਂ ਦੇ ਮੱਦੇਨਜ਼ਰ ਇਜ਼ਰਾਈਲ ਦੇ ਸਮਰਥਨ ਵਿਚ ਬਾਇਡਨ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਨੀਤੀਆਂ ਦਾ ਵਿਰੋਧ ਕੀਤਾ। ਉਨ੍ਹਾਂ ਨੇ ਸੜਕਾਂ 'ਤੇ ਆ ਕੇ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਕੀਤੇ। ਇਸ ਮੌਕੇ ਰੋਸ ਪ੍ਰਦਰਸ਼ਨਾਂ ਦੇ ਹਿੱਸੇ ਵਜੋਂ ਉਹ ਮੰਗ ਕਰ ਰਹੇ ਹਨ ਕਿ ਬੇਕਸੂਰ ਫਲਸਤੀਨੀ ਔਰਤਾਂ ਅਤੇ ਬੱਚਿਆਂ ਦੀਆਂ ਮੌਤਾਂ ਲਈ ਬਾਇਡਨ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ। ਇਸ ਦੌਰਾਨ ਅਮਰੀਕਾ ਦੀਆਂ ਯੇਲ, ਐੱਮਆਈਟੀ, ਹਾਰਵਰਡ, ਕੋਲੰਬੀਆ ਅਤੇ ਹੋਰ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਨੇ ਰੋਸ ਪ੍ਰਦਰਸ਼ਨ ਕੀਤਾ। ਇਸ ਕਾਰਨ ਕਾਫੀ ਤਣਾਅਪੂਰਨ ਸਥਿਤੀ ਬਣੀ ਹੋਈ ਹੈ। ਇਸ ਕਾਰਨ ਮੈਦਾਨ ਵਿੱਚ ਦਾਖ਼ਲ ਹੋਈ ਪੁਲੀਸ ਨੇ 133 ਦੇ ਕਰੀਬ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਨਾਲ ਹੀ, ਵਿਦਿਆਰਥੀਆਂ ਦੀਆਂ ਚਿੰਤਾਵਾਂ ਨਾਲ ਸਬੰਧਤ ਫੋਟੋਆਂ ਅਤੇ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਹਨ। ਦੂਜੇ ਪਾਸੇ ਕੋਲੰਬੀਆ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਦੇ ਵਿਰੋਧ ਦੇ ਮੱਦੇਨਜ਼ਰ ਕਲਾਸਰੂਮ ਬੰਦ ਕਰ ਦਿੱਤੇ ਗਏ। ਬਾਕੀ ਸਮੈਸਟਰ ਲਈ ਹਾਈਬ੍ਰਿਡ ਵਿਧੀ ਦਾ ਪਾਲਣ ਕੀਤਾ ਜਾਵੇਗਾ। ਕੋਲੰਬੀਆ ਯੂਨੀਵਰਸਿਟੀ ਦੇ ਪ੍ਰਧਾਨ ਨੇ ਕਿਹਾ ਕਿ ਕਲਾਸਾਂ ਆਨਲਾਈਨ ਹੋਣਗੀਆਂ। ਇਸ ਦੌਰਾਨ ਗਾਜ਼ਾ 'ਤੇ ਜੰਗ ਦੇ ਖਿਲਾਫ ਕਈ ਕਾਲਜਾਂ 'ਚ ਤਣਾਅ ਵਧ ਰਿਹਾ ਹੈ। ਵਿਦਿਆਰਥੀ ਯੂਨੀਵਰਸਿਟੀਆਂ ਦੇ ਰੋਜ਼ਾਨਾ ਦੇ ਕੰਮਕਾਜ ਵਿਚ ਵਿਘਨ ਪਾ ਰਹੇ ਹਨ। ਬੀਤੇ ਦਿਨੀਂ ਸੋਮਵਾਰ ਨੂੰ ਵਿਦਿਆਰਥੀਆਂ ਦੇ ਨਾਲ਼ ਪ੍ਰੋਫੈਸਰਾਂ ਨੇ ਵੀ ਫਲਸਤੀਨ ਪੱਖੀ ਪ੍ਰਦਰਸ਼ਨਾਂ ਵਿਚ ਹਿੱਸਾ ਲਿਆ। ਕੋਲੰਬੀਆ ਯੂਨੀਵਰਸਿਟੀ ਵਿਚ ਗ੍ਰਿਫਤਾਰੀਆਂ ਦੇ ਵਿਰੋਧ ਵਿਚ ਵਿਦਿਆਰਥੀਆਂ ਨੇ ਬੋਸਟਨ, ਹਾਰਵਰਡ ਅਤੇ ਮੈਸੇਚਿਉਸੇਟਸ ਯੂਨੀਵਰਸਿਟੀਆਂ ਵਿਚ ਕਲਾਸਾਂ ਦਾ ਬਾਈਕਾਟ ਕੀਤਾ। ਅਜਿਹਾ ਵੀ ਲੱਗਦਾ ਹੈ ਕਿ ਪੁਲਿਸ ਨਿਊਯਾਰਕ ਯੂਨੀਵਰਸਿਟੀ ਵਿਚ ਫਲਸਤੀਨ ਪੱਖੀ ਪ੍ਰਦਰਸ਼ਨਾਂ 'ਤੇ ਕਾਰਵਾਈ ਕਰ ਰਹੀ ਹੈ ਅਤੇ ਕਈ ਵਿਦਿਆਰਥੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਫਿਲਸਤੀਨ ਪੱਖੀ ਵਿਦਿਆਰਥੀਆਂ ਨੇ ਕੈਲੀਫੋਰਨੀਆ ਯੂਨੀਵਰਸਿਟੀ ਵਿਚ 15 ਟੈਂਟ ਲਗਾਏ। ਇਸ ਦੌਰਾਨ ਵ੍ਹਾਈਟ ਹਾਊਸ ਨੇ ਵਿਦਿਆਰਥੀਆਂ ਦੇ ਅੰਦੋਲਨ ਤੋਂ ਇਨਕਾਰ ਕੀਤਾ ਹੈ।

# ਐਰੀਜ਼ੋਨਾ 'ਚ ਕਾਰ ਸੜਕ ਹਾਦਸੇ ਦੌਰਾਨ ਤੇਲੰਗਾਨਾ ਦੇ 2 ਨੌਜਵਾਨਾਂ ਦੀ ਮੌਤ






**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ ਵਿਚ ਪੜ੍ਹ ਰਹੇ ਤੇਲੰਗਾਨਾ ਦੇ ਦੋ ਵਿਦਿਆਰਥੀਆਂ ਦੀ ਸੜਕ ਹਾਦਸੇ ਵਿਚ ਮੌਤ ਹੋ ਜਾਣ ਦੀ ਇਕ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਹ ਹਾਦਸਾ ਰਾਤ ਨੂੰ ਵਾਪਰਿਆ। ਮਰਨ ਵਾਲੇ ਨੌਜਵਾਨ ਵਿਦਿਆਰਥੀਆਂ ਦੀ ਪਛਾਣ ਕਰੀਮਨਗਰ ਜ਼ਿਲ੍ਹੇ ਦੇ ਨਿਵੇਸ਼ (20) ਅਤੇ ਜਨਗਾਮਾ ਦੇ ਗੌਤਮ ਕੁਮਾਰ (19) ਦੇ ਵਜੋਂ ਹੋਈ ਹੈ। ਮਰਨ ਵਾਲੇ ਇਹ ਵਿਦਿਆਰਥੀ ਅਮਰੀਕਾ ਦੀ ਐਰੀਜ਼ੋਨਾ ਸਟੇਟ ਯੂਨੀਵਰਸਿਟੀ ਵਿਚ ਬੀ.ਟੈਕ ਦੇ ਦੂਜੇ ਸਾਲ ਦੀ ਪੜ੍ਹਾਈ ਕਰ ਰਹੇ ਸਨ। ਜਾਣਕਾਰੀ ਮੁਤਾਬਕ, ਬੀਤੀ ਰਾਤ ਵੇਲੇ ਉਹ ਆਪਣੇ ਦੋਸਤਾਂ ਦੇ ਨਾਲ ਕਾਰ 'ਚ ਯੂਨੀਵਰਸਿਟੀ ਤੋਂ ਘਰ ਆ ਰਹੇ ਸਨ। ਇਹ ਹਾਦਸਾ ਉਸ ਵੇਲੇ ਵਾਪਰਿਆ। ਜਦੋਂ ਉਨ੍ਹਾਂ ਦੀ ਕਾਰ ਦੇ ਪਿੱਛੋਂ ਇਕ ਵਾਹਨ ਦੀ ਫੇਟ ਵੱਜਣ ਕਾਰਨ ਉਨ੍ਹਾਂ ਦੀ ਕਾਰ ਪਲਟ ਗਈ ਅਤੇ ਪਿੱਛੇ ਵਾਲੀ ਸੀਟ 'ਤੇ ਬੈਠੇ ਨਿਵੇਸ਼ ਅਤੇ ਗੌਤਮ ਕੁਮਾਰ ਨੂੰ ਤੇਜ਼ ਰਫ਼ਤਾਰ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਕਾਰ ਵਿਚ ਸਵਾਰ ਦੋ ਹੋਰ ਨੌਜਵਾਨ ਵਿਦਿਆਰਥੀ ਵੀ ਗੰਭੀਰ ਜ਼ਖ਼ਮੀ ਹੋ ਗਏ, ਜੋ ਸਥਾਨਕ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਸਥਾਨਕ ਪੁਲਿਸ ਨੇ ਭਾਰਤ ਵਿਚ ਪੀੜਤ ਪਰਿਵਾਰਾਂ ਨੂੰ ਘਟਨਾ ਬਾਰੇ ਸੂਚਿਤ ਕੀਤਾ।

## ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਪਾਰ ਕਰਨ ਵਾਲੇ ਭਾਰਤੀਆਂ ਦੀ ਗਿਣਤੀ 'ਚ ਚਿੰਤਾਜਨਕ ਵਾਧਾ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਸੰਨ 2023 ਵਿਚ 30,010 ਭਾਰਤੀ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਏ ਸਨ, ਜਿਨ੍ਹਾਂ ਨੇ ਕੈਨੇਡਾ ਤੋਂ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਸਮੇਂ ਦੇ ਨਾਲ ਪਰਵਾਸ ਦਾ ਇਹ ਰੁਝਾਨ ਕਾਫੀ ਵਧਿਆ ਹੈ। ਮਹਾਂਮਾਰੀ ਦੇ ਸਮੇਂ ਦੌਰਾਨ ਇਹ ਸੰਖਿਆ 2225 ਦੇ ਕਰੀਬ ਸੀ। ਯੂ.ਐੱਸ. ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੀ ਰਿਪੋਰਟ ਦੇ ਅਨੁਸਾਰ ਇਸ ਵਿੱਤੀ ਸਾਲ 'ਚ 16,622 ਹੋਰ ਲੋਕ ਹੋਰ ਦਾਖਲ ਹੋਏ ਹਨ। ਭਾਰਤ ਸੰਯੁਕਤ ਰਾਜ ਅਮਰੀਕਾ ਵਿਚ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਵਾਲਾ ਇਹ ਤੀਜਾ ਸਭ ਤੋਂ ਵੱਡਾ ਦੇਸ਼ ਬਣ ਗਿਆ ਹੈ। ਇਸ ਦੇਸ਼ ਵਿਚ ਫਿਕਸਰਾਂ ਦੀ ਇੱਕ ਵੱਡੀ ਰਕਮ ਹੈ, ਜੋ ਪ੍ਰਵਾਸੀਆਂ ਨੂੰ ਗੈਰ-ਕਾਨੂੰਨੀ ਢੰਗ ਦੇ ਨਾਲ ਅਮਰੀਕਾ ਲਿਜਾਣ ਲਈ ਮੋਟੀ ਰਕਮ ਲੈਂਦੇ ਹਨ। ਇਸ ਤੋਂ ਇਲਾਵਾ, ਦਾਖਲੇ ਦੀਆਂ ਬੰਦਰਗਾਹਾਂ 'ਤੇ 28,380 ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦਾ ਸਾਹਮਣਾ ਹੋਇਆ ਹੈ, ਜਿਵੇਂ ਕਿ ਹਵਾਈ ਜਹਾਜ਼ ਰਾਹੀਂ ਪਹੁੰਚਣ ਵਾਲੇ ਲੋਕਾਂ ਦਾ, ਪ੍ਰਵਾਸੀ ਭਾਰਤੀ ਅਮਰੀਕਾ 'ਚ ਵੱਸਦੇ ਅਟਾਰਨੀ ਚਿਰਾਗ ਪਟੇਲ ਨੇ ਕਿਹਾ ਕਿ ਚੋਣਾਂ ਨੇੜੇ ਆਉਣ ਕਾਰਨ ਇਹ ਗਿਣਤੀ ਹੋਰ ਵੀ ਜ਼ਿਆਦਾ ਹੋ ਸਕਦੀ ਹੈ। ਭਾਰਤੀ ਦੂਤਘਰ ਨੇ ਇਮੀਗ੍ਰੇਸ਼ਨ ਦੇ ਇਸ ਕੇਸ ਵਿਰੁੱਧ ਲੜਨ ਲਈ ਅਮਰੀਕੀ ਸਰਕਾਰ ਨਾਲ ਸਹਿਯੋਗ ਕਰਨ ਲਈ ਵੀ ਸਹਿਮਤੀ ਦਿੱਤੀ ਹੈ। ਮੁੱਖ ਤੌਰ 'ਤੇ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਲੋਕ ਮੌਕਿਆਂ ਦੀ ਚਮਕ ਕਾਰਨ ਪਹਿਲੀ ਦੁਨੀਆਂ ਦੇ ਦੇਸ਼ ਤੱਕ ਪਹੁੰਚਣ ਲਈ (ਅਮਰੀਕਾ) ਲਈ ਇਹ ਸਾਰੇ ਗੈਰ-ਕਾਨੂੰਨੀ ਤਰੀਕੇ ਅਪਣਾਉਂਦੇ ਹਨ ਅਤੇ ਆਪਣੀ ਬਿਹਤਰ ਜ਼ਿੰਦਗੀ ਅਤੇ ਬਿਹਤਰ ਕਰੀਅਰ ਦਾ ਪਹਿਲੂ ਉਨ੍ਹਾਂ ਨੂੰ ਇੰਨਾ ਪਾਗਲ ਬਣਾ ਦਿੰਦਾ ਹੈ ਕਿ ਉਹ, ਖਾਸ ਤੌਰ 'ਤੇ ਮੱਧ ਵਰਗ ਪਰਿਵਾਰਾਂ ਦੇ ਲੋਕ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਦਾ ਇਹ ਮਾਰਗ ਚੁਣਦੇ ਹਨ।

Global Allianz
ਕਾਨੂੰਨੀ ਸਲਾਹ
LAW FIRM LLP
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

Designed By Punjab Mail USA

# ਅਮਰੀਕਾ ਦੇ ਨੈਸ਼ਨਲ ਏਅਰਪੋਰਟ 'ਤੇ ਦੋ ਜਹਾਜ਼ਾਂ ਵਿਚਾਲੇ ਹਾਦਸਾ ਮਸਾਂ ਟਲਿਆ

**■ ਗਲਤੀ ਕਾਰਨ ਇਕੋ ਪੱਟੜੀ 'ਤੇ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਦਿੱਤੀ ਹਰੀ ਝੰਡੀ**

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਅਮਰੀਕਾ ਦੇ ਰੋਨਾਲਡ ਰੀਗਨ ਨੈਸ਼ਨਲ ਏਅਰੋਪਰਟ 'ਤੇ ਇਕੋ ਪੱਟੜੀ ਉਪਰ 2 ਜਹਾਜ਼ਾਂ ਨੂੰ ਉਡਾਣ ਭਰਨ ਲਈ ਹਰੀ ਝੰਡੀ ਮਿਲਣ ਉਪਰੰਤ ਤੁਰੰਤ ਗਲਤੀ ਦਾ ਅਹਿਸਾਸ ਹੋਣ 'ਤੇ ਜਹਾਜ਼ਾਂ ਨੂੰ ਇਕ ਦੂਸਰੇ ਤੋਂ ਕੁਝ ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਘਟਨਾ ਦੀ ਫੈਡਰਲ



ਰੋਨਾਲਡ ਰੀਗਨ ਨੈਸ਼ਨਲ ਏਅਰਪੋਰਟ ਦਾ ਬਾਹਰੀ ਦ੍ਰਿਸ਼।

ਐਵੀਏਸ਼ਨ ਐਡਮਨਿਸਟ੍ਰੇਸ਼ਨ ਜਾਂਚ ਕਰੇਗਾ। ਸਵੇਰ 7.40 ਵਜੇ ਏਅਰਪੋਰਟ ਦੇ ਕੰਟਰੋਲਰ ਨੇ ਜੈੱਟ ਬਲਿਊ ਏਅਰਵੇਅਜ ਫਲਾਈਟ ਨੂੰ ਉਡਾਣ ਭਰਨ ਦੀ ਇਜਾਜ਼ਤ ਦਿੱਤੀ। ਇਸੇ ਸਮੇ 'ਤੇ ਹੀ ਟੈਕਸਿੰਗ ਏਅਰਕਰਾਫਟ ਦੇ ਕੰਟਰੋਲਰ ਨੇ ਸਾਊਥਵੈਸਟ ਏਅਰਲਾਈਨ ਜੈੱਟ ਨੂੰ ਉਸੇ ਹੀ ਪੱਟੜੀ ਉਪਰ ਉਡਾਨ ਭਰਨ ਲਈ ਹਰੀ ਝੰਡੀ ਦੇ ਦਿੱਤੀ। ਤਕਰੀਬਨ 30 ਸਕਿੰਟ ਬਾਅਦ ਗਲਤੀ ਦਾ ਅਹਿਸਾਸ ਹੋਣ 'ਤੇ ਕੰਟਰੋਲਰ ਨੇ ਦੋਨਾਂ ਜਹਾਜ਼ ਨੂੰ ਤੁਰੰਤ ਰੋਕ ਦੇਣ ਦਾ ਆਦੇਸ਼ ਦਿੱਤਾ। ਦੋਨਾਂ ਜਹਾਜ਼ਾਂ ਨੂੰ ਤਕਰੀਬਨ 400 ਫੁੱਟ ਦੀ ਦੂਰੀ ਉਪਰ ਰੋਕ ਲਿਆ ਗਿਆ। ਇਸ ਉਪਰੰਤ ਏਅਰਪੋਰਟ ਦੇ ਕੰਟਰੋਲਰ ਨੇ ਸੁੱਖ ਦਾ ਸਾਹ ਲਿਆ। ਜੇਕਰ ਸਮੇਂ ਸਿਰ ਪਤਾ ਨਾ ਲੱਗਦਾ, ਤਾਂ ਵੱਡਾ ਹਾਦਸਾ ਵਾਪਰ ਸਕਦਾ ਸੀ।

# ਅਮਰੀਕਾ 'ਚ ਡਾਰਕ ਵੈੱਬ ਰਾਹੀਂ ਪਾਬੰਦੀਸ਼ੁਦਾ ਪਦਾਰਥ ਵੇਚਣ ਦੇ ਦੋਸ਼ ਹੇਠ ਭਾਰਤੀ ਨਾਗਰਿਕ ਨੂੰ 5 ਸਾਲ ਦੀ ਜੇਲ੍ਹ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਇਕ 40 ਸਾਲਾ ਭਾਰਤੀ ਨਾਗਰਿਕ ਨੂੰ 'ਡਾਰਕ ਵੈੱਬ ਮਾਰਕਿਟਪਲੇਸ' 'ਤੇ ਪਾਬੰਦੀਸ਼ੁਦਾ ਪਦਾਰਥ ਵੇਚਣ ਦੇ ਦੋਸ਼ 'ਚ 5 ਸਾਲ ਦੀ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਕੋਲੋਂ ਲਗਭਗ 15 ਕਰੋੜ ਅਮਰੀਕੀ ਡਾਲਰ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ ਹੈ। ਡਾਰਕ ਵੈੱਬ ਇੰਟਰਨੈੱਟ ਦਾ ਉਹ ਹਿੱਸਾ ਹੈ, ਜਿਸ ਤੱਕ ਸਾਧਾਰਨ ਸਰਚ ਇੰਜਣ ਨਹੀਂ ਪਹੁੰਚ ਪਾਉਂਦਾ ਅਤੇ ਇਸ ਤੱਕ ਵਿਸ਼ੇਸ਼ ਵੈੱਬ ਬ੍ਰਾਊਜ਼ਰ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਹਲਦਵਾਨੀ ਦੇ ਬਨਮੀਤ ਸਿੰਘ ਨੂੰ ਅਮਰੀਕਾ ਦੀ ਬੇਨਤੀ 'ਤੇ ਅਪ੍ਰੈਲ 2019 'ਚ ਲੰਡਨ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਮਾਰਚ 2023 ਵਿਚ ਅਮਰੀਕਾ ਹਵਾਲੇ ਕੀਤਾ ਗਿਆ।

ਉਸਨੇ ਪਾਬੰਦੀਸ਼ੁਦਾ ਪਦਾਰਥਾਂ ਨੂੰ ਵੇਚਣ ਅਤੇ ਮਨੀ ਲਾਂਡਰਿੰਗ ਦੀ ਸਾਜਿਸ਼ ਦੇ ਦੋਸ਼ਾਂ ਨੂੰ ਜਨਵਰੀ ਵਿਚ ਸਵੀਕਾਰ ਕੀਤਾ। ਪਾਬੰਦੀਸ਼ੁਦਾ ਪਦਾਰਥ ਆਮ ਤੌਰ 'ਤੇ ਅਜਿਹੀ ਦਵਾਈ ਜਾਂ ਰਸਾਇਣ ਹੁੰਦਾ ਹੈ, ਜਿਸਦਾ ਨਿਰਮਾਣ ਅਤੇ ਵਰਤੋਂ ਸਰਕਾਰ ਵੱਲੋਂ ਨਿਯੰਤਰਿਤ ਕੀਤੀ ਜਾਂਦੀ ਹੈ। ਅਦਾਲਤੀ ਦਸਤਾਵੇਜ਼ਾਂ ਅਤੇ ਅਦਾਲਤ ਵਿਚ ਦਿੱਤੇ ਬਿਆਨਾਂ ਦੇ ਅਨੁਸਾਰ, ਬਨਮੀਤ ਨੇ ਫੈਂਟਾਨਿਲ, ਐੱਲ.ਐੱਸ.ਡੀ., ਐਕਸਟਸੀ, ਜ਼ੈਨੈਕਸ, ਕੇਟਾਮਾਈਨ ਅਤੇ ਟ੍ਰਾਮਾਡੋਲ ਵਰਗੇ ਨਿਯੰਤਰਿਤ ਪਦਾਰਥਾਂ ਨੂੰ ਵੇਚਣ ਲਈ ਸਿਲਕ ਰੋਡ, ਅਲਫ਼ਾ ਬੇ, ਹੰਸਾ ਅਤੇ ਕਈ ਹੋਰ ਡਾਰਕ ਵੈੱਬ ਮਾਰਕਿਟਪਲੇਸ 'ਤੇ ਵਿਕਰੇਤਾ ਮਾਰਕੀਟਿੰਗ ਸਾਈਟਾਂ ਬਣਾਈਆਂ। ਗਾਹਕਾਂ ਨੇ ਇਨ੍ਹਾਂ ਸਾਈਟਾਂ ਦੀ ਵਰਤੋਂ ਕਰਕੇ ਸਿੰਘ ਤੋਂ ਆਰਡਰ ਕੀਤੀਆਂ ਦਵਾਈਆਂ ਲਈ ਕ੍ਰਿਪਟੋਕਰੰਸੀ ਰਾਹੀਂ ਭੁਗਤਾਨ ਕੀਤਾ। ਇਸ ਤੋਂ ਬਾਅਦ ਸਿੰਘ ਨੇ ਨਿੱਜੀ ਤੌਰ 'ਤੇ ਯੂ.ਐੱਸ. ਮੇਲ ਜਾਂ ਹੋਰ ਸ਼ਿਪਿੰਗ ਸੇਵਾਵਾਂ ਰਾਹੀਂ ਯੂਰਪ ਤੋਂ ਅਮਰੀਕਾ ਤੱਕ ਨਸ਼ਿਆਂ ਦੀ ਸ਼ਿਪਮੈਂਟ ਦਾ ਪ੍ਰਬੰਧ ਕੀਤਾ। ਇਕ ਅਧਿਕਾਰੀ ਨੇ ਦੱਸਿਆ ਕਿ ਬਨਮੀਤ ਨੇ ਇਸ ਕੰਮ ਰਾਹੀਂ ਕਰੀਬ 15 ਕਰੋੜ ਅਮਰੀਕੀ ਡਾਲਰ ਕਮਾਏ।

## ਭਾਰਤੀ-ਅਮਰੀਕੀ ਕਾਰੋਬਾਰੀ ਨੂੰ ਰਿਸ਼ਵਤਖੋਰੀ ਅਤੇ ਟੈਕਸ ਚੋਰੀ ਦੇ ਦੋਸ਼ 'ਚ ਸਜ਼ਾ

**ਵਾਸ਼ਿੰਗਟਨ, (ਪੰਜਾਬ ਮੇਲ)**- ਇਕ ਭਾਰਤੀ-ਅਮਰੀਕੀ ਕਾਰੋਬਾਰੀ ਨੂੰ ਰਿਸ਼ਵਤਖੋਰੀ ਅਤੇ ਟੈਕਸ ਚੋਰੀ ਦੇ ਦੋਸ਼ 'ਚ 18 ਮਹੀਨਿਆਂ ਦੀ ਪ੍ਰੋਬੇਸ਼ਨ ਅਤੇ 200 ਘੰਟੇ ਦੀ ਕਮਿਊਨਿਟੀ ਸੇਵਾ ਦੀ ਸਜ਼ਾ ਸੁਣਾਈ ਗਈ ਹੈ। ਅਮਰੀਕੀ ਨਿਆਂ ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਅਰਮਾਨ ਅਮੀਰਸ਼ਾਹੀ (46) ਲੰਬੇ ਸਮੇਂ ਤੋਂ ਰਿਸ਼ਵਤਖੋਰੀ ਦੀਆਂ ਕਈ ਯੋਜਨਾਵਾਂ ਵਿਚ ਸ਼ਾਮਲ ਸੀ।

ਇਨ੍ਹਾਂ ਯੋਜਨਾਵਾਂ ਨੂੰ ਮੈਰੀਲੈਂਡ ਸਥਿਤ ਕੈਪੀਟਲ ਹਾਈਟਸ ਦੇ ਐਂਥਨੀ ਮੈਰਿਟ ਅਤੇ ਡੀ.ਸੀ. ਆਫਿਸ ਆਫ ਟੈਕਸ ਐਂਡ ਰੈਵੇਨਿਊ (ਓ.ਟੀ.ਆਰ.) ਦੇ ਸਾਬਕਾ ਮੈਨੇਜਰ ਵਿਨਸੈਂਟ ਸਲੇਟਰ ਨੇ ਬਣਾਇਆ ਸੀ। ਯੋਜਨਾਵਾਂ ਤਹਿਤ ਅਮੀਰਸ਼ਾਹੀ ਦੇ ਇਲਾਵਾ ਚਾਰਲਸ ਝੂ, ਆਂਦਰੇ ਡੀ ਮੋਆ ਅਤੇ ਦਾਊਦ ਜਾਫ਼ਰੀ ਨਾਂ ਦੇ ਕਾਰੋਬਾਰੀਆਂ ਨੇ ਵਪਾਰਕ ਟੈਕਸਾਂ ਤੋਂ ਬਚਣ ਲਈ ਵਿਚੋਲੇ ਮੈਰਿਟ ਰਾਹੀਂ ਸਲੇਟਰ ਨੂੰ ਰਿਸ਼ਵਤ ਦਿੱਤੀ। ਅਮੀਰਸ਼ਾਹੀ ਨੇ ਜਨਵਰੀ 2019 ਵਿਚ ਆਪਣਾ ਜੁਰਮ ਕਬੂਲ ਕਰ ਲਿਆ ਸੀ।

# ਢਾਈ ਦਹਾਕਿਆਂ ਦੌਰਾਨ ਪ੍ਰਧਾਨ ਦੀ ਕੁਰਸੀ ਦਾ ਆਨੰਦ ਮਾਣਨ ਵਾਲੇ ਜ਼ਿਆਦਾਤਰ ਆਗੂਆਂ ਨੇ ਕਾਂਗਰਸ ਛੱਡੀ

**ਚੰਡੀਗੜ੍ਹ, (ਪੰਜਾਬ ਮੇਲ)**- ਕੌਮੀ ਪੱਧਰ 'ਤੇ ਕਈ ਵੱਡੇ ਕੱਦ ਦੇ ਆਗੂ ਕਾਂਗਰਸ ਦਾ ਹੱਥ ਛੱਡ ਚੁੱਕੇ ਹਨ। ਪੰਜਾਬ ਕਾਂਗਰਸ ਵਿਚ ਪਿਛਲੇ ਢਾਈ ਦਹਾਕਿਆਂ ਦੌਰਾਨ ਪ੍ਰਧਾਨ ਦੀ ਕੁਰਸੀ ਦਾ ਅਨੰਦ ਮਾਣਨ ਵਾਲੇ ਜ਼ਿਆਦਾਤਰ ਆਗੂ ਕਾਂਗਰਸ ਨੂੰ ਅਲਵਿਦਾ ਕਹਿ ਚੁੱਕੇ ਹਨ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ ਤੇ ਨਵਜੋਤ ਸਿੱਧੂ ਹੀ ਕਾਂਗਰਸ ਪਾਰਟੀ ਦਾ ਹਿੱਸਾ ਹਨ। ਨਵਜੋਤ ਸਿੱਧੂ ਭਾਵੇਂ ਕਾਂਗਰਸ ਦਾ ਹਿੱਸਾ ਹਨ ਪਰ ਉਨ੍ਹਾਂ ਚੋਣ ਪ੍ਰਚਾਰ ਤੋਂ ਚੁੱਪੀ ਵੱਟੀ ਹੋਈ ਹੈ ਤੇ ਅੱਜਕੱਲ੍ਹ ਉਹ ਆਈ.ਪੀ.ਐੱਲ. ਮੈਚਾਂ ਦੀ ਕੁਮੈਂਟਰੀ ਕਰਨ 'ਚ ਰੁੱਝੇ ਹੋਏ ਹਨ, ਜਦਕਿ ਤਿੰਨ ਵਾਰੀ ਪਾਰਟੀ ਪ੍ਰਧਾਨਗੀ ਦਾ ਨਿੱਘ ਮਾਨਣ ਵਾਲੇ ਤੇ ਦੋ ਵਾਰ ਮੁੱਖ ਮੰਤਰੀ ਬਣਨ ਵਾਲੇ ਕੈਪਟਨ ਅਮਰਿੰਦਰ ਵੀ ਕਾਂਗਰਸੀ ਸੈਨਾ ਨੂੰ ਛੱਡ ਚੁੱਕੇ ਹਨ।

ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਹੀ ਨਹੀਂ, ਜ਼ਿਲ੍ਹਾ ਤੇ ਬਲਾਕ ਪੱਧਰ ਦੇ ਆਗੂ ਵੀ ਦੂਜੀਆਂ ਪਾਰਟੀਆਂ ਵਿਚ ਸ਼ਾਮਲ ਹੋ ਰਹੇ ਹਨ। ਜੋ ਵੀ ਹੈ, ਇਕ ਗੱਲ ਸਪੱਸ਼ਟ ਹੈ ਕਿ ਸਿਆਸਤਦਾਨਾਂ ਨੂੰ ਪਾਰਟੀ ਦੀਆਂ ਨੀਤੀਆਂ ਨਹੀਂ



ਆਪਣੀਆਂ ਕੁਰਸੀਆਂ ਤੇ ਕੱਦ ਪਿਆਰਾ ਹੈ।

ਮਿਲੀ ਜਾਣਕਾਰੀ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਸਾਲ 1999 ਤੋਂ 2002, ਫਿਰ 2010 ਤੋਂ 2013 ਤੇ 2015 ਤੋਂ 2017 ਤੱਕ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਤੇ ਦੋ ਵਾਰ ਮੁੱਖ ਮੰਤਰੀ ਬਣੇ। ਸਾਲ 2021 ਵਿਚ ਕਾਂਗਰਸ ਹਾਈ ਕਮਾਨ ਨੇ ਨਵਾਂ ਤਜ਼ਰਬਾ ਕਰਦੇ ਹੋਏ ਕੈਪਟਨ ਦੀ ਥਾਂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਸੀ। ਕਾਂਗਰਸ ਦੇ ਇਸ ਫ਼ੈਸਲੇ ਦੇ ਉਲਟ ਕੈਪਟਨ ਨੇ ਕਾਂਗਰਸ ਨੂੰ ਅਲਵਿਦਾ ਕਹਿ ਦਿੱਤਾ। ਇਕੱਲੇ ਕੈਪਟਨ ਨੇ ਹੀ ਕਾਂਗਰਸ ਦਾ ਸਾਥ ਨਹੀਂ ਛੱਡਿਆ, ਬਲਕਿ ਸਾਰਾ ਟੱਬਰ ਭਾਜਪਾ 'ਚ ਸ਼ਾਮਲ ਹੋ ਗਿਆ। ਇਸੇ ਤਰ੍ਹਾਂ 2002 ਤੋਂ 2005 ਤੱਕ ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਰਹੇ, ਜੋ ਕਿ ਫਿਰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਸਨ ਤੇ ਅੱਜਕੱਲ੍ਹ ਪੇਡਾ ਦੇ ਚੇਅਰਮੈਨ ਹਨ। ਸਾਲ 2005 ਤੋਂ 2008 ਤੱਕ ਸ਼ਮਸ਼ੇਰ ਸਿੰਘ ਦੂਲੋ ਨੇ ਕਾਂਗਰਸ ਦੀ ਕਮਾਨ ਸੰਭਾਲੀ। ਉਨ੍ਹਾਂ ਤੋਂ ਬਾਅਦ ਦੋ ਸਾਲ 2010 ਤੱਕ ਮਹਿੰਦਰ ਸਿੰਘ ਕੇ.ਪੀ. ਪ੍ਰਧਾਨ ਰਹੇ, ਜੋ ਬੀਤੇ ਦਿਨੀਂ ਹੀ ਕਾਂਗਰਸ ਦਾ ਹੱਥ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਇਵੇਂ ਹੀ 2010 ਤੋਂ 2013 ਤੱਕ ਫਿਰ ਕੈਪਟਨ ਹੱਥ ਕਮਾਨ ਆਈ। ਸਾਲ 2013 ਤੋਂ 2015 ਤੱਕ ਪ੍ਰਤਾਪ ਸਿੰਘ ਬਾਜਵਾ ਪ੍ਰਧਾਨ ਰਹੇ। ਉਸ ਤੋਂ ਬਾਅਦ ਵਿਧਾਨ ਸਭਾ ਦੀਆਂ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਨੇ 2015 ਤੋਂ 2017 ਤੱਕ ਤੀਜੀ ਵਾਰੀ ਕੈਪਟਨ ਅਮਰਿੰਦਰ ਸਿੰਘ 'ਤੇ ਭਰੋਸਾ ਪ੍ਰਗਟ ਕੀਤਾ। ਕੈਪਟਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ 2017 ਤੋਂ 2021 ਤੱਕ ਕਰੀਬ 4 ਸਾਲ ਸੁਨੀਲ ਜਾਖੜ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ ਪਰ ਉਹ ਵੀ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾਏ ਜਾਣ ਦੇ ਰੋਸ ਵਜੋਂ ਕਾਂਗਰਸ ਨੂੰ ਅਲਵਿਦਾ ਆਖ ਗਏ ਸਨ, ਜੋ ਕਿ ਅੱਜਕੱਲ੍ਹ ਪੰਜਾਬ ਭਾਜਪਾ ਦੇ ਪ੍ਰਧਾਨ ਹਨ।

# ਭਾਰਤੀ-ਅਮਰੀਕੀ ਨਿਊਜਰਸੀ ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਨਿਯੁਕਤ

**ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)**- ਨਿਊਜਰਸੀ ਸੂਬੇ ਦੇ ਗਵਰਨਰ ਫਿਲ ਮਰਫੀ ਅਤੇ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ ਨੇ ਭਾਰਤੀ ਮੂਲ ਦੇ ਰਾਜਪਾਲ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕੀਤਾ ਹੈ। ਇਸ ਨਵੇਂ ਬਣੇ ਕਮਿਸ਼ਨ ਦਾ ਉਦੇਸ਼ ਦੁਵੱਲੇ ਵਪਾਰ ਅਤੇ ਨਿਵੇਸ਼ ਨੂੰ ਵਧਾ ਕੇ ਨਿਊਜਰਸੀ ਅਤੇ ਭਾਰਤ ਵਿਚਕਾਰ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ। ਗਵਰਨਰ ਮਰਫੀ ਨੇ ਕਿਹਾ ਕਿ ਭਾਈਚਾਰਕ ਰੁਝੇਵਿਆਂ ਅਤੇ ਵਕਾਲਤ ਵਿਚ ਇੱਕ ਮਜ਼ਬੂਤ ਪਿਛੋਕੜ ਦੇ ਨਾਲ, ਰਾਜਪਾਲ ਬਾਠ ਇਸ ਅਹੁਦੇ ਲਈ ਮਹੱਤਵਪੂਰਨ ਭੂਮਿਕਾ ਨਿਭਾਉਣਗੇ ਅਤੇ ਮੈਂ ਬਾਠ ਨੂੰ ਨਿਊਜਰਸੀ ਇੰਡੀਆ ਕਮਿਸ਼ਨ ਦਾ ਕਾਰਜਕਾਰੀ ਨਿਰਦੇਸ਼ਕ ਨਿਯੁਕਤ ਕਰਕੇ ਬਹੁਤ ਖੁਸ਼ ਹਾਂ। ਉਨ੍ਹਾਂ ਦਾ ਸਮਰਪਣ ਬਿਨਾਂ ਸ਼ੱਕ ਸਾਡੇ ਰਾਜ ਨੂੰ ਲਾਭ ਪਹੁੰਚਾਏਗਾ। ਮਰਫੀ ਨੇ ਅੱਗੇ ਕਿਹਾ ਕਿ



ਨਿਊਜਰਸੀ ਸੂਬੇ 'ਚ ਭਾਰਤੀ-ਅਮਰੀਕੀਆਂ ਦੀ ਲਗਾਤਾਰ ਵਧ ਰਹੀ ਹੈ। ਕਮਿਸ਼ਨ ਦਾ ਉਦੇਸ਼ ਨਿਊ ਜਰਸੀ ਅਤੇ ਭਾਰਤ ਵਿਚਕਾਰ ਸੱਭਿਆਚਾਰਕ ਅਤੇ ਵਿਦਿਅਕ ਅਦਾਨ-ਪ੍ਰਦਾਨ ਨੂੰ ਉਤਸ਼ਾਹਿਤ ਕਰਨਾ ਅਤੇ ਸਥਾਈ ਲੰਬੇ ਸਮੇਂ ਦੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੈ।

ਨਿਊਜਰਸੀ ਦੀ ਲੈਫਟੀਨੈਂਟ ਗਵਰਨਰ ਤਾਹੇਸ਼ਾ ਵੇਅ ਨੇ ਕਿਹਾ, "ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਸਕਾਰਾਤਮਕ ਤਬਦੀਲੀ ਲਿਆਉਣ ਲਈ ਰਾਜ ਦੀ ਵਚਨਬੱਧਤਾ ਰਾਜਪਾਲ ਬਾਠ ਨੂੰ ਇਸ ਅਹੁਦੇ ਲਈ ਆਦਰਸ਼ ਨੇਤਾ ਬਣਾਉਂਦੀ ਹੈ। ਮੈਂ ਕਮਿਸ਼ਨ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਕਰਦਾ ਹਾਂ। ਨਿਊਜਰਸੀ-ਇੰਡੀਆ ਕਮਿਸ਼ਨ ਦੀ ਚੇਅਰ ਵੇਸ ਮੈਥਿਊਜ਼ ਨੇ ਕਿਹਾ, 'ਨਿਊ ਜਰਸੀ ਇੰਡੀਆ ਕਮਿਸ਼ਨ ਨੂੰ ਰਾਜਪਾਲ ਬਾਠ ਦੀ ਅਗਵਾਈ ਵਿਚ ਬਹੁਤ ਮਾਣ ਮਹਿਸੂਸ ਹੋਇਆ ਹੈ। ਉਨ੍ਹਾਂ ਦੀ ਅਗਵਾਈ ਭਾਰਤੀ ਭਾਈਚਾਰੇ ਨਾਲ ਸਾਡੇ ਸਬੰਧਾਂ ਨੂੰ ਅਤੇ ਸੱਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਏਗੀ। ਨਿਊਜਰਸੀ-ਇੰਡੀਆ ਕਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਬਣੇ ਰਾਜ ਬਾਠ ਨੇ ਕਿਹਾ, 'ਮੈਂ ਗਵਰਨਰ ਮਰਫੀ, ਲੈਫਟੀਨੈਂਟ ਗਵਰਨਰ ਵੇਅ ਅਤੇ ਚੇਅਰ ਮੈਥਿਊਜ਼ ਦਾ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪਣ ਲਈ ਤਹਿ ਦਿਲੋਂ ਧੰਨਵਾਦੀ ਹਾਂ। ਮੈਂ ਸਾਡੇ ਵਿਭਿੰਨ ਭਾਈਚਾਰਿਆਂ ਦੀ ਸੇਵਾ ਕਰਨ ਲਈ ਉਤਸੁਕ ਹਾਂ।'

# ਅਮਰੀਕਾ ਵੱਲੋਂ ਪਾਕਿਸਤਾਨ ਨੂੰ ਬੈਲਿਸਟਿਕ ਮਿਜ਼ਾਈਲ ਸਮੱਗਰੀ ਸਪਲਾਈ ਕਰਨ ਵਾਲੀਆਂ ਸੰਸਥਾਵਾਂ 'ਤੇ ਪਾਬੰਦੀ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਪਾਕਿਸਤਾਨ ਨੂੰ ਕਥਿਤ ਤੌਰ 'ਤੇ ਸਾਇਰ ਬੈਲਿਸਟਿਕ ਮਿਜ਼ਾਈਲ ਸਮੱਗਰੀ ਦੀ ਸਪਲਾਈ ਕਰਨ ਵਾਲੀਆਂ 1 ਬੇਲਾਰੂਸੀ ਅਤੇ 3 ਚੀਨੀ ਸੰਸਥਾਵਾਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਵਿਦੇਸ਼ ਵਿਭਾਗ ਨੇ ਸ਼ੁੱਕਰਵਾਰ ਨੂੰ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ।


ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਬਿਆਨ ਵਿਚ ਕਿਹਾ, "ਅਸੀਂ ਕਾਰਜਕਾਰੀ ਆਦੇਸ਼ 13382 ਦੇ ਅਨੁਸਾਰ, 4 ਸੰਸਥਾਵਾਂ ਨੂੰ ਨਾਮਜ਼ਦ ਕਰ ਰਹੇ ਹਾਂ, ਜੋ ਸਮੂਹਿਕ ਵਿਨਾਸ਼ ਦੇ ਹਥਿਆਰਾਂ ਅਤੇ ਉਨ੍ਹਾਂ ਦੇ ਡਿਲਿਵਰੀ ਦੇ ਸਾਧਨਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਨ੍ਹਾਂ ਵਿਚੋਂ 3 ਸੰਸਥਾਵਾਂ ਪੀਪਲਜ਼ ਰੀਪਬਲਿਕ ਆਫ ਚਾਈਨਾ ਵਿਚ ਸਥਿਤ ਹਨ ਅਤੇ ਇੱਕ ਬੇਲਾਰੂਸ ਵਿਚ ਸਥਿਤ ਹੈ, ਜਿਨ੍ਹਾਂ ਨੇ ਪਾਕਿਸਤਾਨ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮਾਂ ਲਈ ਮਿਜ਼ਾਈਲ-ਸਮਰੱਥ ਸਮੱਗਰੀਆਂ ਦੀ ਸਪਲਾਈ ਕੀਤੀ ਹੈ, ਜਿਸ ਵਿਚ ਇਸਦੇ ਲੰਬੀ ਦੂਰੀ ਦੇ ਮਿਜ਼ਾਈਲ ਪ੍ਰੋਗਰਾਮ ਵੀ ਸ਼ਾਮਲ ਹਨ।"

ਮਿਲਰ ਨੇ ਕਿਹਾ ਕਿ ਇਹ ਪਾਬੰਦੀਆਂ ਬੇਲਾਰੂਸ ਸਥਿਤ ਮਿੰਸਕ ਵ੍ਹੀਲ ਟਰੈਕਟਰ ਪਲਾਂਟ ਦੇ ਨਾਲ-ਨਾਲ ਚੀਨ ਸਥਿਤ ਸ਼ੀਆਨ ਲੋਂਗਡੇ ਟੈਕਨਾਲੋਜੀ ਡਿਵੈਲਪਮੈਂਟ ਕੰਪਨੀ ਲਿਮਟਿਡ, ਤਿਆਨਜਿਨ ਕਰੀਏਟਿਵ ਸੋਰਸ ਇੰਟਰਨੈਸ਼ਨਲ ਟਰੇਡ ਕੰਪਨੀ ਲਿਮਟਿਡ ਅਤੇ ਗ੍ਰੈਨਪੈਕਟ ਕੰਪਨੀ ਲਿਮਟਿਡ 'ਤੇ ਲਗਾਈਆਂ ਗਈਆਂ ਹਨ।

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.



ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780
E-Mail: gurneknagra@yahoo.com
Web Page: gurneknagra.com

# ਸਾਲ 2022 ’ਚ ਲਗਭਗ 66 ਹਜ਼ਾਰ ਲੋਕਾਂ ਨੂੰ ਮਿਲੀ ਅਮਰੀਕੀ ਨਾਗਰਿਕਤਾ

**■ ਅਮਰੀਕੀ ਨਾਗਰਿਕਤਾ ਹਾਸਲ ਕਰਨ ਵਾਲੇ ਦੇਸ਼ਾਂ ’ਚ ਮੈਕਸੀਕੋ ਤੋਂ ਬਾਅਦ ਭਾਰਤ ਦੂਜੇ ਸਥਾਨ ’ਤੇ ਪਹੁੰਚਿਆ**

**ਵਾਸ਼ਿੰਗਟਨ, (ਪੰਜਾਬ ਮੇਲ)-** ਸਾਲ 2022 ਵਿਚ ਘੱਟੋ-ਘੱਟ 65,960 ਭਾਰਤੀ ਅਧਿਕਾਰਤ ਤੌਰ ’ਤੇ ਅਮਰੀਕੀ ਨਾਗਰਿਕ ਬਣ ਗਏ। ਇਸ ਨਾਲ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ ਹੈ, ਉਨ੍ਹਾਂ ਦੀ ਸੰਖਿਆ ਦੇ ਮਾਮਲੇ ਵਿਚ ਭਾਰਤ, ਮੈਕਸੀਕੋ ਤੋਂ ਬਾਅਦ ਦੂਜੇ ਸਥਾਨ ’ਤੇ ਪਹੁੰਚ ਗਿਆ। ਯੂ.ਐੱਸ. ਜਨਗਣਨਾ ਬਿਊਰੋ ਦੇ ਅਮਰੀਕਨ ਕਮਿਊਨਿਟੀ ਸਰਵੇਖਣ ਦੇ ਅੰਕੜਿਆਂ ਅਨੁਸਾਰ, 2022 ਵਿਚ ਵਿਦੇਸ਼ੀ ਮੂਲ ਦੇ ਅੰਦਾਜ਼ਨ 4 ਕਰੋੜ 60 ਲੱਖ ਲੋਕ ਅਮਰੀਕਾ ਵਿਚ ਰਹੇ, ਜੋ ਅਮਰੀਕਾ ਦੀ ਕੁੱਲ 33 ਕਰੋੜ 33 ਲੱਖ ਆਬਾਦੀ ਦਾ ਲਗਭਗ 14 ਫ਼ੀਸਦੀ ਹਿੱਸਾ ਹੈ।

ਸੁਤੰਤਰ ਕਾਂਗਰੇਸ਼ਨਲ ਰਿਸਰਚ ਸਰਵਿਸ (ਸੀ.ਆਰ.ਐੱਸ.) ਦੀ ਵਿੱਤੀ ਸਾਲ 2022 ਲਈ ‘ਯੂ.ਐੱਸ. ਨੈਚੁਰਲਾਈਜ਼ੇਸ਼ਨ ਪਾਲਿਸੀ’ (ਅਮਰੀਕੀ ਨਾਗਰਿਕਤਾ ਨੀਤੀ) ’ਤੇ 15 ਅਪ੍ਰੈਲ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, ਵਿੱਤੀ ਸਾਲ 2022 ਵਿਚ 9,69,380 ਵਿਅਕਤੀ ਅਮਰੀਕੀ ਨਾਗਰਿਕ ਬਣੇ। ਰਿਪੋਰਟ ਵਿਚ ਕਿਹਾ ਗਿਆ ਹੈ, “ਅਮਰੀਕੀ ਨਾਗਰਿਕਤਾ ਪ੍ਰਾਪਤ ਕਰਨ ਵਾਲੇ ਲੋਕਾਂ ਵਿਚ ਮੈਕਸੀਕੋ ਵਿਚ ਪੈਦਾ ਹੋਏ ਲੋਕਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਇਸ ਤੋਂ ਬਾਅਦ ਭਾਰਤ, ਫਿਲੀਪੀਨਜ਼, ਕਿਊਬਾ ਅਤੇ ਡੋਮਿਨਿਕਨ ਰੀਪਬਲਿਕ ਦੇ ਲੋਕਾਂ ਨੂੰ ਸਭ ਤੋਂ ਵੱਧ ਅਮਰੀਕੀ ਨਾਗਰਿਕਤਾ ਮਿਲੀ।”

ਸੀ.ਆਰ.ਐੱਸ. ਨੇ ਦੱਸਿਆ ਕਿ 2022 ਵਿਚ ਮੈਕਸੀਕੋ ਦੇ 1,28,878 ਨਾਗਰਿਕ ਅਮਰੀਕਾ ਦੇ ਨਾਗਰਿਕ ਬਣੇ। ਉਨ੍ਹਾਂ ਤੋਂ ਬਾਅਦ ਭਾਰਤ (65,960), ਫਿਲੀਪੀਨ (53,413), ਕਿਊਬਾ (46,913), ਡੋਮਿਨਿਕਨ ਰੀਪਬਲਿਕ (34,525), ਵੀਅਤਨਾਮ (33,246) ਅਤੇ ਚੀਨ (27,038) ਦੇ ਲੋਕਾਂ ਨੂੰ ਅਮਰੀਕੀ ਨਾਗਰਿਕਤਾ ਮਿਲੀ। ਉਨ੍ਹਾਂ ਕਿਹਾ ਕਿ 2023 ਤੱਕ ਵਿਦੇਸ਼ੀ ਮੂਲ ਦੇ ਅਮਰੀਕੀ ਨਾਗਰਿਕਾਂ ਵਿਚ ਭਾਰਤ ਦੇ ਲੋਕਾਂ ਦੀ ਗਿਣਤੀ 2,831,330 ਸੀ, ਜੋ ਕਿ ਮੈਕਸੀਕੋ (10,638,429) ਤੋਂ ਬਾਅਦ ਦੂਜੀ ਸਭ ਤੋਂ ਵੱਡੀ ਗਿਣਤੀ ਹੈ। ਇਸ ਤੋਂ ਬਾਅਦ ਇਸ ਸੂਚੀ ਵਿਚ ਚੀਨ (2,225,447) ਦਾ ਨੰਬਰ ਆਉਂਦਾ ਹੈ। ਸੀ.ਆਰ.ਐੱਸ. ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਲਗਭਗ 42 ਫ਼ੀਸਦੀ ਵਿਦੇਸ਼ੀ ਨਾਗਰਿਕ ਵਰਤਮਾਨ ਵਿਚ ਅਮਰੀਕੀ ਨਾਗਰਿਕ ਬਣਨ ਦੇ ਅਯੋਗ ਹਨ।

# ਸੀ.ਏ.ਏ. ਦੀਆਂ ਮੁੱਖ ਵਿਵਸਥਾਵਾਂ ਭਾਰਤੀ ਸੰਵਿਧਾਨ ਦੀਆਂ ਕੁੱਝ ਧਾਰਾਵਾਂ ਦੀ ਉਲੰਘਣਾ ਕਰ ਕਰਦੀਆਂ ਹਨ: ਅਮਰੀਕੀ ਰਿਪੋਰਟ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੰਸਦ ਦੀ ਸੁਤੰਤਰ ਖੋਜ ਇਕਾਈ ਵਲੋਂ ਜਾਰੀ ਕੀਤੀ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਇਸ ਸਾਲ ਲਾਗੂ ਕੀਤੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਵਿਚਲੀਆਂ ਵਿਵਸਥਾਵਾਂ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਦੀ ਉਲੰਘਣਾ ਕਰ ਸਕਦੀਆਂ ਹਨ। ਸੀ.ਏ.ਏ. ਨੂੰ ਇਸ ਸਾਲ ਮਾਰਚ ਵਿਚ ਭਾਰਤ ਦੇ ਨਾਗਰਿਕਤਾ ਕਾਨੂੰਨ 1955 ਵਿਚ ਸੋਧ ਕਰਕੇ ਲਾਗੂ ਕੀਤਾ ਗਿਆ। ਕਾਂਗਰੇਸ਼ਨਲ ਰਿਸਰਚ ਸਰਵਿਸ




(ਸੀ.ਆਰ.ਐੱਸ.) ਦੀ ‘ਇਨ ਫੋਕਸ’ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਸੀ.ਏ.ਏ. ਦੀਆਂ ਮੁੱਖ ਵਿਵਸਥਾਵਾਂ ਭਾਰਤੀ ਸੰਵਿਧਾਨ ਦੀਆਂ ਕੁਝ ਧਾਰਾਵਾਂ ਦੀ ਉਲੰਘਣਾ ਕਰ ਸਕਦੀਆਂ ਹਨ।

# ਬਠਿੰਡਾ ਲੋਕ ਸਭਾ ਹਲਕੇ ’ਤੇ ਜ਼ਿਆਦਾਤਰ ਰਿਹੈ ਅਕਾਲੀ ਦਲ ਦਾ ਕਬਜ਼ਾ

**■ 10 ਵਾਰ ਅਕਾਲੀ ਦਲ ਤੇ 4 ਵਾਰ ਕਾਂਗਰਸ ਰਹੀ ਜੇਤੂ**




**ਬਠਿੰਡਾ, (ਪੰਜਾਬ ਮੇਲ)-** ਬਠਿੰਡਾ ਲੋਕ ਸਭਾ ਹਲਕੇ ’ਤੇ ਜ਼ਿਆਦਾਤਰ ਅਕਾਲੀ ਦਲ ਦਾ ਕਬਜ਼ਾ ਰਿਹਾ ਹੈ, ਜਦੋਂ ਕਿ ਕਾਂਗਰਸ, ਸੀ.ਪੀ.ਆਈ. ਤੇ ਸ਼੍ਰੋਮਣੀ ਅਕਾਲੀ ਅੰਮ੍ਰਿਤਸਰ ਦੇ ਉਮੀਦਵਾਰਾਂ ਨੂੰ ਵੀ ਮੌਕਾ ਦਿੱਤਾ ਗਿਆ। ਇਸ ਹਲਕੇ ਤੋਂ 10 ਵਾਰ ਸ਼੍ਰੋਮਣੀ ਅਕਾਲੀ ਦਲ, 4 ਵਾਰ ਕਾਂਗਰਸ, 2 ਵਾਰ ਭਾਰਤੀ ਕਮਿਊਨਿਸਟ ਪਾਰਟੀ ਅਤੇ ਇਕ ਵਾਰ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਜਿੱਤ ਕੇ ਲੋਕ ਸਭਾ ਦੀ ਦਹਿਲੀਜ਼ ਲੰਘੇ ਹਨ। ਦੇਸ਼ ਦੀਆਂ 17 ਵਾਰ ਹੋਈਆਂ ਲੋਕ ਸਭਾ ਵਿਚ ਇਸ ਹਲਕੇ ਤੋਂ 19 ਸੰਸਦ ਮੈਂਬਰ ਜਿੱਤੇ ਹਨ। 1952 ਅਤੇ 1957 ਵਿਚ ਇਸ ਹਲਕੇ ਤੋਂ ਦੋ-ਦੋ ਲੋਕ ਸਭਾ ਮੈਂਬਰ ਬਣੇ, ਇਕ ਜਨਰਲ ਅਤੇ ਇਕ ਰਿਜ਼ਰਵ। ਇਸ ਤਰ੍ਹਾਂ ਕਾਂਗਰਸ ਨੇ 4 ਚੋਣਾਂ ਵਿਚ ਜਿੱਤ ਹਾਸਲ ਕਰਦਿਆਂ 6 ਮੈਂਬਰ ਪਾਰਲੀਮੈਂਟ ਵਿਚ ਭੇਜੇ। ਇਸ ਹਲਕੇ ਤੋਂ 1952 ਅਤੇ 1957 ਵਿਚ ਕਾਂਗਰਸ ਦੇ ਹੁਕਮ ਸਿੰਘ ਤੇ ਅਜੀਤ ਸਿੰਘ ਸੰਸਦ ਮੈਂਬਰ ਬਣੇ। 1962 ਵਿਚ ਅਕਾਲੀ ਦਲ ਦੇ ਧੰਨਾ ਸਿੰਘ ਗੁਲਸ਼ਨ, 1967 ਵਿਚ ਅਕਾਲੀ ਦਲ ਦੇ ਕਿੱਕਰ ਸਿੰਘ, 1971 ਵਿਚ ਭਾਰਤੀ ਕਮਿਊਨਿਸਟ ਪਾਰਟੀ ਦੇ ਭਾਨ ਸਿੰਘ ਭੌਰਾ, 1977 ਵਿਚ ਅਕਾਲੀ ਦਲ ਦੇ ਧੰਨਾ ਸਿੰਘ ਗੁਲਸ਼ਨ, 1980 ਵਿਚ ਕਾਂਗਰਸ ਦੇ ਹਾਕਮ ਸਿੰਘ, 1984 ਵਿਚ ਅਕਾਲੀ ਦਲ ਦੇ ਤੇਜਾ ਸਿੰਘ ਦਰਦੀ, 1989 ਵਿਚ ਅਕਾਲੀ ਦਲ ਅੰਮ੍ਰਿਤਸਰ ਦੇ ਸੁੱਚਾ ਸਿੰਘ ਮਲੋਆ, 1992 ਵਿਚ ਕਾਂਗਰਸ ਦੇ ਕੇਵਲ ਸਿੰਘ, 1996 ਵਿਚ ਅਕਾਲੀ ਦਲ ਦੇ ਹਰਿੰਦਰ ਸਿੰਘ ਖਾਲਸਾ, 1998 ਵਿਚ ਅਕਾਲੀ ਦਲ ਦੇ ਚਤਿੰਨ ਸਿੰਘ ਸਮਾਓ, 1999 ਭਾਰਤੀ ਕਮਿਊਨਿਸਟ ਪਾਰਟੀ ਦੇ ਭਾਨ ਸਿੰਘ ਭੌਰਾ, 2004 ਵਿਚ ਅਕਾਲੀ ਦਲ ਦੇ ਬੀਬੀ ਪਰਮਜੀਤ ਕੌਰ ਗੁਲਸ਼ਨ ਲੋਕ ਸਭਾ ਮੈਂਬਰ ਬਣੇ। ਉਪਰੰਤ 2009, 2014 ਅਤੇ 2019 ਵਿਚ ਲਗਾਤਾਰ ਤਿੰਨ ਵਾਰ ਅਕਾਲੀ ਦਲ ਦੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਜਿੱਤ ਪ੍ਰਾਪਤ ਕਰ ਕੇ ਸੰਸਦ ਮੈਂਬਰ ਬਣੀ। ਇਸ ਹਲਕੇ ਦੇ ਲੋਕਾਂ ਦੀ ਪਰਖ ਦੀ ਨਿਗ੍ਹਾ ਹੀ ਮੰਨੀ ਜਾ ਸਕਦੀ ਹੈ ਕਿ ਜੇ ਉਨ੍ਹਾਂ ਉੱਘੇ ਕਵੀਸ਼ਰ ਤੇ ਟਕਸਾਲੀ ਅਕਾਲੀ ਧੰਨਾ ਸਿੰਘ ਗੁਲਸ਼ਨ ਨੂੰ ਦੋ ਵਾਰ ਲੋਕ ਸਭਾ ਵਿਚ ਭੇਜਿਆ ਤਾਂ ਲੋਕ ਹੱਕਾਂ ਲਈ ਜੂਝਣ ਵਾਲੇ ਸੱਚੇ-ਸੁੱਚੇ ਕਮਿਊਨਿਸਟ ਆਗੂ ਭਾਨ ਸਿੰਘ ਭੌਰਾ ਨੂੰ ਵੀ ਇਹ ਮਾਣ ਬਖਸ਼ਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਦੇ ਹੁਕਮਾਂ ’ਤੇ ਫੁੱਲ ਚੜ੍ਹਾਉਂਦਿਆਂ ਉਨ੍ਹਾਂ ਦੇ ਅਨਪੜ੍ਹ ਡਰਾਈਵਰ ਕਿੱਕਰ ਸਿੰਘ ਨੂੰ ਮੈਂਬਰ ਪਾਰਲੀਮੈਂਟ ਬਣਾਇਆ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੇ ਪਿਤਾ ਬਾਬਾ ਸੁੱਚਾ ਸਿੰਘ ਮਲੋਆ ਨੂੰ ਵੀ ਵੱਡੀ ਗਿਣਤੀ ਵਿਚ ਵੋਟਾਂ ਪਾ ਕੇ ਜੇਤੂ ਬਣਾਇਆ।

# ਨਿਊਯਾਰਕ ਦੀ ਅਪੀਲ ਅਦਾਲਤ ਵੱਲੋਂ ਗੁਪਤ ਫੰਡਿੰਗ ਮਾਮਲੇ ’ਚ ਟਰੰਪ ਖਿਲਾਫ ਕੇਸ ਦੀ ਸੁਣਵਾਈ ਰੋਕਣ ਦੀ ਬੇਨਤੀ ਰੱਦ

**ਨਿਊਯਾਰਕ, (ਪੰਜਾਬ ਮੇਲ)-** ਨਿਊਯਾਰਕ ਦੀ ਇੱਕ ਅਪੀਲੀ ਅਦਾਲਤ ਨੇ ਸ਼ੁੱਕਰਵਾਰ ਨੂੰ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇੱਕ ਪੋਰਨ ਸਟਾਰ ਨੂੰ ਗੁਪਤ ਰੂਪ ਨਾਲ ਪੈਸਿਆਂ ਦੇ ਭੁਗਤਾਨ ਨਾਲ ਜੁੜੇ ਇੱਕ ਮਾਮਲੇ ਵਿਚ ਮੁਕੱਦਮੇ ਦੀ ਸੁਣਵਾਈ ਨੂੰ ਰੋਕਣ ਦੀ ਆਖਰੀ ਸਮੇਂ ਵਿਚ ਕੀਤੀ ਗਈ ਬੇਨਤੀ ਨੂੰ ਰੱਦ ਕਰ ਦਿੱਤਾ। ਟਰੰਪ ਨੇ ਇਹ ਬੇਨਤੀ ਜਿਊਰੀ ਦੀ ਚੋਣ ’ਚ ਬੇਲੋੜੀ ਜਲਦਬਾਜ਼ੀ ਦੀਆਂ ਬਚਾਅ ਪੱਖ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਕੀਤੀ ਸੀ। ਜਸਟਿਸ ਮਾਰਸ਼ਾ ਮਾਈਕਲ ਨੇ ਸੰਖੇਪ ਸੁਣਵਾਈ ਤੋਂ ਕੁਝ ਮਿੰਟਾਂ ਬਾਅਦ ਹੀ ਫੈਸਲਾ ਸੁਣਾਇਆ। ਸੁਣਵਾਈ ਰੋਕੇ ਜਾਣ ਦੀ ਬੇਨਤੀ ’ਤੇ ਮੱਧ-ਪੱਧਰੀ ਅਪੀਲੀ ਅਦਾਲਤ ਵਿਚ ਦਲੀਲਾਂ ਉਸ ਸਮੇਂ ਪੇਸ਼ ਕੀਤੀਆਂ ਗਈਆਂ, ਜਦੋਂ ਕੁਝ ਹੀ ਘੰਟੇ ਪਹਿਲਾਂ ਇਸ ਮਾਮਲੇ ਦੀ ਸੁਣਵਾਈ ਲਈ ਜਿਊਰੀ ਚੋਣ ਪ੍ਰਕਿਰਿਆ ਪੂਰੀ ਹੋਈ ਸੀ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸੋਮਵਾਰ ਤੋਂ ਟਰੰਪ ਦੇ ਖਿਲਾਫ ਅਪਰਾਧਿਕ ਮਾਮਲੇ ’ਚ ਬਹਿਸ ਸ਼ੁਰੂ ਹੋ ਸਕਦੀ ਹੈ। ਟਰੰਪ ਵੱਲੋਂ ਪੋਰਨ ਸਟਾਰ ਸਟੋਰਮੀ ਡੇਨੀਅਲਸ ਨੂੰ ਪੈਸੇ ਦੇਣ ਦਾ ਇਹ ਮਾਮਲਾ 2016 ਦਾ ਹੈ। ਉਸ ਸਮੇਂ ਟਰੰਪ ਦੇ ਇੱਕ ਪੋਰਨ ਸਟਾਰ ਨਾਲ ਸਬੰਧ ਹੋਣ ਦੀਆਂ ਗੱਲਾਂ ਸਾਹਮਣੇ ਆਈਆਂ ਸਨ ਅਤੇ ਦੋਸ਼ ਹੈ ਕਿ ਉਨ੍ਹਾਂ ਨੇ ਇਸ ਨੂੰ ਲੁਕਾਉਣ ਲਈ ਸਟੋਰਮੀ ਨੂੰ 1 ਲੱਖ 30 ਹਜ਼ਾਰ ਡਾਲਰ ਦਿੱਤੇ ਸਨ।



# ਫਰੀਦਕੋਟ ਲੋਕ ਸਭਾ ਹਲਕੇ 'ਚ ਦਿਲਚਸਪ ਹੋਵੇਗਾ ਮੁਕਾਬਲਾ

**ਫਰੀਦਕੋਟ, (ਪੰਜਾਬ ਮੇਲ)-** ਇਸ ਲੋਕ ਸਭਾ ਹਲਕੇ ਵਿਚ ਵੱਡੀਆਂ ਪਾਰਟੀਆਂ ਦੇ ਉਮੀਦਵਾਰ ਐਲਾਨੇ ਜਾ ਚੁੱਕੇ ਹਨ। ਕਾਂਗਰਸ ਨੇ ਥੋੜ੍ਹੀ ਦੇਰ ਨਾਲ ਲੋਕ ਸਭਾ ਹਲਕਾ ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ ਨੂੰ ਮੈਦਾਨ ਵਿਚ ਉਤਾਰਿਆ ਹੈ। ਬੀਬੀ ਸਾਹੋਕੇ ਪਹਿਲਾਂ ਅਕਾਲੀ ਦਲ ਵਿਚ ਰਹਿ ਚੁੱਕੇ ਹਨ ਤੇ ਮੋਗਾ ਜ਼ਿਲ੍ਹੇ ਨਾਲ ਸਬੰਧਤ ਹਨ। ਉਹ ਜ਼ਿਲ੍ਹੇ ਦੀ ਪਹਿਲੀ ਇਸਤਰੀ ਉਮੀਦਵਾਰ ਹਨ। ਇਸ ਹਲਕੇ ਵਿਚ 'ਆਪ' ਨੇ ਕਰਮਜੀਤ ਅਨਮੋਲ, ਭਾਜਪਾ ਨੇ ਹੰਸ ਰਾਜ ਹੰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਰਾਜਵਿੰਦਰ ਸਿੰਘ ਧਰਮਕੋਟ ਨੂੰ ਮੈਦਾਨ 'ਚ ਉਤਾਰਿਆ ਹੈ। ਇਨ੍ਹਾਂ ਉਮੀਦਵਾਰਾਂ ਵਿਚੋਂ ਦੋ ਮਸ਼ਹੂਰ ਕਲਾਕਾਰ ਹਨ। ਇੱਥੇ ਭਾਜਪਾ ਦੇ ਉਮੀਦਵਾਰ ਹੰਸ ਰਾਜ ਹੰਸ ਹਨ।

### ■ ਕਾਂਗਰਸ ਵੱਲੋਂ ਅਮਰਜੀਤ ਕੌਰ ਸਾਹੋਕੇ ਚੋਣ ਮੈਦਾਨ 'ਚ

ਦੂਜੇ ਪਾਸੇ ਸਾਹੋਕੇ ਦੇ ਨਾਂ ਦੇ ਐਲਾਨ ਵਿਚ ਦੇਰੀ ਹੋਣ ਕਾਰਨ ਉਨ੍ਹਾਂ ਨੂੰ ਹੋਰਨਾਂ ਉਮੀਦਵਾਰਾਂ ਦੇ ਮੁਕਾਬਲੇ ਚੋਣ ਪ੍ਰਚਾਰ ਲਈ ਘੱਟ ਸਮਾਂ ਮਿਲੇਗਾ। ਯਾਦ ਰਹੇ, ਜਦੋਂ ਤੱਕ ਕਾਂਗਰਸੀ ਉਮੀਦਵਾਰ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਸੀ, ਉਦੋਂ ਤੱਕ ਇਸ ਪਾਰਟੀ ਦੇ ਆਗੂ ਤੇ ਵਰਕਰ ਚੁੱਪ ਸਨ। ਉਮੀਦਵਾਰਾਂ ਦੀ ਦੌੜ ਵਿਚ ਸ਼ਾਮਲ ਆਗੂਆਂ ਦੇ ਆਪਣੇ-ਆਪਣੇ ਗਰੁੱਪ ਸਨ। ਉਮੀਦਵਾਰ ਐਲਾਨੇ ਜਾਣ ਤੋਂ ਪਹਿਲਾਂ ਫਰੀਦਕੋਟ ਲੋਕ ਸਭਾ ਸੀਟ ਤੋਂ ਕਾਂਗਰਸ ਦੀ ਟਿਕਟ ਦੇ ਦਾਅਵੇਦਾਰ ਪਰਮਿੰਦਰ ਸਿੰਘ ਡਿੰਪਲ ਤੇ ਸੁਖਵਿੰਦਰ ਸਿੰਘ ਡੈਨੀ ਸਨ, ਜਿਨ੍ਹਾਂ ਨੇ ਬੀਤੇ ਦਿਨ ਨਾਰਾਜ਼ਗੀ ਪ੍ਰਗਟਾਈ ਸੀ। ਡੈਨੀ ਨੇ ਨਾਰਾਜ਼ਗੀ ਜ਼ਾਹਰ ਕਰ ਦਿੱਤੀ ਸੀ ਤੇ ਪਰਮਿੰਦਰ ਸਿੰਘ ਡਿੰਪਲ ਨੇ ਬੀਬੀ ਸਾਹੋਕੇ ਨੂੰ ਟਿਕਟ ਦੇਣ ਦਾ ਵਿਰੋਧ ਕਰਦਿਆਂ ਚਿੱਠੀ ਲਿਖੀ ਸੀ।

ਉਮੀਦਵਾਰ ਅਮਰਜੀਤ ਕੌਰ ਦੇ ਪਤੀ ਭੁਪਿੰਦਰ ਸਿੰਘ ਸਾਹੋਕੇ ਨੇ ਕਿਹਾ ਹੈ ਕਿ ਉਹ ਇਸ ਇਲਾਕੇ ਦੇ ਜੰਮਪਲ ਹਨ ਤੇ ਸਮੱਸਿਆਵਾਂ ਜਾਣਦੇ ਹਨ। ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੇ ਵੀ ਵਿਕਾਸ ਕਰਵਾਉਣ ਦੀ ਗੱਲ ਕੀਤੀ ਹੈ। 'ਆਪ' ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਹੈ ਕਿ ਉਹ ਜ਼ਮੀਨੀ ਪੱਧਰ 'ਤੇ ਜਨਤਕ ਮੁਸ਼ਕਲਾਂ ਹੱਲ ਕਰਨ ਲਈ ਯਤਨਸ਼ੀਲ ਰਹਿਣਗੇ।

## ਲੋਕ ਸਭਾ ਚੋਣਾਂ: ਜਲੰਧਰ 'ਚ ਚਾਰੋ ਸਿਆਸੀ ਪਾਰਟੀਆਂ ਨੇ ਆਪੋ-ਆਪਣੇ ਉਮੀਦਵਾਰ ਚੋਣ ਮੈਦਾਨ ਵਿਚ ਉਤਾਰੇ

**ਜਲੰਧਰ, (ਪੰਜਾਬ ਮੇਲ)-** ਜਲੰਧਰ ਲੋਕ ਸਭਾ ਹਲਕੇ ਤੋਂ ਚਾਰੋ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸੀਨੀਅਰ ਕਾਂਗਰਸੀ ਆਗੂ ਮਹਿੰਦਰ ਸਿੰਘ ਕੇ.ਪੀ. ਦੇ ਅਕਾਲੀ ਦਲ 'ਚ ਸ਼ਾਮਲ ਹੋਣ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ 'ਚ ਆਉਣ ਨਾਲ ਰਾਜਸੀ ਮੁਕਾਬਲਿਆਂ ਦੀ ਤਸਵੀਰ ਸਾਫ ਹੋ ਗਈ ਹੈ। ਇੱਥੇ ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ, 'ਆਪ' ਵੱਲੋਂ ਪਵਨ ਕੁਮਾਰ ਟੀਨੂੰ , ਬਸਪਾ ਵੱਲੋਂ ਐਡਵੋਕੇਟ ਬਲਵਿੰਦਰ ਕੁਮਾਰ ਅਤੇ ਭਾਜਪਾ ਵੱਲੋਂ ਸ਼ੁਸ਼ੀਲ ਰਿੰਕੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਇਨ੍ਹਾਂ ਪੰਜਾਂ ਉਮੀਦਵਾਰਾਂ ਵਿਚੋਂ ਚੰਨੀ, ਕੇਪੀ ਅਤੇ ਰਿੰਕੂ ਦਾ ਪਿਛੋਕੜ ਕਾਂਗਰਸ ਦਾ ਹੈ।

# ਹੁਸ਼ਿਆਰਪੁਰ ਲੋਕ ਸਭਾ ਸੀਟ 'ਤੇ ਦਿਲਚਸਪ ਹੋਵੇਗਾ ਪੰਜ ਕੋਣਾ ਮੁਕਾਬਲਾ

**ਹੁਸ਼ਿਆਰਪੁਰ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਸਾਰੀਆਂ ਪਾਰਟੀਆਂ ਨੇ ਬਿਸਾਤ ਵਿਛਾ ਦਿੱਤੀ ਹੈ। ਹੁਸ਼ਿਆਰਪੁਰ ਲੋਕ ਸਭਾ ਸੀਟ ਦੇ ਪਿਛੋਕੜ 'ਤੇ ਝਾਤ ਮਾਰੀ ਜਾਏ, ਤਾਂ ਇਹ ਸੀਟ ਕਾਂਗਰਸ ਨੇ 10 ਵਾਰ, ਭਾਜਪਾ ਨੇ 5 ਵਾਰ, ਬਸਪਾ ਨੇ ਇਕ ਵਾਰ ਤੇ ਜਨਤਾ ਪਾਰਟੀ ਨੇ ਵੀ ਇਕ ਵਾਰ ਜਿੱਤੀ ਹੋਈ ਹੈ। ਹੁਸ਼ਿਆਰਪੁਰ ਤੋਂ ਭਾਜਪਾ ਨੇ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼, ਕਾਂਗਰਸ ਨੇ 'ਆਪ' ਵਿਚੋਂ ਆਈ ਯਾਮਿਨੀ ਗੋਮਰ, 'ਆਪ' ਨੇ ਕਾਂਗਰਸ ਵਿਚੋਂ ਆਏ ਡਾ. ਰਾਜ ਕੁਮਾਰ, ਅਕਾਲੀ ਦਲ ਨੇ ਸੋਮ ਪ੍ਰਕਾਸ਼ ਤੇ ਬਸਪਾ ਨੇ ਰਾਕੇਸ਼ ਸੁਮਨ ਨੂੰ ਮੈਦਾਨ ਵਿਚ ਉਤਾਰਿਆ ਹੈ। ਸਾਰੇ ਉਮੀਦਵਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਇੰਝ ਹੈ।

**ਭਾਜਪਾ ਵੱਲੋਂ ਅਨੀਤਾ ਸੋਮ ਪ੍ਰਕਾਸ਼ ਮੈਦਾਨ 'ਚ :** ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਭਾਜਪਾ ਨੇ ਟਿਕਟ ਦਿੱਤੀ ਹੈ। ਅਨੀਤਾ ਸੋਮ ਪ੍ਰਕਾਸ਼ ਕਾਫ਼ੀ ਸਮੇਂ ਤੋਂ ਇਸ ਹਲਕੇ ਵਿਚ ਸਮਾਜ ਸੇਵੀ ਕਾਰਜਾਂ ਵਿਚ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਵਿਚ ਫਗਵਾੜਾ ਵਿਚ ਚੱਲਣ ਵਾਲਾ ਲੰਗਰ ਤੇ ਬਾਕੀ ਵਿਧਾਨ ਸਭਾ ਹਲਕਿਆਂ ਵਿਚ ਸਿਲਾਈ ਸੈਂਟਰ, ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੀ ਮਦਦ, ਲੜਕੀਆਂ ਦੀ ਸਿੱਖਿਆ ਦੇ ਪ੍ਰਬੰਧ ਸ਼ਾਮਲ ਹਨ।

**ਯਾਮਿਨੀ ਗੋਮਰ ਕਾਂਗਰਸ ਵੱਲੋਂ ਹੋਣਗੇ ਉਮੀਦਵਾਰ:** ਕਾਂਗਰਸ ਨੇ ਸਭ ਤੋਂ ਅਖ਼ੀਰ ਵਿਚ ਉਮੀਦਵਾਰ ਦਾ ਐਲਾਨ ਕੀਤਾ ਹੈ। 2016 ਵਿਚ 'ਆਪ' ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਈ ਯਾਮਿਨੀ ਗੋਮਰ ਸਮਾਜ ਸੇਵੀ ਹਨ। ਉਨ੍ਹਾਂ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਦੋ ਲੱਖ ਤੋਂ ਵੱਧ ਵੋਟਾਂ ਹਾਸਲ ਕੀਤੀਆਂ ਸਨ। ਕਾਂਗਰਸ ਨੇ ਯਾਮਿਨੀ ਨੂੰ ਟਿਕਟ ਦੇ ਕੇ ਹੁਸ਼ਿਆਰਪੁਰ ਵਿਚ ਕਾਂਗਰਸ ਦੀ ਧੜੇਬੰਦੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ।

### ■ ਭਾਜਪਾ ਤੇ ਕਾਂਗਰਸ ਨੇ ਦਿੱਤੀ ਮਹਿਲਾ ਉਮੀਦਵਾਰਾਂ ਨੂੰ ਤਰਜੀਹ

**'ਆਪ' ਵੱਲੋਂ ਡਾ. ਰਾਜ ਕੁਮਾਰ ਮੈਦਾਨ 'ਚ ਨਿਤਰੇ :** ਕਾਂਗਰਸ ਪਾਰਟੀ ਛੱਡ ਕੇ 'ਆਪ' ਵਿਚ ਸ਼ਾਮਲ ਹੋਣ ਵਾਲੇ ਡਾ. ਰਾਜ ਕੁਮਾਰ ਪੇਸ਼ੇ ਤੋਂ ਰੇਡੀਓਲੋਜਿਸਟ ਹਨ। ਕੋਸ਼ਿਸ਼ ਸੰਸਥਾ ਰਾਹੀਂ ਸਮਾਜ ਸੇਵਾ ਪਿੱਛੋਂ ਸਿਆਸਤ ਵਿਚ ਵਿਚ ਕਦਮ ਰੱਖਿਆ ਸੀ। ਉਹ 2014 ਵਿਚ ਵੀ ਲੋਕ ਸਭਾ ਚੋਣ ਲੜ ਚੁੱਕੇ ਹਨ। ਉਹ ਕਾਂਗਰਸ ਵਿਚ ਵਿਧਾਇਕ ਰਹਿ ਚੁੱਕੇ ਹਨ।

**ਅਕਾਲੀ ਦਲ ਨੇ ਸੋਹਣ ਸਿੰਘ ਠੰਡਲ ਨੂੰ ਚੋਣ ਮੈਦਾਨ 'ਚ ਉਤਾਰਿਆ :** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਚਾਰ ਵਾਰ ਵਿਧਾਇਕ ਰਹੇ ਸੋਹਣ ਸਿੰਘ ਠੰਡਲ ਨੂੰ ਚੋਣ ਮੈਦਾਨ ਵਿਚ ਲਿਆ ਕੇ ਪਾਰਟੀ ਦੀ ਅੰਦਰੂਨੀ ਫੁੱਟ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਸੋਹਣ ਸਿੰਘ ਠੰਡਲ ਲਈ ਜ਼ਿਲ੍ਹਾ ਅਕਾਲੀ ਦਲ ਇਕਮਤ ਸੀ ਅਤੇ ਕਿਸੇ ਵੀ ਬਾਹਰੀ ਉਮੀਦਵਾਰ ਨੂੰ ਸਵੀਕਾਰ ਨਹੀਂ ਕਰ ਰਹੇ ਸਨ। ਬਾਦਲ ਸਰਕਾਰ ਸਮੇਂ ਦੋ ਵਾਰ ਮੰਤਰੀ ਰਹੇ ਸੋਹਣ ਸਿੰਘ ਠੰਡਲ ਹਲਕੇ ਦੀਆਂ ਸਮੱਸਿਆਵਾਂ ਬਾਰੇ ਜਾਣੂ ਹਨ।

**ਬਸਪਾ ਵੱਲੋਂ ਰਾਕੇਸ਼ ਸੁਮਨ ਮੈਦਾਨ ਲੜਨਗੇ ਚੋਣ :** ਬਹੁਜਨ ਸਮਾਜ ਪਾਰਟੀ ਨੇ ਵੀ ਧੜੇਬੰਦੀ ਖ਼ਤਮ ਕਰਨ ਲਈ ਕਿਸੇ ਵੀ ਧੜੇ ਨਾਲ ਨਾ ਸਬੰਧਤ ਹੋਣ ਵਾਲੇ ਰਾਕੇਸ਼ ਸੁਮਨ ਨੂੰ ਮੈਦਾਨ ਵਿਚ ਉਤਾਰਿਆ ਹੈ। ਰਾਕੇਸ਼ ਸੁਮਨ ਕੋਲ ਸਿਆਸੀ ਪਿਛੋਕੜ ਹੈ, ਉਨ੍ਹਾਂ ਦੇ ਦਾਦਾ ਜੀ 1957 ਵਿਚ ਚੋਣ ਲੜ ਚੁੱਕੇ ਹਨ। ਸਮਾਜ ਸੇਵੀ ਰਹੇ ਰਾਕੇਸ਼ ਸੁਮਨ ਵੀ ਬਹੁਤ ਮਿਹਨਤ ਕਰ ਰਹੇ ਹਨ।

# ਪੰਜਾਬ ਕਾਂਗਰਸ ਵੱਲੋਂ 5 ਲੋਕ ਸਭਾ ਸੀਟਾਂ 'ਤੇ ਸਥਿਤੀ ਅਸਪੱਸ਼ਟ

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਅੰਦਰ ਖਾਤੇ ਬਗਾਵਤ ਝੱਲਣੀ ਪੈ ਰਹੀ ਹੈ। ਕਈ ਲੀਡਰ ਪਾਰਟੀ ਛੱਡ ਕੇ ਦੂਜਿਆਂ ਨਾਲ ਮਿਲ ਗਏ ਹਨ ਅਤੇ ਕਈ ਹਾਲੇ ਵੀ ਉਮੀਦਵਾਰਾਂ ਦਾ ਵਿਰੋਧ ਕਰ ਰਹੇ ਹਨ। ਹਾਲਤ ਇਹ ਹੋ ਗਈ ਹੈ ਕਿ ਪੰਜਾਬ ਕਾਂਗਰਸ ਹਾਲੇ ਤੱਕ 5 ਸੀਟਾਂ 'ਤੇ ਸਥਿਤੀ ਸਪੱਸ਼ਟ ਨਹੀਂ ਕਰ ਸਕੀ। ਅਜੇ ਵੀ ਇਨ੍ਹਾਂ 5 ਸੀਟਾਂ 'ਤੇ ਪੇਚ ਫਸਿਆ ਹੋਇਆ ਹੈ।

ਪੰਜਾਬ ਕਾਂਗਰਸ ਇਸ ਨੂੰ ਲੈ ਕੇ ਵਿਚਾਰ-ਵਟਾਂਦਰੇ ਵਿਚ ਰੁੱਝੀ ਹੋਈ ਹੈ। ਉਮੀਦ ਹੈ ਕਿ ਇਹ ਸੂਚੀ ਵੀ 27 ਅਪ੍ਰੈਲ ਤੋਂ ਪਹਿਲਾਂ ਜਾਰੀ ਕਰ ਦਿੱਤੀ ਜਾਵੇਗੀ। ਕਾਂਗਰਸ ਸਕਰੀਨਿੰਗ ਕਮੇਟੀ ਵੱਲੋਂ ਹਰੇਕ ਹਲਕੇ ਤੋਂ ਚਾਰ ਦਾਅਵੇਦਾਰਾਂ ਦੇ ਨਾਂ ਭੇਜੇ ਗਏ ਸਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਕੇਂਦਰੀ ਕਮੇਟੀ ਨੇ ਹੁਣ ਦੋ ਦਾਅਵੇਦਾਰਾਂ ਦੇ ਨਾਂ ਮੰਗੇ ਹਨ। ਇਨ੍ਹਾਂ ਵਿਚੋਂ ਨਾਮ ਫਾਈਨਲ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਪਾਰਟੀ ਪਿਛਲੇ ਦਿਨੀਂ ਕੀਤੇ ਗਏ ਸਰਵੇਖਣਾਂ ਨੂੰ ਵੀ ਆਧਾਰ ਬਣਾ ਰਹੀ ਹੈ। ਹਾਲਾਂਕਿ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਪਹਿਲਾਂ ਹੀ ਦਾਅਵਾ ਕਰ ਚੁੱਕੇ ਹਨ ਕਿ ਸਥਾਨਕ ਅਤੇ ਮਜ਼ਬੂਤ ਚਿਹਰਿਆਂ ਨੂੰ ਹੀ ਪਾਰਟੀ ਉਮੀਦਵਾਰ ਬਣਾਇਆ ਜਾਵੇਗਾ। ਸੂਤਰਾਂ ਅਨੁਸਾਰ ਰਾਣਾ ਗੁਰਜੀਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਇੰਦਰਪ੍ਰੀਤ ਸਿੰਘ ਨੂੰ ਲੋਕ ਸਭਾ ਹਲਕਿਆਂ ਸ੍ਰੀ ਆਨੰਦਪੁਰ ਸਾਹਿਬ ਜਾਂ ਖਡੂਰ ਸਾਹਿਬ ਤੋਂ ਟਿਕਟ ਮਿਲਣੀ ਯਕੀਨੀ ਹੈ। ਰਾਣਾ ਆਪਣੇ ਪੁੱਤਰ ਨੂੰ ਚੋਣ ਮੈਦਾਨ ਵਿਚ ਉਤਾਰਨ ਦੇ ਚਾਹਵਾਨ ਹਨ। ਹਾਲਾਂਕਿ ਰਾਣਾ ਸ੍ਰੀ ਆਨੰਦਪੁਰ ਸਾਹਿਬ ਵਿਚ ਵੀ ਜ਼ਿਆਦਾ ਦਿਲਚਸਪੀ ਦਿਖਾ ਰਹੇ ਹਨ। ਇਸ ਦੇ ਨਾਲ ਹੀ ਹਿੰਦੂ ਚਿਹਰਿਆਂ ਨੂੰ ਵੀ ਟਿਕਟਾਂ ਦੇਣ ਦੀ ਚਰਚਾ ਹੈ। ਅਜਿਹੇ 'ਚ ਸਾਬਕਾ ਮੰਤਰੀ ਵਿਜੇ ਇੰਦਰ ਸਿੰਗਲਾ ਦਾ ਦਾਅਵਾ ਮਜ਼ਬੂਤ ਹੁੰਦਾ ਜਾ ਰਿਹਾ ਹੈ। ਜਦਕਿ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਸੰਜੇ ਤਲਵਾੜ ਲੁਧਿਆਣਾ ਤੋਂ ਟਿਕਟ ਦੀ ਦੌੜ ਵਿਚ ਹਨ। ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਹਾੜਾ ਅਤੇ ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਨਾਂ ਚੱਲ ਰਹੇ ਹਨ। ਹਾਲਾਂਕਿ ਸੁਖਜਿੰਦਰ ਸਿੰਘ ਰੰਧਾਵਾ ਵੀ ਮਜ਼ਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ। ਇਸ ਤੋਂ ਇਲਾਵਾ ਸਾਬਕਾ ਵਿਧਾਇਕ ਅਮਿਤ ਵਿੱਜ ਅਤੇ ਨਰੇਸ਼ ਪੁਰੀ ਵੀ ਟਿਕਟ ਦੀ ਦੌੜ ਵਿਚ ਹਨ।


### ■ ਰਾਣਾ ਪਰਿਵਾਰ ਪੈ ਰਿਹਾ ਭਾਰੀ




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 210 ਪਰਿਵਾਰਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਤੋਂ ਸੇਵਾ ਲਗਾਤਾਰ ਜਾਰੀ ਹੈ। ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਮੁਕਤਸਰ ਸਾਹਿਬ ਵਿਖੇ ਡੇਰਾ ਭਾਈ ਮਸਤਾਨ ਸਿੰਘ ਵਿਚ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿਚ 210 ਬਹੁਤ ਹੀ ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਰਾਸ਼ੀ ਬੇਸਹਾਰਾ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ, ਇਕੱਲੀਆਂ ਰਹਿ ਰਹੀਆਂ ਵਿਧਵਾਵਾਂ, ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਨੂੰ ਹਰ ਮਹੀਨੇ ਦਿੱਤੀ ਜਾਂਦੀ ਹੈ। ਇਹ ਲੜੀ ਪਿਛਲੇ 8 ਸਾਲ ਤੋਂ ਨਿਰੰਤਰ ਜਾਰੀ ਹੈ ਅਤੇ



ਡਾ. ਐੱਸ.ਪੀ. ਸਿੰਘ ਓਬਰਾਏ।

ਇਸ ਤੋਂ ਇਲਾਵਾ ਵੀ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਬਿਊਟੀ ਪਾਰਲਰ, ਕੰਪਿਊਟਰ ਸੈਂਟਰ) ਖੋਲ੍ਹ ਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਇਆ ਜਾ ਰਿਹਾ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋਕਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪ੍ਰਧਾਨ ਨੇ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦਬੁੱਕ ਨਹੀਂ ਹੈ। ਇਹ ਰਾਸ਼ੀ ਡਾ. ਓਬਰਾਏ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾਇਰਡ ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਗੁਰਪਾਲ ਸਿੰਘ, ਰਣਧੀਰ ਸਿੰਘ ਸਾਗੂ ਰਿਟਾਇਰਡ ਬ੍ਰਾਂਚ ਮੈਨੇਜਰ, ਸੋਮਨਾਥ, ਅਸ਼ੋਕ ਕੁਮਾਰ, ਸੁਖਬੀਰ ਸਿੰਘ ਜੈਲਦਾਰ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਗੁਰਜੀਤ ਸਿੰਘ ਜੀਤਾ ਇੰਚਾਰਜ ਮਹੀਨਾਵਾਰ ਪੈਨਸ਼ਨ ਵੰਡ ਸਮਾਰੋਹ, ਜਤਿੰਦਰ ਸਿੰਘ ਕੈਂਥ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ ਆਦਿ ਹਾਜ਼ਰ ਸਨ।

## ਸ਼੍ਰੀਮਤੀ ਅਨੀਤਾ ਸੰਧੂ ਯੂ.ਕੇ. ਦਾ ਨਵਰੰਗ ਕਲਾ ਮੰਚ ਭੋਗਪੁਰ ਵੱਲੋਂ ਸਨਮਾਨ



**ਭੋਗਪੁਰ, (ਪੰਜਾਬ ਮੇਲ)**- ਵਿਸ਼ਵ ਭਰ ਵਿਚ ਪ੍ਰਸਿੱਧ ਪੁਨਰਜੋਤ ਸੰਸਥਾ ਜੋ ਹਰੇਕ ਦੇਸ਼ ਵਿਚ 'ਲੋੜਵੰਦਾਂ ਦੇ ਭਲੇ ਲਈ ਅੰਗ ਦਾਨ ਕਰੋ', ਪ੍ਰੇਰਨਾ ਸਰੋਤ ਹਨ। ਇਸ ਸੰਸਥਾ ਦੀ ਇੱਕ ਜ਼ਿੰਮੇਵਾਰ ਅਹੁਦੇਦਾਰ ਅਨੀਤਾ ਸੰਧੂ ਯੂ.ਕੇ. ਹਨ। ਆਪਣੇ ਪਰਿਵਾਰਕ ਮਾਹੌਲ ਵਿਚ ਵਤਨ ਫੇਰੀ ਦੌਰਾਨ ਉਨ੍ਹਾਂ ਨੂੰ ਬੇਨਤੀ ਕਰਨ 'ਤੇ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਇੱਕ ਬਹੁਤ ਹੀ ਨਿਵੇਕਲੇ ਸਥਾਨ 'ਤੇ ਰੂਬਰੂ ਹੋਣ 'ਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਸਲਾਹਿਆ ਗਿਆ ਅਤੇ ਇਸ ਮੌਕੇ ਨਵਰੰਗ ਕਲਾ ਮੰਚ ਭੋਗਪੁਰ ਜਲੰਧਰ ਵਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪੁਨਰਜੋਤ ਸੰਸਥਾ ਦੇ ਮੁਖੀ ਸ਼੍ਰੀ ਅਸ਼ੋਕ ਮਹਿਰਾ, ਸ਼੍ਰੀਮਤੀ ਕਮਲ ਮਹਿਰਾ, ਡਾਕਟਰ ਰਮੇਸ਼ ਚੰਦ ਲੁਧਿਆਣਾ, ਗਾਇਕ ਬਲਵੀਰ ਵਿੱਕੀ ਅਤੇ ਮੰਚ ਸੰਚਾਲਕ ਬਲਦੇਵ ਰਾਹੀ ਹਾਜ਼ਰ ਸਨ। ਵਰਨਣਯੋਗ ਹੈ ਕਿ ਅਨੀਤਾ ਸੰਧੂ ਮਨੁੱਖਤਾ ਦੀ ਸੇਵਾ ਤੋਂ ਇਲਾਵਾ ਮਾਂ ਬੋਲੀ ਪੰਜਾਬੀ ਸੇਵਾ ਅਤੇ ਧਾਰਮਿਕ ਸੰਸਥਾਵਾਂ ਦਾ ਸਾਥ ਵੀ ਦਿੰਦੇ ਹਨ।

# ਅਮਰੀਕਾ 'ਚ ਹਿਰਨਾਂ ਨੂੰ ਤਬਾਹ ਕਰ ਰਹੀ ਹੈ 'ਜ਼ੌਂਬੀ' ਬਿਮਾਰੀ !

- ਬਿਮਾਰੀ ਨੇ ਦੋ ਅਮਰੀਕੀ ਸ਼ਿਕਾਰੀਆਂ ਦੀ ਲਈ ਜਾਨ
- ਖਾਧਾ ਸੀ ਹਿਰਨ ਦਾ ਮਾਸ

**ਟੈਕਸਾਸ, (ਪੰਜਾਬ ਮੇਲ)**- ਵਰਤਮਾਨ ਵਿਚ ਇੱਕ ਭਿਆਨਕ ਬਿਮਾਰੀ ਅਮਰੀਕਾ 'ਚ ਹਿਰਨਾਂ ਨੂੰ ਤਬਾਹ ਕਰ ਰਹੀ ਹੈ। ਹਾਲਾਂਕਿ ਇਸ ਦਾ ਨਾਂ ਕ੍ਰੋਨਿਕ ਵੇਸਟਿੰਗ ਡਿਜ਼ੀਜ਼ ਹੈ ਪਰ ਲੋਕ ਇਸ ਨੂੰ ਜ਼ੋਂਬੀ ਡੀਅਰ ਡਿਜ਼ੀਜ਼ ਕਹਿ ਰਹੇ ਹਨ। ਇਹ ਹਿਰਨਾਂ ਦੀ ਆਬਾਦੀ ਵਿਚ ਬਹੁਤ ਹੀ ਚੁੱਪਚਾਪ ਅਤੇ ਤੇਜ਼ੀ ਨਾਲ ਫੈਲ ਰਿਹਾ ਹੈ। ਇਕ ਰਿਪੋਰਟ ਮੁਤਾਬਕ ਦੋ ਅਮਰੀਕੀ ਸ਼ਿਕਾਰੀਆਂ ਦੀ ਜ਼ੋਂਬੀ ਡੀਅਰ ਬੀਮਾਰੀ ਕਾਰਨ ਮੌਤ ਹੋ ਗਈ ਹੈ।

ਟੈਕਸਾਸ ਵਿਚ ਹੋਏ ਇਕ ਖੋਜ ਤੋਂ ਪਤਾ ਲੱਗਾ ਹੈ ਕਿ 'ਜ਼ੌਂਬੀ ਡੀਅਰ' ਬਿਮਾਰੀ, ਉਰਫ ਕ੍ਰੋਨਿਕ ਵੇਸਟਿੰਗ ਡਿਜ਼ੀਜ਼ ਨਾਲ ਮਰਨ ਵਾਲੇ ਪਹਿਲੇ ਅਮਰੀਕੀ ਵਿਅਕਤੀਆਂ ਨੇ ਸੰਕਰਮਿਤ ਹਿਰਨ ਦਾ ਮਾਸ ਖਾਧਾ ਸੀ। ਇਸ ਜ਼ੌਂਬੀ ਬਿਮਾਰੀ ਕਾਰਨ ਹਿਰਨ ਉਲਝਣ ਵਿੱਚ ਪੈ ਜਾਂਦੇ ਹਨ, ਲਾਰ ਟਪਕਾਉਂਦੇ ਹਨ ਅਤੇ ਮਨੁੱਖਾਂ ਤੋਂ ਉਨ੍ਹਾਂ ਦਾ ਡਰ ਖਤਮ ਹੋ ਜਾਂਦਾ ਹੈ। ਮਨੁੱਖਾਂ ਵਿਚ ਇਸ ਬਿਮਾਰੀ ਦੇ ਲਛਣ ਪਾਏ ਜਾਣ 'ਤੇ ਦੇਖਿਆ ਗਿਆ ਕਿ ਉਨ੍ਹਾਂ ਵਿਚ ਅਚਾਨਕ ਡਰ ਖਤਮ ਹੋ ਜਾਂਦਾ ਹੈ, ਉਹ ਹਮਲਾਵਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਦੌਰੇ ਪੈਂਦੇ ਹਨ।

ਉੱਤਰੀ ਕੈਰੋਲੀਨਾ ਵਿਚ 24 ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿਚੋਂ 2 ਸ਼ਿਕਾਰੀਆਂ ਨੇ ਮਰਨ ਤੋਂ ਪਹਿਲਾਂ ਹਿਰਨ ਦਾ ਮਾਸ ਖਾਧਾ ਸੀ ਅਤੇ ਬਾਅਦ ਵਿਚ ਉਨ੍ਹਾਂ ਅੰਦਰ ਗੰਭੀਰ ਲੱਛਣ ਦਿਖਾਈ ਦਿੱਤੇ। ਨਿਊਰੋਲੋਜੀ ਜਰਨਲ ਵਿਚ ਇੱਕ ਅਧਿਐਨ ਕ੍ਰੋਨਿਕ ਵੇਸਟਿੰਗ ਡਿਜ਼ੀਜ਼ ਦੇ ਘਾਤਕ ਖਤਰਿਆਂ ਨੂੰ ਦਰਸਾਉਂਦਾ ਹੈ, ਜੋ ਲਗਭਗ 100 ਘਾਤਕ ਹੈ, ਮਨੁੱਖਾਂ ਵਿਚ ਇਸਦੇ ਫੈਲਣ ਦਾ ਡਰ ਵਧ ਜਾਂਦਾ ਹੈ।

# ਸਭ ਤੋਂ ਵੱਧ ਮਿਲਟਰੀ ਖ਼ਰਚਾ ਕਰਨ ਵਾਲਾ ਚੌਥਾ ਦੇਸ਼ ਬਣਿਆ ਭਾਰਤ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ 2023 'ਚ 83.6 ਅਰਬ ਡਾਲਰ ਦੇ ਖਰਚੇ ਨਾਲ ਅਮਰੀਕਾ, ਚੀਨ ਅਤੇ ਰੂਸ ਤੋਂ ਬਾਅਦ ਵਿਸ਼ਵ ਪੱਧਰ 'ਤੇ ਚੌਥਾ ਸਭ ਤੋਂ ਵੱਡਾ ਮਿਲਟਰੀ ਖ਼ਰਚਾ ਕਰਨ ਵਾਲਾ ਦੇਸ਼ ਸੀ। ਇਕ ਸੁਤੰਤਰ ਅੰਤਰਰਾਸ਼ਟਰੀ ਸੰਸਥਾਨ ਨੇ ਆਪਣੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ (ਐੱਸ.ਆਈ.ਪੀ.ਆਰ.ਆਈ.) ਨੇ ਆਪਣੀ ਵੈੱਬਸਾਈਟ 'ਤੇ ਆਪਣੀ ਰਿਪੋਰਟ ਇਸ ਮਹੀਨੇ ਸਾਂਝੀ ਕੀਤੀ ਅਤੇ ਕਿਹਾ ਕਿ ਪਿਛਲੇ ਸਾਲ ਗਲੋਬਲ ਮਿਲਟਰੀ ਖਰਚਿਆਂ 'ਚ 'ਵਾਧੇ' ਲਈ ਮੁੱਖ ਤੌਰ 'ਤੇ ਯੂਕਰੇਨ 'ਚ ਚੱਲ ਰਹੀ ਜੰਗ ਅਤੇ ਏਸ਼ੀਆ ਤੇ ਓਸ਼ੀਨੀਆ ਅਤੇ ਪੱਛਮ ਏਸ਼ੀਆ 'ਚ ਵਧਦੇ 'ਭੂ-ਸਿਆਸੀ ਤਣਾਅ' ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਰਿਪੋਰਟ ਮੁਤਾਬਕ, "ਗਲੋਬਲ ਮਿਲਟਰੀ ਖਰਚਾ 2023 'ਚ ਲਗਾਤਾਰ ਨੌਵੇਂ ਸਾਲ ਵਧ ਕੇ ਕੁੱਲ 2443 ਅਰਬ ਡਾਲਰ ਤੱਕ ਪਹੁੰਚ ਗਿਆ। 2023 'ਚ 6.8 ਫੀਸਦੀ ਵਾਧਾ 2009 ਤੋਂ ਬਾਅਦ ਸਾਲਾਨਾ ਆਧਾਰ 'ਤੇ ਸਭ ਤੋਂ ਤੇਜ਼ ਵਾਧਾ ਸੀ ਅਤੇ ਇਸ ਨੇ ਗਲੋਬਲ ਖਰਚਿਆਂ ਨੂੰ ਐੱਸ.ਆਈ.ਪੀ.ਆਰ.ਆਈ. ਵੱਲੋਂ ਹੁਣ ਤੱਕ ਦਰਜ ਸਭ ਤੋਂ ਉੱਚੇ ਪੱਧਰ 'ਤੇ ਪਹੁੰਚਾ ਦਿੱਤਾ।"




# ਪੰਜਾਬੀ ਅਦਾਕਾਰ ਨਿਰਮਲ ਰਿਸ਼ੀ ਨੂੰ ਮਿਲਿਆ 'ਪਦਮ ਪੁਰਸਕਾਰ'

**ਜਲੰਧਰ, (ਪੰਜਾਬ ਮੇਲ)-** ਪੰਜਾਬੀ ਅਦਾਕਾਰ 'ਗੁਲਾਬੋ ਮਾਸੀ' ਯਾਨੀ ਨਿਰਮਲ ਰਿਸ਼ੀ ਨੂੰ 'ਪਦਮ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਜਿਸ ਨਾਲ ਨਿਰਮਲ ਰਿਸ਼ੀ ਨੇ ਇਕ ਵਾਰ ਫਿਰ ਪੰਜਾਬੀਆਂ ਦਾ ਮਾਣ ਵਧਾਇਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸੋਮਵਾਰ ਨੂੰ ਇਥੇ ਰਾਸ਼ਟਰਪਤੀ ਭਵਨ ਵਿਖੇ ਆਯੋਜਿਤ ਸਮਾਗਮ ਦੌਰਾਨ ਸਾਬਕਾ ਉਪ ਰਾਸ਼ਟਰਪਤੀ ਐੱਮ. ਵੈਂਕਈਆ ਨਾਇਡੂ ਅਤੇ ਸੁਲਭ ਇੰਟਰਨੈਸ਼ਨਲ ਦੇ ਸੰਸਥਾਪਕ ਬਿੰਦੇਸ਼ਵਰ ਪਾਠਕ ਅਤੇ ਕਈ ਹੋਰ ਉੱਘੀਆਂ ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਪ੍ਰਦਾਨ ਕੀਤੇ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਹੋਰ ਪਤਵੰਤੇ ਮੌਜੂਦ ਸਨ।






ਨਾਇਡੂ, ਪਾਠਕ ਅਤੇ ਪ੍ਰਸਿੱਧ ਭਰਤਨਾਟਿਅਮ ਡਾਂਸਰ ਪਦਮਾ ਸੁਬਰਾਮਨੀਅਮ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। ਪਾਠਕ ਨੂੰ ਇਹ ਪੁਰਸਕਾਰ ਮਰਨ ਉਪਰੰਤ ਦਿੱਤਾ ਗਿਆ।

ਅਭਿਨੇਤਾ ਮਿਥੁਨ ਚੱਕਰਵਰਤੀ, ਗਾਇਕਾ ਊਸ਼ਾ ਉਥੁਪ, ਉੱਤਰ ਪ੍ਰਦੇਸ਼ ਦੇ ਸਾਬਕਾ ਰਾਜਪਾਲ ਰਾਮ ਨਾਇਕ ਅਤੇ ਉਦਯੋਗਪਤੀ ਸੀਤਾਰਾਮ ਜਿੰਦਲ ਨੂੰ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ।

ਇਸ ਦੀਆਂ ਕੁਝ ਤਸਵੀਰਾਂ ਉਨ੍ਹਾਂ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਵੀ ਸਾਂਝੀਆਂ ਕੀਤੀਆਂ ਹਨ। ਫੈਨਜ਼ ਤੇ ਕਲਾਕਾਰ ਕੁਮੈਂਟ ਕਰਕੇ ਨਿਰਮਲ ਰਿਸ਼ੀ ਨੂੰ ਵਧਾਈਆਂ ਦੇ ਰਹੇ ਹਨ।

ਨਿਰਮਲ ਰਿਸ਼ੀ ਦਾ ਜਨਮ 27 ਅਗਸਤ, 1943 ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵੇ ਕਲਾ ਦੇ ਰਹਿਣ ਵਾਲੇ ਬਲਦੇਵ ਕਿਸ਼ਨ ਰਿਸ਼ੀ ਦੇ ਘਰ ਹੋਇਆ ਸੀ। ਨਿਰਮਲ ਰਿਸ਼ੀ ਆਪਣੀਆਂ ਤਿੰਨੇ ਭੈਣਾਂ 'ਚ ਸਭ ਤੋਂ ਛੋਟੀ ਹੈ। ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਥਿਏਟਰ ਕਰਨ ਦਾ ਸ਼ੌਂਕ ਸੀ ਪਰ ਇਸ ਦੇ ਨਾਲ ਹੀ ਉਹ ਐੱਨ.ਸੀ.ਸੀ. ਬੈਸਟ ਸ਼ੂਟਰ ਵੀ ਰਹੇ ਹਨ। ਇਸ ਤੋਂ ਇਲਾਵਾ ਖੋ-ਖੋ ਦੀ ਵਧੀਆ ਖਿਡਾਰਨ ਤੇ ਅਥਲੀਟ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਦੀ ਪੜਾਈ ਸ਼੍ਰੀ ਗੰਗਾਨਗਰ ਤੋਂ ਪੂਰੀ ਕੀਤੀ ਸੀ। ਇਸ ਤੋਂ ਇਲਾਵਾ ਉਹਨਾਂ ਨੇ ਪਟਿਆਲਾ ਦੇ ਫਿਜ਼ੀਕਲ ਕਾਲਜ ਤੋਂ ਟ੍ਰੇਨਿੰਗ ਵੀ ਲਈ ਹੈ। ਇੱਥੇ ਹੀ ਉਨ੍ਹਾਂ ਦੀ ਮੁਲਾਕਾਤ ਫ਼ਿਲਮ ਨਿਰਦੇਸ਼ਕ ਹਰਪਾਲ ਸਿੰਘ ਟਿਵਾਣਾ ਅਤੇ ਨੀਨਾ ਟਿਵਾਣਾ ਨਾਲ ਹੋਈ, ਜਿਸ ਤੋਂ ਬਾਅਦ ਉਹ ਰੰਗਮੰਚ ਦੀ ਦੁਨੀਆਂ ਨਾਲ ਜੁੜ ਗਏ।

ਨਿਰਮਲ ਰਿਸ਼ੀ ਨੇ ਹਰਪਾਲ ਟਿਵਾਣਾ ਦੀ ਟੀਮ ਨਾਲ ਮਿਲ ਕੇ ਕਈ ਡਰਾਮੇ ਕੀਤੇ। ਉਸ ਸਮੇਂ ਉਨ੍ਹਾਂ ਦੀ ਟੀਮ 'ਚ ਰਾਜ ਬੱਬਰ, ਓਮ ਪੁਰੀ ਤੇ ਸਰਦਾਰ ਸੋਹੀ ਸ਼ਾਮਲ ਸਨ। ਇਸ ਦੌਰਾਨ ਹਰਪਾਲ ਟਿਵਾਣਾ ਨੇ 'ਲੌਂਗ ਦਾ ਲਿਸ਼ਕਾਰਾ' ਫ਼ਿਲਮ ਬਣਾਈ, ਜਿਸ 'ਚ ਨਿਰਮਲ ਰਿਸ਼ੀ ਨੇ ਗੁਲਾਬੋ ਮਾਸੀ ਦਾ ਕਿਰਦਾਰ ਨਿਭਾਇਆ ਤੇ ਇਸੇ ਕਿਰਦਾਰ ਕਰਕੇ ਉਨ੍ਹਾਂ ਨੂੰ ਜ਼ਿਆਦਾਤਰ ਲੋਕ 'ਗੁਲਾਬੋ ਮਾਸੀ' ਦੇ ਨਾਂ ਨਾਲ ਜਾਣਦੇ ਹਨ। ਦੱਸ ਦਈਏ ਕਿ ਨਿਰਮਲ ਰਿਸ਼ੀ ਕਈ ਨਾਮੀ ਸਿਤਾਰਿਆਂ ਨਾਲ ਕੰਮ ਕਰਦੇ ਹੋਏ ਨਜ਼ਰ ਆ ਚੁੱਕੀ ਹੈ। ਨਿਰਮਲ ਰਿਸ਼ੀ ਨੇ ਬੀਤੇ ਸਾਲ ਨੀਰੂ ਬਾਜਵਾ ਨਾਲ ਫ਼ਿਲਮ 'ਬੂਹੇ ਬਾਰੀਆਂ' ਕੀਤੀ ਸੀ, ਇਸ 'ਚ ਉਨ੍ਹਾਂ ਦੇ ਕਿਰਦਾਰ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਇਸ ਤੋਂ ਇਲਾਵਾ ਉਹ ਜਲਦ ਹੀ 'ਨੀਂ ਮੈਂ ਸੱਸ ਕੁਟਣੀ 2', ਨਿਮਰਤ ਖਹਿਰਾ ਨਾਲ ਫ਼ਿਲਮ 'ਮਾਣਮੱਤੀ' 'ਚ ਵੀ ਨਜ਼ਰ ਆਉਣਗੇ।

ਦੱਸਣਯੋਗ ਹੈ ਕਿ ਨਿਰਮਲ ਰਿਸ਼ੀ ਨੇ 60 ਦੇ ਕਰੀਬ ਫ਼ਿਲਮਾਂ 'ਚ ਅਦਾਕਾਰੀ ਕੀਤੀ ਹੈ। 'ਲੌਂਗ ਦਾ ਲਿਸ਼ਕਾਰਾ' (1983), 'ਉੱਚਾ ਦਰ ਬਾਬੇ ਨਾਨਕ ਦਾ' (1985), 'ਦੀਵਾ ਬਲੇ ਸਾਰੀ ਰਾਤ', 'ਸੁਨੇਹਾ', 'ਲਵ ਪੰਜਾਬ' (2015), 'ਡੈਥ ਔਨ ਵੀਲਜ਼', 'ਵੁਮੇਨ ਫ੍ਰੋਮ ਦੀ ਈਸਟ', 'ਨਿੱਕਾ ਜ਼ੈਲਦਾਰ' (2016), 'ਅੰਗਰੇਜ' (2015), 'ਲਹੌਰੀਏ' (2017) ਅਤੇ 'ਨਿੱਕਾ ਜ਼ੈਲਦਾਰ 2' (2017) ਅਤੇ ਹੋਰ ਕਈ ਫ਼ਿਲਮਾਂ 'ਚ ਨਜ਼ਰ ਆ ਚੁੱਕੇ ਹਨ।

# ਐਡਵੋਕੇਟ ਧਾਮੀ ਵੱਲੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੀਮਾ ਪੋਤਾ 'ਚ ਹੋਈ ਬੇਅਦਬੀ ਦੀ ਸਖ਼ਤ ਨਿੰਦਾ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਚੀਮਾ ਪੋਤਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਇਸ ਘਟਨਾ ਦੇ ਦੋਸ਼ੀ ਕਿਸੇ ਵੀ ਕੀਮਤ 'ਤੇ ਬਖਸ਼ੇ ਨਹੀਂ ਜਾਣੇ ਚਾਹੀਦੇ। ਉਨ੍ਹਾਂ ਕਿਹਾ ਕਿ ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸ਼੍ਰੋਮਣੀ ਕਮੇਟੀ ਵੱਲੋਂ ਮੌਕੇ 'ਤੇ ਪਹੁੰਚ ਕੇ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੈਨੇਜਰ ਸ. ਅਵਤਾਰ ਸਿੰਘ ਅਤੇ ਪ੍ਰਚਾਰਕ ਭਾਈ ਕਲਿਆਣ ਸਿੰਘ ਰਾਹੀਂ ਜਾਂਚ ਰਿਪੋਰਟ ਮੰਗੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਪਿੰਡ ਵਾਸੀਆਂ ਵੱਲੋਂ ਮੁਕੇਰੀਆਂ ਪੁਲਿਸ ਥਾਣੇ ਵਿਚ ਪਰਚਾ ਦਰਜ ਕਰਵਾ ਦਿਤਾ ਗਿਆ ਹੈ ਪਰ ਸ਼੍ਰੋਮਣੀ ਕਮੇਟੀ ਇਸ ਵਿਚ ਹਰ ਪੱਧਰ ਉਤੇ ਸੰਗਤ ਨੂੰ ਸਹਿਯੋਗ ਦੇਵੇਗੀ, ਤਾਂ ਜੋ ਦੋਸ਼ੀਆਂ ਵਿਰੁੱਧ ਕਾਰਵਾਈ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਪੁਲਿਸ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀਆਂ ਦੀ ਭਾਲ ਕਰੇ ਅਤੇ ਜੇਕਰ ਕਿਸੇ ਤਰ੍ਹਾਂ ਦੀ ਢਿੱਲ ਵਰਤੀ ਗਈ, ਤਾਂ ਸੰਗਤ ਦੇ ਰੋਸ ਅਤੇ ਰੋਹ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਵੀ ਨਸ਼ਰ ਕੀਤਾ ਜਾਣਾ ਚਾਹੀਦਾ ਹੈ।

ਐਡਵੋਕੇਟ ਧਾਮੀ ਨੇ ਆਖਿਆ ਕਿ ਪੰਜਾਬ ਅੰਦਰ ਬੇਅਦਬੀ ਦੀਆਂ ਘਟਨਾਵਾਂ ਦੇ ਮਾਮਲੇ ਲਗਾਤਾਰ ਵਾਪਰ ਰਹੇ ਹਨ, ਪਰ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਕਰਕੇ ਦੋਸ਼ੀ ਬਚ ਨਿਕਲਦੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਸ ਘਟਨਾ ਨੇ ਇਕ ਵਾਰ ਫਿਰ ਸਿੱਖਾਂ ਨੇ ਨਾਲ-ਨਾਲ ਹਰ ਸੰਜੀਦਾ ਮਨੁੱਖ ਝੰਜੋੜਿਆ ਹੈ। ਐਡਵੋਕੇਟ ਧਾਮੀ ਨੇ ਮੰਗ ਕੀਤੀ ਕਿ ਬੇਅਦਬੀਆਂ ਦੇ ਮਾਮਲੇ ਵਿਚ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਬੇਹੱਦ ਲਾਜ਼ਮੀ ਹੋਵੇ ਅਤੇ ਅਜਿਹੇ ਮਾਮਲਿਆਂ ਵਿਚ ਤੇਜ਼ੀ ਨਾਲ ਅਦਾਲਤੀ ਸੁਣਵਾਈ ਯਕੀਨੀ ਬਣੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀਸੀਟੀਵੀ ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ 'ਚ ਹਾਜ਼ਰ ਰਹਿਣ।






US

US Transport Inc.

Davinder Singh Jhawar

916-919-7061

ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।

Hiring safe and experienced owner-operators

Designed By Punjab Mail USA

9875 Dino Drive, Elk Grove, CA 95624

# ਜਲੰਧਰ ’ਚ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਸ਼ੁਰੂ !

- ਜਲੰਧਰ ’ਚ ਸਿਰਫ ਕਾਂਗਰਸ ਨੇ ਹੀ ਆਪਣਾ ਉਮੀਦਵਾਰ ਚੋਣ ਮੈਦਾਨ ’ਚ ਉਤਾਰਿਆ
- ਬਾਕੀ ਪਾਰਟੀਆਂ ਨੇ ਪਾਰਟੀ ਬਦਲ ਕੇ ਆਏ ਉਮੀਦਵਾਰ ਉਤਾਰੇ



**ਲੁਧਿਆਣਾ, (ਪੰਜਾਬ ਮੇਲ)-** ਦੁਆਬੇ ਦੀ ਰਾਜਧਾਨੀ ਜਲੰਧਰ ਲੋਕ ਸਭਾ ਹਲਕੇ ’ਚ ਅੱਜਕੱਲ ਚੋਣ ਪ੍ਰਚਾਰ ਸ਼ੁਰੂ ਹੋ ਗਿਆ ਹੈ।

ਜੇਕਰ ਗੱਲ ਕੀਤੀ ਜਾਵੇ, ਤਾਂ ਸਾਰੀ ਉਮਰ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ, ਮੈਂਬਰ ਪਾਰਲੀਮੈਂਟ, ਕੈਬਨਿਟ ਮੰਤਰੀ ਰਹੇ ਮਹਿੰਦਰ ਸਿੰਘ ਕੇ.ਪੀ. ਹੁਣ ਕੱਟੜ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਣ ਕੇ ਤੱਕੜੀ ਦਾ ਗੁਣਗਾਨ ਕਰਨਗੇ ਤੇ ਕਾਂਗਰਸ ਨੂੰ ਚੌਰਾਹੇ ’ਚ ਭੰਡਣਗੇ।

ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ’ਤੇ ਵਿਧਾਇਕ, ਚੀਫ ਸੰਸਦੀ ਸਕੱਤਰ ਰਹੇ ਪਵਨ ਕੁਮਾਰ ਟੀਨੂੰ ਨੇ ਹੁਣ ਝਾੜੂ ਫੜ ਲਿਆ ਹੈ ਤੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਦੇ ਦੁਆਲੇ ਹੋਣਗੇ। ਇਸੇ ਤਰ੍ਹਾਂ ਕਿਸੇ ਵੇਲੇ ਕਾਂਗਰਸ ਦੇ ਵਿਧਾਇਕ ਰਹੇ ਤੇ ਪਿਛਲੇ ਸਾਲ ਭਗਵੰਤ ਮਾਨ ਦੀ ਟਿਕਟ ’ਤੇ ਜ਼ਿਮਨੀ ਚੋਣ ਜਿੱਤਣ ਵਾਲੇ ਸੁਸ਼ੀਲ ਕੁਮਾਰ ਰਿੰਕੂ ਪਲਟਾ ਮਾਰ ਕੇ ਭਾਜਪਾ ’ਚ ਚਲੇ ਗਏ।

ਹੁਣ ਉਹ ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਆੜੇ ਹੱਥੀਂ ਲੈਂਣਗੇ। ਜੇਕਰ ਇਸ ਹਲਕੇ ’ਚ ਕਿਸੇ ਪਾਰਟੀ ਨੇ ਆਪਣਾ ਉਮੀਦਵਾਰ ਮੈਦਾਨ ’ਚ ਉਤਾਰਿਆ ਹੈ, ਤਾਂ ਉਹ ਕਾਂਗਰਸ ਹੈ, ਜਿਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਟਿਕਟ ਦੇ ਕੇ ਨਿਵਾਜਿਆ ਹੈ। ਹੁਣ ਇਸ ਲੋਕ ਸਭਾ ਹਲਕੇ ਤੋਂ ਕਿਸੇ ਵੀ ਵੇਲੇ ਪਾਰਟੀਆਂ ’ਚ ਰਹੇ ਹੀਰੇ ਹੁਣ ਆਪੋ ਆਪਣੀਆਂ ਮਾਂ ਪਾਰਟੀਆਂ ਕਿਵੇਂ ਭੰਡਣਗੇ। ਇਸ ਲਈ ਇਹ ਦੇਖਣ ਲਈ ਦੁਆਬੇ ਦੇ ਵੋਟਰ ਤਿਆਰ ਹੋ ਜਾਣ।

# ਕਾਂਗਰਸ ਨੇ ਜਾਰੀ ਕੀਤੀ ਉਮੀਦਵਾਰਾਂ ਦੀ ਦੂਜੀ ਲਿਸਟ

- ਕਾਂਗਰਸ ਪਹਿਲਾਂ ਕਰ ਚੁੱਕੀ ਹੈ 6 ਉਮੀਦਵਾਰਾਂ ਦੇ ਨਾਮ ਐਲਾਨ



**ਚੰਡੀਗੜ੍ਹ, (ਪੰਜਾਬ ਮੇਲ)-** ਕਾਂਗਰਸ ਨੇ ਪੰਜਾਬ ਵਿਚ ਲੋਕ ਸਭਾ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ, ਜਿਸ ਮੁਤਾਬਕ ਫਰੀਦਕੋਟ ਤੋਂ ਸੰਸਦ ਮੈਂਬਰ ਮੁਹੰਮਦ ਸਦੀਕ ਦੀ ਟਿਕਟ ਕੱਟੀ ਗਈ ਹੈ। ਕਾਂਗਰਸ ਨੇ ਇਸ ਵਾਰ 2 ਮਹਿਲਾ ਉਮੀਦਵਾਰਾਂ ’ਤੇ ਦਾਅ ਖੇਡਿਆ ਹੈ। ਪਾਰਟੀ ਨੇ ਹੁਸ਼ਿਆਰਪੁਰ ਤੋਂ ਯਾਮਿਨੀ ਗੋਮਰ ਅਤੇ ਫਰੀਦਕੋਟ ਤੋਂ ਅਮਰਜੀਤ ਕੌਰ ਸਾਹੋਕੇ ਨੂੰ ਟਿਕਟ ਦਿੱਤੀ ਹੈ।

2016 ’ਚ ਗੋਮਰ ‘ਆਪ’’ ਨਾਲ ਮਤਭੇਦਾਂ ਕਾਰਨ ਪਾਰਟੀ ਛੱਡ ਕੇ ਕਾਂਗਰਸ ’ਚ ਸ਼ਾਮਲ ਹੋ ਗਏ ਸਨ। ਪੰਜਾਬ ਵਿਚ ਕਾਂਗਰਸ ਹੁਣ ਤੱਕ 8 ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। 5 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਹੋਣਾ ਬਾਕੀ ਹੈ। ਇਨ੍ਹਾਂ ਵਿਚ ਖਡੂਰ ਸਾਹਿਬ, ਲੁਧਿਆਣਾ, ਗੁਰਦਾਸਪੁਰ, ਆਨੰਦਪੁਰ ਸਾਹਿਬ ਅਤੇ ਫ਼ਿਰੋਜ਼ਪੁਰ ਸ਼ਾਮਲ ਹਨ।

ਅਮਰਜੀਤ ਕੌਰ ਸਾਹੋਕੇ ਨੇ 2017 ’ਚ ਅਤੇ ਉਨ੍ਹਾਂ ਦੇ ਪਤੀ ਭੁਪਿੰਦਰ ਸਾਹੋਕੇ ਨੇ 2022 ਦੀ ਵਿਧਾਨ ਸਭਾ ਚੋਣ ਨਿਹਾਲ ਸਿੰਘ ਵਾਲਾ ਸੀਟ ਤੋਂ ਲੜੀ ਸੀ, ਪਰ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਜਦਕਿ ਗੋਮਰ ਨੇ 2014 ’ਚ ਆਮ ਆਦਮੀ ਪਾਰਟੀ ਦੀ ਟਿਕਟ ’ਤੇ ਚੋਣ ਲੜੀ ਸੀ, ਪਰ ਉਹ ਵੀ ਜਿੱਤ ਨਹੀਂ ਸਕੇ ਸਨ।

ਇਸ ਤੋਂ ਪਹਿਲਾ ਕਾਂਗਰਸ ਨੇ 6 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਸੀ, ਜਿਸ ਵਿਚ ਅੰਮ੍ਰਿਤਸਰ ਤੋਂ ਮੌਜੂਦਾ ਸੰਸਦ ਮੈਂਬਰ ਗੁਰਜੀਤ ਔਜਲਾ ਅਤੇ ਫਤਹਿਗੜ੍ਹ ਸਾਹਿਬ ਤੋਂ ਡਾ: ਅਮਰ ਸਿੰਘ ਨੂੰ ਟਿਕਟ ਦਿੱਤੀ ਗਈ ਹੈ। ਬਾਕੀ 4 ਸੀਟਾਂ ’ਤੇ ਨਵੇਂ ਚਿਹਰੇ ਮੈਦਾਨ ’ਚ ਉਤਾਰੇ ਗਏ ਹਨ, ਜਿਸ ਅਨੁਸਾਰ ਬਠਿੰਡਾ ਦੇ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੱਧੂ ਨੂੰ ਉਮੀਦਵਾਰ ਬਣਾਇਆ ਗਿਆ, ਜਦਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਜਲੰਧਰ ਤੋਂ ਟਿਕਟ ਦਿੱਤੀ ਗਈ ਹੈ। ਇਸ ਦੇ ਨਾਲ ਹੀ ਸੰਗਰੂਰ ਤੋਂ ਸੁਖਪਾਲ ਖਹਿਰਾ ਅਤੇ ਪਟਿਆਲਾ ਤੋਂ ਡਾ: ਧਰਮਵੀਰ ਗਾਂਧੀ ਨੂੰ ਟਿਕਟ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਪਿਛਲੇ ਦਿਨੀਂ ਕਲਾਕਾਰਾਂ ’ਤੇ ਨਿਸ਼ਾਨਾ ਸਾਧਦੇ ਕਿਹਾ ਕਿ ਇੱਕ ਵਾਰ ਜਦੋਂ ਕਲਾਕਾਰ ਨੇਤਾ ਬਣ ਜਾਂਦਾ ਹੈ, ਉਹ ਇਲਾਕੇ ਵਿਚ ਫਿਰ ਵਾਪਸ ਨਹੀਂ ਆਉਂਦਾ। ਉਨ੍ਹਾਂ ਕਿਹਾ ਸੀ ਕਿ ਜਿਸ ਦਾ ਜੋ ਕੰਮ ਹੈ, ਉਸ ਨੂੰ ਉਹੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨੇਤਾ ਬਣਨ ਤੋਂ ਬਾਅਦ ਨੇਤਾ ਨੇ ਸੰਸਦ ਵਿਚ ਛੈਣੇ ਨਹੀਂ ਬਜਾਉਣੇ ਹੁੰਦੇ, ਬਲਕਿ ਲੋਕਾਂ ਦੇ ਮਸਲੇ ਹੱਲ ਕਰਾਉਣੇ ਹੁੰਦੇ ਹਨ।

ਵਰਨਣਯੋਗ ਹੈ ਕਿ ਭਾਜਪਾ ਨੇ ਗਾਇਕ ਹੰਸਰਾਜ ਹੰਸ ਨੂੰ ਅਤੇ ‘ਆਪ’ ਨੇ ਕਲਾਕਾਰ ਕਰਮਜੀਤ ਅਨਮੋਲ ਨੂੰ ਫਰੀਦਕੋਟ ਤੋਂ ਟਿਕਟ ਦਿੱਤੀ ਹੈ। ਇਸ ਵਿਚਕਾਰ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਕਾਂਗਰਸ ਵਲੋਂ ਲੋਕ ਸਭਾ ਮੈਂਬਰ ਮੁਹੰਮਦ ਸਦੀਕ ਨੂੰ ਟਿਕਟ ਦਿੱਤੀ ਜਾਵੇਗੀ ਪਰ ਰਾਜਾ ਵੜਿੰਗ ਦੇ ਇਸ ਬਿਆਨ ਤੋਂ ਸਾਫ ਹੋ ਗਿਆ ਸੀ ਕਿ ਕਾਂਗਰਸ ਕਲਾਕਾਰਾਂ ਨੂੰ ਟਿਕਟ ਦੇਣ ਦੇ ਹੱਕ ਵਿਚ ਨਹੀਂ ਹੈ।

# ਲੋਕ ਸਭਾ ਚੋਣਾਂ: ਰੁੱਸਣ-ਮਨਾਉਣ ਦਾ ਸਿਲਸਿਲਾ ਹੋਇਆ ਤੇਜ਼

**ਚੰਡੀਗੜ੍ਹ, (ਪੰਜਾਬ ਮੇਲ)-** ਜਿਵੇਂ-ਜਿਵੇਂ ਲੋਕ ਸਭਾ ਚੋਣਾਂ ਨਜ਼ਦੀਕ ਆ ਰਹੀਆਂ ਹਨ। ਤਿਵੇਂ-ਤਿਵੇਂ ਪੰਜਾਬ ਸਿਆਸੀ ਸਰਗਰਮੀਆਂ ’ਚ ਵਾਧਾ ਹੁੰਦਾ ਜਾ ਰਿਹਾ ਹੈ। ਚੋਣਾਂ ਦੇ ਮੱਦੇਨਜ਼ਰ ਰੁੱਸਣ, ਮਨਾਉਣ ਦਾ ਸਿਲਸਿਲਾ ਵੀ ਤੇਜ਼ ਹੁੰਦਾ ਜਾ ਰਿਹਾ ਹੈ ਅਤੇ ਦਲਬਦਲੀ ਦੇ ਰੁਝਾਨ ਨੇ ਵੀ ਜ਼ੋਰ ਫੜਿਆ ਹੋਇਆ ਹੈ। ਜਿਵੇਂ ਹੀ ਪਾਰਟੀਆਂ ਆਪਣੀ ਉਮੀਦਵਾਰਾਂ ਦੀ ਸੂਚੀ ਜਾਰੀ ਕਰਦਾ ਹੈ, ਤਾਂ ਕੋਈ ਨਾ ਕੋਈ ਨੇਤਾ ਪਾਰਟੀ ਤੋਂ ਨਾਰਾਜ਼ ਹੋ ਜਾਂਦਾ ਹੈ ਤੇ ਪਾਰਟੀ ਅਗਲੀ ਰਣਨੀਤੀ ਨੂੰ ਭੁੱਲ ਕੇ ਰੁੱਸਿਆਂ ਨੂੰ ਮਨਾਉਣ ’ਚ ਲੱਗ ਜਾਂਦੀ ਹੈ। ਇਹ ਹਾਲ ਕਿਸੇ ਇਕ ਪਾਰਟੀ ਦਾ ਨਹੀਂ, ਸਗੋਂ ਸਾਰੀਆਂ ਪਾਰਟੀਆਂ ਦਾ ਹੈ।

ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਜਲੰਧਰ ਪੱਛਮੀ ਤੋਂ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਅਤੇ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਪਾਰਟੀ ਤੋਂ ਨਾਰਾਜ਼ਗੀ ਦੇ ਚੱਲਦੇ ਭਾਜਪਾ ਵਿਚ ਸ਼ਾਮਲ ਹੋ ਗਏ। ਦੂਜੇ ਪਾਸੇ ਭਾਜਪਾ ਦੀ ਗੱਲ ਕਰੀਏ, ਤਾਂ ਟਿਕਟ ਨਾ ਮਿਲਣ ਕਾਰਨ ਪੰਜਾਬ ਭਾਜਪਾ ਦੇ ਸੀਨੀਅਰ ਨੇਤਾ ਵਿਜੇ ਸਾਂਪਲਾ ਵੀ ਪਾਰਟੀ ਤੋਂ ਨਾਰਾਜ਼ ਹੋ ਗਏ, ਪਰ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੂੰ ਮਨਾਉਣ ਲਈ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਉਨ੍ਹਾਂ ਦੇ ਘਰ ਪਹੁੰਚੇ ਸਨ। ਇਸ ਬਾਰੇ ਆਮ ਜਨਤਾ ਨੂੰ ਹਾਲੇ ਤੱਕ ਸਾਫ ਨਹੀਂ ਹੋ ਸਕਿਆ ਕਿ ਉਹ ਹੁਣ ਨਾਰਾਜ਼ ਹਨ ਕਿ ਨਹੀਂ ?

ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕੀਤੀ ਜਾਵੇ, ਤਾਂ ਪਵਨ ਕੁਮਾਰ ਟੀਨੂੰ ਪਾਰਟੀ ਤੋਂ ਨਾਰਾਜ਼ਗੀ ਦੇ ਚੱਲਦੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ ਤੇ ਪਾਰਟੀ ਨੇ ਵੀ ਉਨ੍ਹਾਂ ਨੂੰ ਜਲੰਧਰ ਤੋਂ ਉਮੀਦਵਾਰ ਐਲਾਨ ਦਿੱਤਾ ਹੈ। ਨਾਲ ਹੀ ਜੇਕਰ ਇਕ ਹੋਰ ਵੱਡੇ ਨੇਤਾ ਦੀ ਗੱਲ ਕਰੀਏ, ਤਾਂ ਢੀਂਡਸਾ ਪਰਿਵਾਰ ਵੀ ਸ਼੍ਰੋਮਣੀ ਅਕਾਲੀ ਦਲ ਤੋਂ ਟਿਕਟ ਨਾ ਮਿਲਣ ਕਾਰਨ ਨਾਰਾਜ਼ ਚੱਲ ਰਿਹਾ ਹੈ। ਇਹੀ ਕਾਰਨ ਹੈ ਕਿ ਅਕਾਲੀ ਦਲ ਦੇ ਸੀਨੀਅਰ ਨੇਤਾ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਵੀ ਸ਼੍ਰੋਮਣੀ ਅਕਾਲੀ ਦਲ ਤੋਂ ਬਹੁਤਾ ਖੁਸ਼ ਨਹੀਂ ਸਨ, ਜਿਸ ਕਾਰਨ ਉਹ ਪਿਛਲੇ ਦਿਨੀਂ ਭਾਜਪਾ ਵਿਚ ਸ਼ਾਮਲ ਹੋ ਗਏ ਸਨ ਤੇ ਉਨ੍ਹਾਂ ਨੂੰ ਬਠਿੰਡਾ ਲੋਕ ਸਭਾ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਗਿਆ। ਇਸੇ ਤਰ੍ਹਾਂ ਕਾਂਗਰਸ ਦੇ ਵਰਕਰ ਪਾਰਟੀ ਹਾਈ ਕਮਾਂਡ ਤੋਂ ਨਾਰਾਜ਼ ਨਜ਼ਰ ਆਏ ਹਨ। ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਜਲੰਧਰ ਤੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਜਲੰਧਰ ਦਾ ਚੌਧਰੀ ਪਰਿਵਾਰ ਪਾਰਟੀ ਤੋਂ ਨਾਰਾਜ਼ ਹੋ ਗਿਆ, ਜਿਸ ਤੋਂ ਬਾਅਦ ਮਰਹੂਮ ਚੌਧਰੀ ਸੰਤੋਖ ਸਿੰਘ ਦੀ ਪਤਨੀ ਨੇ ਭਾਜਪਾ ਜੁਆਇਨ ਕਰ ਲਈ। ਉਨ੍ਹਾਂ ਦੇ ਪੁੱਤਰ ਵੀ ਕਾਂਗਰਸ ਵਿਚ ਹੋ ਕੇ ਚਰਨਜੀਤ ਚੰਨੀ ਨੂੰ ਟਿਕਟ ਦੇਣ ’ਤੇ ਖੁਸ਼ ਨਹੀਂ। ਉਹ ਵੀ ਚੰਨੀ ’ਤੇ ਲਗਾਤਾਰ ਸ਼ਬਦੀ ਹਮਲੇ ਕਰ ਰਹੇ ਹਨ।


ਪੰਜਾਬ ਮੇਲ ’ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 ’ਤੇ ਸੰਪਰਕ ਕਰੋ।

**MATRIMONIAL**

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

**ਕੰਨਿਆ ਦੀ ਲੋੜ**

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

**ਕੰਨਿਆ ਦੀ ਲੋੜ**

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5’-10’’, ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

**MATRIMONIAL**

Jath Sikh, 28 yrs, height 6’-2” feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

**MATRIMONIAL**

Lovepreet Singh Gill, 26 yrs old, 5’11”. US citizen, own small trucking company, living in Sacramento CA

**MATRIMONIAL**

Jat Sikh Mann parents seeks a SMF for their son, 34 years old, 5’-6” tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

**MATRIMONIAL**

Seeking alliance for a beautiful 33 year old Sikh Rajput girl height 5’3” Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

**MATRIMONIAL**

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਪੰਜਾਬ ’ਚ ਲੋਕ ਸਭਾ ਚੋਣਾਂ ਤੋਂ ਬਾਅਦ ਵੀ ਕੁੱਝ ਸੀਟਾਂ ’ਤੇ ਚੱਲਦੀ ਰਹੇਗੀ ਖਿੱਚੋਤਾਣ !

**ਜਲੰਧਰ, (ਪੰਜਾਬ ਮੇਲ)-** ਦੇਸ਼ ’ਚ ਲੋਕ ਸਭਾ ਚੋਣਾਂ ਤਾਂ ਜੂਨ ਦੇ ਪਹਿਲੇ ਹਫ਼ਤੇ ’ਚ ਖ਼ਤਮ ਹੋ ਜਾਣਗੀਆਂ ਅਤੇ ਚੋਣ ਬੁਖਾਰ ਹੌਲੀ-ਹੌਲੀ ਉਤਰਨਾ ਸ਼ੁਰੂ ਹੋ ਜਾਵੇਗਾ ਪਰ ਪੰਜਾਬ ’ਚ ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ ਨੂੰ ਅਗਲੇ ਕੁਝ ਸਮੇਂ ਤਕ ਆਪਸ ’ਚ ਸਿਆਸੀ ਤੌਰ ’ਤੇ ਭਿੜਨਾ ਪਵੇਗਾ।

ਪੰਜਾਬ ’ਚ 3 ਹੋਰ ਵਿਧਾਇਕਾਂ ਨੂੰ ਲੋਕ ਸਭਾ ਚੋਣਾਂ ’ਚ ਟਿਕਟ ਦਿੱਤੇ ਜਾਣ ਪਿੱਛੋਂ ਇਹ ਤੈਅ ਹੋ ਗਿਆ ਹੈ ਕਿ ਲੋਕ ਸਭਾ ਚੋਣਾਂ ਸੰਪੰਨ ਹੋਣ ਪਿੱਛੋਂ ਵਿਧਾਨ ਸਭਾ ਚੋਣਾਂ ਲਈ ਉਨ੍ਹਾਂ ਨੂੰ ਆਪਸ ’ਚ ਭਿੜਨਾ ਪਵੇਗਾ। ਵਿਧਾਨ ਸਭਾ ਦੀਆਂ ਖਾਲੀ ਹੋਣ ਵਾਲੀਆਂ ਸੀਟਾਂ ਨੂੰ ਲੈ ਕੇ ਸਿਆਸੀ ਪਾਰਟੀਆਂ ਅੰਦਰ ਖਿੱਚੋਤਾਣ ਚੱਲਦੀ ਰਹੇਗੀ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਆਪਣੇ 5 ਮੰਤਰੀਆਂ ਨੂੰ ਲੋਕ ਸਭਾ ਲਈ ਟਿਕਟ ਦਿੱਤੀ ਸੀ।





‘ਆਪ’ ਨੇ ਸੂਬੇ ’ਚ ਹੁਣ ਤਕ 5 ਮੰਤਰੀਆਂ ਤੋਂ ਇਲਾਵਾ 3 ਵਿਧਾਇਕਾਂ ਨੂੰ ਟਿਕਟਾਂ ਦਿੱਤੀਆਂ ਹਨ। ਇਸ ਤਰ੍ਹਾਂ ਕੁੱਲ 8 ਵਿਧਾਨ ਸਭਾ ਸੀਟਾਂ ਦੀ ਪ੍ਰਤੀਨਿਧਤਾ ਕਰਨ ਵਾਲੇ ‘ਆਪ’ ਆਗੂ ਚੋਣ ਮੈਦਾਨ ’ਚ ਉਤਰੇ ਹੋਏ ਹਨ। ਇਨ੍ਹਾਂ 8 ਸੀਟਾਂ ’ਚੋਂ ਜਿੰਨੀਆਂ ਸੀਟਾਂ ’ਤੇ ਵੀ ਉਮੀਦਵਾਰ ਜੇਤੂ ਹੋਣਗੇ ਓਨੀਆਂ ’ਤੇ ਕੇਂਦਰੀ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਸੰਪੰਨ ਹੋਣ ਦੇ 6 ਮਹੀਨਿਆਂ ਅੰਦਰ ਵਿਧਾਨ ਸਭਾ ਚੋਣਾਂ ਕਰਵਾਉਣੀਆਂ ਪੈਣਗੀਆਂ। ਪਿਛਲੇ ਦਿਨੀਂ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਭਾਜਪਾ ’ਚ ਸ਼ਾਮਲ ਹੋਏ ਸ਼ੀਤਲ ਅੰਗੁਰਾਲ ਦਾ ਅਸਤੀਫਾ ਭਾਵੇਂ ਸਵੀਕਾਰ ਨਹੀਂ ਹੋਇਆ ਪਰ ਫਿਰ ਵੀ ਦੇਰ-ਸਵੇਰ ਉਨ੍ਹਾਂ ਦੀ ਵੀ ਜਲੰਧਰ ਪੱਛਮੀ ਵਿਧਾਨ ਸਭਾ ਸੀਟ ਖਾਲੀ ਹੋ ਜਾਵੇਗੀ। ਇਸ ਲਈ ਇਸ ਸੀਟ ’ਤੇ ਵੀ ਕੇਂਦਰੀ ਚੋਣ ਕਮਿਸ਼ਨ ਨੂੰ ਉਪ-ਚੋਣ ਕਰਵਾਉਣੀ ਪਵੇਗੀ। ਲੋਕ ਸਭਾ ਚੋਣਾਂ ਸੰਪੰਨ ਹੋਣ ’ਤੇ ਭਾਵੇਂ ਸਿਆਸਤਦਾਨਾਂ ਨੂੰ ਰਾਹਤ ਮਿਲੇਗੀ ਪਰ ਇਸ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਮਾਨ ਤੇ ਹੋਰ ਸਿਆਸੀ ਆਗੂਆਂ ਵਿਚਾਲੇ ਆਪਸੀ ਖਿੱਚੋਤਾਣ ਚੱਲਦੀ ਰਹੇਗੀ। ਲੋਕ ਸਭਾ ਚੋਣਾਂ ਸੰਪੰਨ ਹੋਣ ਪਿੱਛੋਂ ਪੰਜਾਬ ਸਰਕਾਰ ਦਾ ਪੂਰਾ ਧਿਆਨ ਉਪ-ਚੋਣਾਂ ਵੱਲ ਰਹੇਗਾ, ਇਸ ਲਈ ਖਾਲੀ ਹੋਣ ਵਾਲੀਆਂ ਸੀਟਾਂ ’ਤੇ ਸਰਕਾਰ ਵਲੋਂ ਵਿਕਾਸ ਕਾਰਜ ਕਰਵਾਉਣ ਲਈ ਵੱਧ ਧਿਆਨ ਦਿੱਤਾ ਜਾਵੇਗਾ।

# ਲੋਕ ਸਭਾ ਚੋਣਾਂ-2024: ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਮਈ ਬਣਾਉਣ ਵਾਸਤੇ ਚੁੱਕੇ ਗਏ ਕਦਮਾਂ ਦੀ ਦਿੱਤੀ ਜਾਣਕਾਰੀ

- ‘ਇਸ ਵਾਰ 70 ਪਾਰ’ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਬਿਆਨਦਾ ਪੌਡਕਾਸਟ ਦਾ ਦੂਜਾ ਐਪੀਸੋਡ ਰਿਲੀਜ਼
- ਵੋਟਰਾਂ ਨੂੰ ਬਿਨਾਂ ਕਿਸੇ ਦਬਾਅ ਦੇ ਵੋਟਿੰਗ ਕਰਨ ਅਤੇ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਵਿਚ ਆਪਣਾ ਯੋਗਦਾਨ ਪਾਉਣ ਦੀ ਅਪੀਲ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਦੂਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) ’ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਐਪੀਸੋਡ ਵਿਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ-2024 ਵਿਚ ‘ਇਸ ਵਾਰ 70 ਪਾਰ ਦੇ ਟੀਚੇ’ ਨੂੰ ਪ੍ਰਾਪਤ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ।

ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ‘ਇਸ ਵਾਰ 70 ਪਾਰ’ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਰੇ ਜ਼ਿਲ੍ਹਿਆਂ ਵਿਚ ਵੱਡੇ ਪੱਧਰ ’ਤੇ ਜਾਗਰੂਕਤਾ ਮੁਹਿੰਮਾਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਹਿੰਮਾਂ ਦੌਰਾਨ ਵੋਟਰਾਂ ਨੂੰ ਬਿਨਾਂ ਕਿਸੇ ਦਬਾਅ ਅਤੇ ਨਿਰਪੱਖ ਤਰੀਕੇ ਨਾਲ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ, ਤਾਂ ਜੋ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਵਿਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਚੋਣਾਂ ਵਿਚ ਨੌਜਵਾਨ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸੋਸ਼ਲ ਮੀਡੀਆ ਉੱਤੇ ਚਲਾਈਆਂ ਜਾ ਰਹੀਆਂ ਵਿਸ਼ੇਸ਼ ਮੁਹਿੰਮਾਂ ਦਾ ਵੀ ਜ਼ਿਕਰ ਕੀਤਾ।

ਸਿਬਿਨ ਸੀ ਨੇ ਪੋਡਕਾਸਟ ਵਿਚ ਇਸ ਵਾਰ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਦਾਇਕ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਬਹੁਤ ਸਪੱਸ਼ਟ ਤਰੀਕੇ ਨਾਲ ਦੱਸਿਆ ਹੈ ਅਤੇ ਵੋਟਰਾਂ ਦੀ ਸਹੂਲਤ ਲਈ ਕੀਤੇ ਗਏ ਪ੍ਰਬੰਧਾਂ ਉੱਤੇ ਵੀ ਚਾਨਣਾ ਪਾਇਆ ਹੈ। ਜ਼ਿਕਰਯੋਗ ਹੈ ਕਿ ਪੋਡਕਾਸਟ ਦੇ ਪਹਿਲੇ ਐਪੀਸੋਡ ਵਿਚ ਮੁੱਖ ਚੋਣ ਅਧਿਕਾਰੀ ਵੱਲੋਂ ਸੀ-ਵਿਜ਼ਲ ਐਪਲੀਕੇਸ਼ਨ ਬਾਰੇ ਜਾਣਕਾਰੀ ਦਿੱਤੀ ਗਈ ਸੀ।

## ਅਦਾਲਤ ਨੇ ਸਿਸੋਦੀਆ ਦੀ ਜ਼ਮਾਨਤ ਅਰਜ਼ੀ ’ਤੇ ਫ਼ੈਸਲਾ ਸੁਰੱਖਿਅਤ ਰੱਖਿਆ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਆਬਕਾਰੀ ਨੀਤੀ ਮਾਮਲੇ ਵਿਚ ਸੀ.ਬੀ.ਆਈ. ਅਤੇ ਈ.ਡੀ. ਵੱਲੋਂ ਦਾਇਰ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਕੇਸਾਂ ਵਿਚ ‘ਆਪ’ ਆਗੂ ਮਨੀਸ਼ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ’ਤੇ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਸੀ.ਬੀ.ਆਈ. ਅਤੇ ਈ.ਡੀ. ਲਈ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਕੇਂਦਰੀ ਜਾਂਚ ਏਜੰਸੀਆਂ ਦੇ ਨਾਲ-ਨਾਲ ਸਿਸੋਦੀਆ ਵੱਲੋਂ ਪੇਸ਼ ਹੋਏ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ 30 ਅਪ੍ਰੈਲ ਲਈ ਫੈਸਲਾ ਰਾਖਵਾਂ ਰੱਖ ਲਿਆ ਹੈ।

## ਅਦਾਲਤ ਵੱਲੋਂ ਕੇਜਰੀਵਾਲ ਦੀ ਸਿਹਤ ਜਾਂਚ ਲਈ ਏਮਜ਼ ਨੂੰ ਮੈਡੀਕਲ ਬੋਰਡ ਕਾਇਮ ਕਰਨ ਦੇ ਨਿਰਦੇਸ਼



**ਨਵੀਂ ਦਿੱਲੀ, (ਪੰਜਾਬ ਮੇਲ)-** ਇਥੋਂ ਦੀ ਅਦਾਲਤ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਨੂੰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਡਾਕਟਰੀ ਜਾਂਚ ਲਈ ਮੈਡੀਕਲ ਬੋਰਡ ਕਾਇਮ ਕਰਨ ਦੇ ਨਿਰਦੇਸ਼ ਦਿੱਤੇ ਹਨ। ਬੋਰਡ ਤੈਅ ਕਰੇਗਾ ਕਿ ਕੀ ਕੇਜਰੀਵਾਲ ਨੂੰ ਆਪਣੇ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਲਈ ਇਨਸੁਲਿਨ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਬੋਰਡ ਉਨ੍ਹਾਂ ਦੀ ਸਿਹਤ ਨਾਲ ਜੁੜੇ ਹੋਰ ਪਹਿਲੂਆਂ ’ਤੇ ਵੀ ਗੌਰ ਕਰੇਗਾ। ਸੀ.ਬੀ.ਆਈ. ਅਤੇ ਈ.ਡੀ. ਕੇਸਾਂ ਲਈ ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਆਪਣੇ ਡਾਕਟਰ ਨਾਲ ਸਲਾਹ ਕਰਨ ਲਈ ਕੇਜਰੀਵਾਲ ਦੁਆਰਾ ਦਾਇਰ ਕੀਤੀ ਅਰਜ਼ੀ ਨੂੰ ਰੱਦ ਕਰਦੇ ਹੋਏ ਇਹ ਹੁਕਮ ਦਿੱਤਾ।

## ਕਾਂਗਰਸ ਵੱਲੋਂ ਚੋਣ ਕਮਿਸ਼ਨ ਕੋਲ ਪ੍ਰਧਾਨ ਮੰਤਰੀ ਮੋਦੀ ਖਿਲਾਫ 17 ਸ਼ਿਕਾਇਤਾਂ !

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਨੇ ਚੋਣ ਕਮਿਸ਼ਨ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਠੋਸ ਕਾਰਵਾਈ ਕਰਨ ਦੀ ਅਪੀਲ ਕੀਤੀ। ਪਾਰਟੀ ਨੇ ਦੋਸ਼ ਲਗਾਇਆ ਕਿ ਸ਼੍ਰੀ ਮੋਦੀ ਨੇ ‘ਫੁੱਟ ਪਾਊ ਤੇ ਮੰਦਭਾਵਨਾ’ ਬਿਆਨ ਦੇ ਕੇ ਚੋਣ ਜ਼ਾਬਤੇ ਦੀ ਸਪੱਸ਼ਟ ਉਲੰਘਣਾ ਕੀਤੀ ਹੈ। ਪਾਰਟੀ ਦੇ ਵਫ਼ਦ ਨੇ ਚੋਣ ਕਮਿਸ਼ਨ ਪਹੁੰਚ ਕੇ ਪ੍ਰਧਾਨ ਮੰਤਰੀ ਦੀ ਟਿੱਪਣੀ ਅਤੇ ਕੁਝ ਹੋਰ ਮੁੱਦਿਆਂ ਬਾਰੇ ਸ਼ਿਕਾਇਤ ਕੀਤੀ। ਇਸ ਵਫ਼ਦ ਵਿਚ ਕਾਂਗਰਸੀ ਆਗੂ ਅਭਿਸ਼ੇਕ ਮਨੂ ਸਿੰਘਵੀ ਅਤੇ ਗੁਰਦੀਪ ਸੱਪਲ ਵੀ ਸ਼ਾਮਲ ਸਨ। ਸ਼੍ਰੀ ਸਿੰਘਵੀ ਨੇ ਕਿਹਾ ਕਿ ਉਨ੍ਹਾਂ ਨੇ ਕਮਿਸ਼ਨ ਨੂੰ ਕੁੱਲ 17 ਸ਼ਿਕਾਇਤਾਂ ਦਿੱਤੀਆਂ ਹਨ।









# ਮਰਹੂਮ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਤੇ ਤੇਜਿੰਦਰ ਬਿੱਟੂ ਭਾਜਪਾ 'ਚ ਸ਼ਾਮਲ






**ਜਲੰਧਰ/ਨਵੀਂ ਦਿੱਲੀ, (ਪੰਜਾਬ ਮੇਲ)-** ਜਿਉਂ-ਜਿਉਂ ਪੰਜਾਬ 'ਚ ਲੋਕ ਸਭਾ ਚੋਣਾਂ ਨਜ਼ਦੀਕ ਆ ਰਹੀਆਂ ਹਨ, ਤਿਉਂ-ਤਿਉਂ ਦਲ ਬਦਲੀਆਂ ਦਾ ਦੌਰ ਹੋਰ ਤੇਜ਼ ਹੋ ਰਿਹਾ ਹੈ। ਜਲੰਧਰ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਹੇ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਭਾਜਪਾ 'ਚ ਸ਼ਾਮਲ ਹੋ ਗਏ ਹਨ। ਇਸ ਦੇ ਇਲਾਵਾ ਉਨ੍ਹਾਂ ਦੇ ਨਾਲ ਹੀ ਸੀਨੀਅਰ ਆਗੂ ਤੇਜਿੰਦਰ ਪਾਲ ਸਿੰਘ ਬਿੱਟੂ ਨੇ ਦਿੱਲੀ ਵਿਖੇ ਭਾਜਪਾ ਹੈੱਡਕੁਆਰਟਰ ਵਿਚ ਭਾਜਪਾ ਦਾ ਪੱਲਾ ਫੜ ਲਿਆ ਹੈ। ਇਥੇ ਦੱਸਣਯੋਗ ਹੈ ਕਿ ਜਲੰਧਰ ਤੋਂ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ ਚੋਣ ਦੀ ਟਿਕਟ ਨਾ ਮਿਲਣ ਕਰਕੇ ਚੌਧਰੀ ਪਰਿਵਾਰ ਨਾਰਾਜ਼ ਚੱਲ ਰਿਹਾ ਸੀ।

ਸੰਤੋਖ ਸਿੰਘ ਚੌਧਰੀ ਦੀ ਮੌਤ ਮਗਰੋਂ 2023 ਵਿਚ ਹੋਈ ਜ਼ਿਮਨੀ ਚੋਣ ਦੌਰਾਨ ਕਰਮਜੀਤ ਕੌਰ ਚੌਧਰੀ ਨੂੰ ਟਿਕਟ ਦਿੱਤੀ ਸੀ, ਜਿਸ ਵਿਚ ਉਹ ਸੁਸ਼ੀਲ ਰਿੰਕੂ ਤੋਂ ਹਾਰ ਗਏ ਸਨ। ਇਸ ਵਾਰ ਕਾਂਗਰਸ ਦੀ ਪਾਰਟੀ ਵੱਲੋਂ ਚਰਨਜੀਤ ਸਿੰਘ ਚੰਨੀ ਤੋਂ ਜਲੰਧਰ ਤੋਂ ਟਿਕਟ ਦਿੱਤੀ ਗਈ ਹੈ, ਜਿਸ ਕਰਕੇ ਚੌਧਰੀ ਪਰਿਵਾਰ ਨਾਰਾਜ਼ ਚੱਲ ਰਿਹਾ ਸੀ। ਉਥੇ ਹੀ ਬੇਸ਼ੱਕ ਸੰਤੋਖ ਸਿੰਘ ਚੌਧਰੀ ਦੀ ਪਤਨੀ ਕਰਮਜੀਤ ਕੌਰ ਚੌਧਰੀ ਭਾਜਪਾ ਵਿਚ ਸ਼ਾਮਲ ਹੋ ਗਏ ਪਰ ਉਨ੍ਹਾਂ ਦੇ ਬੇਟੇ ਵਿਕਰਮਜੀਤ ਸਿੰਘ ਚੌਧਰੀ ਕਾਂਗਰਸ ਪਾਰਟੀ ਵਿਚ ਹੀ ਹਨ, ਜੋ ਕਿ ਫਿਲੌਰ ਤੋਂ ਵਿਧਾਇਕ ਹਨ।

ਇਸ ਤੋਂ ਇਲਾਵਾ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਅਤੇ ਹਿਮਾਚਲ ਕਾਂਗਰਸ ਦੇ ਸਹਿ ਇੰਚਾਰਜ ਤੇਜਿੰਦਰ ਪਾਲ ਸਿੰਘ ਬਿੱਟੂ ਪਾਰਟੀ ਤੋਂ ਆਪਣਾ ਅਸਤੀਫ਼ਾ ਕੇ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਨਵੀਂ ਦਿੱਲੀ ਵਿਚ ਪਾਰਟੀ ਵਿਚ ਅਸ਼ਵਨੀ ਵੈਸ਼ਨਵ ਤੇ ਵਿਨੋਦ ਤਾਵੜੇ ਨੇ ਸ਼ਾਮਲ ਕੀਤਾ। ਇਸ ਤੋਂ ਪਹਿਲਾਂ ਬਿੱਟੂ ਨੇ ਆਪਣਾ ਅਸਤੀਫ਼ਾ ਪਾਰਟੀ ਪ੍ਰਧਾਨ ਮਲਿਕ ਅਰਜੁਨ ਖੜਗੇ ਨੂੰ ਭੇਜ ਦਿੱਤਾ। ਬਿੱਟੂ, ਜੋ ਜਲੰਧਰ ਦੇ ਰਹਿਣ ਵਾਲੇ ਹਨ, ਦਾ ਦਿੱਲੀ ਵਿਚ ਭਾਜਪਾ ਦੇ ਰਾਸ਼ਟਰੀ ਬੁਲਾਰੇ ਜੈਵੀਰ ਸ਼ੇਰਗਿੱਲ, ਜੋ ਜਲੰਧਰ ਵਾਸੀ ਹਨ, ਨੇ ਸਵਾਗਤ ਕੀਤਾ। ਸ਼ੇਰਗਿੱਲ ਨੇ 'ਐਕਸ' 'ਤੇ ਬਿੱਟੂ ਦਾ ਪਾਰਟੀ ਵਿਚ ਸਵਾਗਤ ਕਰਦੇ ਹੋਏ ਆਪਣੀ ਤਸਵੀਰ ਪੋਸਟ ਕੀਤੀ ਅਤੇ ਉਨ੍ਹਾਂ ਦੀ ਨਵੀਂ ਪਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਜਲੰਧਰ ਦੇ ਦਿੱਗਜ ਕਾਂਗਰਸੀ ਆਗੂ ਤੇਜਿੰਦਰ ਸਿੰਘ ਬਿੱਟੂ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਨ੍ਹਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਦੀਆਂ ਚਰਚਾਵਾਂ ਚੱਲ ਪਈਆਂ ਸਨ। ਇਸ ਵੇਲੇ ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ ਅਤੇ ਹਿਮਾਚਲ ਪ੍ਰਦੇਸ਼ ਦੇ ਸਹਿ-ਪ੍ਰਭਾਰੀ ਸਨ। ਉਹ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ ਅਤੇ ਇਕ ਵਾਰ ਵਿਧਾਨ ਸਭਾ ਦੀ ਚੋਣ ਵੀ ਲੜ ਚੁੱਕੇ ਹਨ।

## ਗੁਜਰਾਤ 'ਚ ਭਾਜਪਾ ਨੇ ਜਿੱਤੀ ਸੂਰਤ ਲੋਕ ਸਭਾ ਸੀਟ!



**ਅਹਿਮਦਾਬਾਦ, (ਪੰਜਾਬ ਮੇਲ)-** ਗੁਜਰਾਤ ਦੇ ਸੂਰਤ ਲੋਕ ਸਭਾ ਚੋਣ ਭਾਜਪਾ ਦੇ ਉਮੀਦਵਾਰ ਨੇ ਬਗ਼ੈਰ ਮੁਕਾਬਲਾ ਜਿੱਤ ਲਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਬਾਕੀ ਸਾਰੇ ਉਮੀਦਵਾਰਾਂ ਦੇ ਨਾਂ ਵਾਪਸ ਲੈਣ ਨਾਲ ਭਾਜਪਾ ਦੇ ਮੁਕੇਸ਼ ਦਲਾਲ ਦਾ ਨਿਰਵਿਰੋਧ ਚੁਣੇ ਗਏ। ਵਰਨਣਯੋਗ ਹੈ ਚੋਣ ਅਧਿਕਾਰੀ ਨੇ ਇਥੋਂ ਕਾਂਗਰਸ ਉਮੀਦਵਾਰ ਦੇ ਕਾਗਜ਼ ਰੱਦ ਕਰ ਦਿੱਤੇ ਸਨ।

## ਲੋਕ ਸਭਾ ਚੋਣਾਂ: ਬਸਪਾ ਨੇ ਫ਼ਰੀਦਕੋਟ ਤੋਂ ਚੌਹਾਨ ਅਤੇ ਗੁਰਦਾਸਪੁਰ ਤੋਂ ਰਾਜ ਕੁਮਾਰ ਨੂੰ ਚੋਣ ਮੈਦਾਨ 'ਚ ਉਤਾਰਿਆ

**ਜਲੰਧਰ, (ਪੰਜਾਬ ਮੇਲ)-** ਬਹੁਜਨ ਸਮਾਜ ਪਾਰਟੀ ਨੇ ਦੋ ਹੋਰ ਉਮੀਦਵਾਰਾਂ ਦਾ ਐਲਾਨ ਕਰਦਿਆ ਫ਼ਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ ਅਤੇ ਗੁਰਦਾਸਪੁਰ ਤੋਂ ਰਾਜਕੁਮਾਰ ਜਨੋਤਰਾ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਪੰਜਾਬ ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਪਾਰਟੀ ਨੇ ਹੁਣ ਤੱਕ 7 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤੇ ਬਾਕੀ 6 ਉਮੀਦਾਵਰਾਂ ਦਾ ਐਲਾਨ ਵੀ ਜਲਦ ਹੀ ਕੀਤਾ ਜਾਵੇਗਾ।

## ਪਟਿਆਲਾ ਲੋਕ ਸਭਾ ਹਲਕੇ ਤੋਂ ਚੋਣ ਪਿੜ 'ਚ ਡਟੇ ਸਾਰੀ ਸਿਆਸੀ ਪਾਰਟੀਆਂ ਦੇ ਉਮੀਦਵਾਰ ਪੁਰਾਣੇ ਖਿਡਾਰੀ



ਪ੍ਰਨੀਤ ਕੌਰ, ਡਾ. ਬਲਬੀਰ, ਧਰਮਵੀਰ ਗਾਂਧੀ, ਐੱਨ.ਕੇ. ਸ਼ਰਮਾ

**ਪਟਿਆਲਾ, (ਪੰਜਾਬ ਮੇਲ)-** ਸਾਰੀਆਂ ਹੀ ਮੁੱਖ ਸਿਆਸੀ ਧਿਰਾਂ ਵੱਲੋਂ ਲੋਕ ਸਭਾ ਹਲਕਾ ਪਟਿਆਲਾ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੁਕੰਮਲ ਰੂਪ 'ਚ ਚੋਣ ਸਰਗਰਮੀਆਂ ਵੀ ਤੇਜ਼ ਹੋ ਗਈਆਂ ਹਨ। ਵੱਖ-ਵੱਖ ਪਾਰਟੀਆਂ ਦੇ ਇਹ ਸਾਰੇ ਛੇ ਉਮੀਦਵਾਰ ਚੋਣ ਪਿੜ ਦੇ ਪੁਰਾਣੇ ਖਿਡਾਰੀ ਹੋਣ ਕਰਕੇ ਵੋਟਰਾਂ ਨਾਲ ਮਿਲਵਰਤਣ ਪੱਖੋਂ ਚੰਗੀ ਮੁਹਾਰਤ ਰੱਖਦੇ ਹਨ ਕਿਉਂਕਿ ਇਹ ਸਾਰੇ ਹੀ ਪਹਿਲਾਂ ਵੀ ਵੱਖ-ਵੱਖ ਪੱਧਰ ਦੀਆਂ ਚੋਣਾਂ ਲੜ ਚੁੱਕੇ ਹਨ ਤੇ ਇਸ ਪੱਖ ਤੋਂ ਇਨ੍ਹਾਂ ਵਿਚੋਂ ਕੋਈ ਵੀ ਨਵਾਂ ਨਹੀਂ ਹੈ।

ਇਨ੍ਹਾਂ ਵਿਚੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੂੰ ਤਾਂ ਇਸ ਚੋਣ ਅਖਾੜੇ ਦੀ ਮਾਹਿਰ ਮੰਨਿਆ ਜਾ ਸਕਦਾ ਹੈ। ਉਹ ਛੇਵੀਂ ਵਾਰ ਲੋਕ ਸਭਾ ਚੋਣ ਲੜ ਰਹੇ ਹਨ। ਪਹਿਲੀਆਂ ਪੰਜ ਚੋਣਾਂ ਵੀ ਉਨ੍ਹਾਂ ਨੇ ਇਸੇ ਸੀਟ ਤੋਂ ਲੜੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਚੋਣ ਪਿੜ ਪੁਰਾਣਾ ਹੀ ਹੈ। ਇਹ ਵੱਖਰੀ ਗੱਲ ਹੈ ਕਿ ਇਸ ਵਾਰ ਪਿੱਚ ਬਦਲੀ ਹੋਈ ਹੈ ਕਿਉਂਕਿ ਉਹ ਐਤਕੀਂ ਕਾਂਗਰਸ ਦੀ ਬਜਾਏ ਭਾਜਪਾ ਵੱਲੋਂ ਉਮੀਦਵਾਰ ਹਨ। ਕਾਂਗਰਸ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਲਗਾਤਾਰ ਤੀਜੀ ਵਾਰ ਮੈਦਾਨ 'ਚ ਹਨ। ਉਨ੍ਹਾਂ ਸਾਲ 2014 ਵਿਚ ਪ੍ਰਨੀਤ ਕੌਰ ਨੂੰ ਹਰਾਇਆ ਸੀ ਤੇ ਸਾਲ 2019 'ਚ ਪ੍ਰਨੀਤ ਕੌਰ ਤੋਂ ਹਾਰ ਗਏ ਸਨ। ਉਂਝ ਪ੍ਰਨੀਤ ਕੌਰ ਦੀ ਤਰ੍ਹਾਂ ਪਿੱਚ ਡਾ. ਗਾਂਧੀ ਲਈ ਵੀ ਇਸ ਵਾਰ ਬਦਲੀ ਹੋਈ ਹੈ ਕਿਉਂਕਿ ਉਹ 'ਆਪ' ਦੀ ਬਜਾਏ ਕਾਂਗਰਸ ਵੱਲੋਂ ਖੇਡ ਰਹੇ ਹਨ। ਉਧਰ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਦੀ ਵੀ ਇਹ ਤੀਜੀ ਚੋਣ ਹੈ। ਸਾਲ 2014 'ਚ ਤਾਂ ਡਾ. ਗਾਂਧੀ ਨੂੰ ਚੋਣ ਲੜਾਉਣ 'ਚ ਵੀ ਉਨ੍ਹਾਂ ਦਾ ਵਧੇਰੇ ਹੱਥ ਰਿਹਾ ਹੈ। ਭਾਵੇਂ ਉਹ ਸਮਾਜ ਸੇਵਾ ਦੇ ਖੇਤਰ ਵਿਚੋਂ ਆਏ ਹਨ ਪਰ ਸਿਆਸੀ ਖੇਤਰ ਦਾ ਉਨ੍ਹਾਂ ਨੂੰ ਕਾਫੀ ਤਜਰਬਾ ਹੈ। ਸਾਲ 2022 'ਚ ਉਹ ਪਟਿਆਲਾ ਦਿਹਾਤੀ ਹਲਕੇ ਤੋਂ 50 ਹਜ਼ਾਰ ਵੋਟਾਂ ਨਾਲ ਜਿੱਤ ਕੇ ਵਿਧਾਇਕ ਤੇ ਫਿਰ ਸਿਹਤ ਮੰਤਰੀ ਬਣੇ ਹੋਏ ਹਨ।




# ਸਰੀ ’ਚ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ

- ਲੱਖਾਂ ਦੀ ਗਿਣਤੀ ’ਚ ਸ਼ਾਮਲ ਹੋਏ ਸ਼ਰਧਾਲੂ
- ਖਰਾਬ ਮੌਸਮ ਨੇ ਸਮਾਪਤੀ ਸਮਾਗਮ ਦਾ ਰੰਗ ਫਿੱਕਾ ਕੀਤਾ

**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵੱਲੋਂ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਨੌਜਵਾਨ, ਬੱਚੇ ਅਤੇ ਬਜ਼ੁਰਗ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸ਼ਾਮਲ ਹੋਏ।


ਇਹ ਨਗਰ ਕੀਰਤਨ ਗੁਰਦੁਆਰਾ ਦਸ਼ਮੇਸ਼ ਦਰਬਾਰ ਤੋਂ ਸਵੇਰੇ 8 ਵਜੇ ਸ਼ੁਰੂ ਹੋਇਆ ਅਤੇ 128 ਸਟਰੀਟ, 82 ਐਵੀਨਿਊ, 124 ਸਟਰੀਟ, 76 ਐਵੀਨਿਊ ਅਤੇ 128 ਸਟਰੀਟ ਹੁੰਦਾ ਹੋਇਆ ਵਾਪਸ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਆ ਕੇ ਸੰਪੂਰਨ ਹੋਇਆ। ਸਰੀ ਦੇ ਵੱਖ-ਵੱਖ ਪੰਜਾਬੀ ਸਕੂਲਾਂ ਦੇ ਬੱਚੇ ਨਗਰ ਕੀਰਤਨ ਦੇ ਨਾਲ-ਨਾਲ ਗੁਰਬਾਣੀ ਦਾ ਕੀਰਤਨ ਕਰ ਰਹੇ ਸਨ। ਸਿੰਘ ਗੱਤਕੇ ਦੇ ਜ਼ੌਹਰ ਦਿਖਾ ਰਹੇ ਸਨ। ਨਗਰ ਕੀਰਤਨ ਦੇ ਪੂਰੇ ਰੂਟ ਉਪਰ ਕਾਰੋਬਾਰੀਆਂ, ਸ਼ਰਧਾਲੂਆਂ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਲਾਏ ਹੋਏ ਸਨ ਅਤੇ ਲੋਕ ਇਨ੍ਹਾਂ ਖਾਣਿਆਂ ਦਾ ਸਵਾਦ ਮਾਣ ਰਹੇ ਸਨ। ਸਰੀ ਵਿਚ ਚਲਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਅਤੇ ਟੀ.ਵੀ. ਚੈਨਲਾਂ ਵੱਲੋਂ ਸਟੇਜਾਂ ਸਜਾਈਆਂ ਗਈਆਂ ਸਨ, ਜਿੱਥੋਂ ਗੁਰਬਾਣੀ ਦਾ ਕੀਰਤਨ ਚੱਲ ਰਿਹਾ ਸੀ, ਢਾਡੀਆਂ ਦੀਆਂ ਵਾਰਾਂ ਗੂੰਜ ਰਹੀਆਂ ਸਨ ਅਤੇ ਲੀਡਰਾਂ ਦੇ ਭਾਸ਼ਣ ਸੁਣਾਈ ਦੇ ਰਹੇ ਸਨ। ਇਕ ਪਾਸੇ ਕੇਸਰੀ ਦਸਤਾਰਾਂ ਸਜਾਈਆਂ ਜਾ ਰਹੀਆਂ ਸਨ, ਮੈਗਜ਼ੀਨ, ਅਖਬਾਰ, ਪੈਂਫਲਿਟ ਵੰਡੇ ਜਾ ਰਹੇ ਸਨ।




ਨਗਰ ਕੀਰਤਨ ਵਿਚ ਇਸ ਵਾਰ ਵੀ ਗੁਲਾਟੀ ਪਬਲਿਸ਼ਰਜ਼ ਲਿਮਟਿਡ ਸਰੀ ਦੇ ਸਤੀਸ਼ ਗੁਲਾਟੀ ਵੱਲੋਂ ਪੰਜਾਬੀ ਕਿਤਾਬਾਂ ਦੀ ਪ੍ਰਦਰਸ਼ਨੀ ਲਾ ਕੇ ਪੰਜਾਬੀਆਂ ਨੂੰ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ ਗਿਆ। ਸੈਂਕੜੇ ਪੁਸਤਕ ਪ੍ਰੇਮੀਆਂ ਨੇ ਇੱਥੋਂ ਕਿਤਾਬਾਂ ਖਰੀਦ ਕੇ ਸਤੀਸ਼ ਗੁਲਾਟੀ ਦੇ ਉਪਰਾਲੇ ਨੂੰ ਹੁੰਗਾਰਾ ਦਿੱਤਾ। ਪੰਜਾਬੀ ਦੇ ਨਾਮਵਰ ਵਿਦਵਾਨ ਡਾ. ਸਾਧੂ ਸਿੰਘ, ਨਾਮਵਰ ਚਿੱਤਰਕਾਰ ਜਰਨੈਲ ਸਿੰਘ, ਜਰਨਲਿਸਟ ਸੁਰਿੰਦਰ ਚਾਹਲ, ਪ੍ਰੋ. ਸ਼ੁਭਪ੍ਰੇਮ ਸਿੰਘ ਬਰਾੜ, ਕੁਲਵਿੰਦਰ ਕੁਲਾਰ, ਮੋਹਨ ਗਿੱਲ, ਮਿਸਜ਼ ਦਰਸ਼ਨ ਗਿੱਲ, ਮਿਸਜ਼ ਹਰਦਿਆਲ ਸਿੰਘ ਚੀਮਾ ਸਿਆਟਲ, ਰਣਧੀਰ ਢਿੱਲੋਂ, ਬਲਵਿੰਦਰ ਸਿੰਘ ਪੰਧੇਰ (ਫਿਨਲੈਂਡ), ਚਮਕੌਰ ਸਿੰਘ ਢਿੱਲੋਂ, ਨਵਦੀਪ ਗਿੱਲ, ਡਾ. ਸੁਖਵਿੰਦਰ ਵਿਰਕ ਅਤੇ ਹੋਰ ਕਈ ਸਾਹਿਤਕ ਸ਼ਖ਼ਸੀਅਤਾਂ ਨੇ ਪੁਸਤਕ ਪ੍ਰਦਰਸ਼ਨੀ ਵਿਚ ਹਾਜ਼ਰ ਹੋ ਕੇ ਸਤੀਸ਼ ਗੁਲਾਟੀ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।

ਨਗਰ ਕੀਤਰਨ ਦੇ ਪ੍ਰਬੰਧਕਾਂ, ਸੇਵਾਦਾਰਾਂ, ਪੁਲਿਸ ਅਤੇ ਪ੍ਰਸਾਸ਼ਨ ਵੱਲੋਂ ਲੋਕਾਂ ਦੀ ਸਹੂਲਤ ਲਈ ਸੁਚਾਰੂ ਪ੍ਰਬੰਧ ਕੀਤੇ ਗਏ ਸਨ। ਬਿਜਲੀ ਦੀਆਂ ਤਾਰਾਂ ਵਿਚ ਇਕ ਕਰੇਨ ਡਿੱਗਣ ਨਾਲ ਵੀ ਸਮਾਪਤੀ ਸਮਾਗਮਾਂ ਵਿਚ ਕਾਫੀ ਵਿਘਨ ਪਿਆ ਰਿਹਾ। ਪ੍ਰਬੰਧਕਾਂ ਨੇ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ’ਚ ਚਾਰ ਸ਼ਾਇਰਾਂ ਦੀਆਂ ਕਿਤਾਬਾਂ ਰਿਲੀਜ਼



**ਸਰੀ, (ਹਰਦਮ ਮਾਨ/ਪੰਜਾਬ ਮੇਲ)-**ਗ਼ਜ਼ਲ ਮੰਚ ਸਰੀ ਦੀ ਵਿਸ਼ੇਸ਼ ਮੀਟਿੰਗ ਬੀਤੇ ਦਿਨੀਂ ਮੰਚ ਦੇ ਪ੍ਰਧਾਨ ਜਸਵਿੰਦਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਮੰਚ ਵੱਲੋਂ 19 ਮਈ ਨੂੰ ਕਰਵਾਈ ਜਾ ਰਹੀ ਸੰਗੀਤਕ ਸ਼ਾਮ ਦੇ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਮੀਟਿੰਗ ’ਚ ਪੰਜਾਬੀ ਸ਼ਾਇਰੀ ਦੀਆਂ ਚਾਰ ਨਵ-ਪਕਾਸ਼ਿਤ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ।

ਗ਼ਜ਼ਲ ਮੰਚ ਦੇ ਜਨਰਲ ਸਕੱਤਰ ਦਵਿੰਦਰ ਗੌਤਮ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਚ ਵੱਲੋਂ 19 ਮਈ, 2024 ਨੂੰ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ ਵਿਖੇ ਗ਼ਜ਼ਲ ਗਾਇਕੀ ਦਾ ਸੰਗੀਤਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਅਮਰੀਕਾ ਤੋਂ ਨਾਮਵਰ ਗ਼ਜ਼ਲ ਗਾਇਕ ਸੁਖਦੇਵ ਸਾਹਿਲ ਵਿਸ਼ੇਸ਼ ਤੌਰ ’ਤੇ ਪਹੁੰਚ ਰਹੇ ਹਨ। ਉਨ੍ਹਾਂ ਤੋਂ ਇਲਾਵਾ ਅਮਰੀਕਾ ਦੇ ਹੀ ਗ਼ਜ਼ਲ ਗਾਇਕ ਮੇਸ਼ੀ ਬੰਗੜ, ਸਰੀ ਦੇ ਨੌਜਵਾਨ ਗਾਇਕ ਪਰਖਜੀਤ ਅਤੇ ਡਾ. ਰਣਦੀਪ ਮਲਹੋਤਰਾ ਆਪਣੇ ਸੁਰੀਲੇ ਸੁਰਾਂ ਨਾਲ ਸਰੋਤਿਆਂ ਨੂੰ ਸਰਸ਼ਾਰ ਕਰਨਗੇ। ਇਹ ਪ੍ਰੋਗਰਾਮ ਸੰਗੀਤ ਪ੍ਰੇਮੀਆਂ ਲਈ ਬਿਲਕੁਲ ਫਰੀ ਹੋਵੇਗਾ।

ਉਨ੍ਹਾਂ ਦੱਸਿਆ ਕਿ ਮੰਚ ਦੇ ਮੈਂਬਰ ਪ੍ਰੀਤ ਮਨਪ੍ਰੀਤ ਰਾਹੀਂ ਚਾਰ ਸ਼ਾਇਰਾਂ ਦੀਆਂ ਨਵੀਆਂ ਪ੍ਰਕਾਸ਼ਿਤ ਹੋਈਆਂ ਪੁਸਤਕਾਂ ਗ਼ਜ਼ਲ ਮੰਚ ਨੂੰ ਮਿਲੀਆਂ ਹਨ ਅਤੇ ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ, ਦਸਮੇਸ਼ ਗਿੱਲ ਫਿਰੋਜ਼, ਦਵਿੰਦਰ ਗੌਤਮ, ਕ੍ਰਿਸ਼ਨ ਭਨੋਟ ਅਤੇ ਜਸਵਿੰਦਰ ਨੇ ਇਨ੍ਹਾਂ ਪੁਸਤਕਾਂ ਨੂੰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਰਿਲੀਜ਼ ਕੀਤੀਆਂ ਗਈਆਂ ਇਨ੍ਹਾਂ ਪੁਸਤਕਾਂ ’ਚ ਰਾਜਿੰਦਰਜੀਤ ਦਾ ਗ਼ਜ਼ਲ ਸੰਗ੍ਰਹਿ ‘ਸੂਲਾਂ ਸੇਤੀ ਰਾਤਿ’, ਸੁਖਦੀਪ ਔਜਲਾ ਦਾ ਗ਼ਜ਼ਲ ਸੰਗ੍ਰਹਿ ‘ਇਕ ਕਮਰੇ ਦਾ ਸ਼ਾਇਰ’, ਗੁਰਜੰਟ ਰਾਜੇਆਣਾ ਦੀ ਕਾਵਿ-ਪੁਸਤਕ ‘ਸੁਲਗ਼ਦੇ ਸਫ਼ਰ ’ਤੇ’ ਅਤੇ ਕੇਸਰ ਕਰਮਜੀਤ ਦਾ ਗ਼ਜ਼ਲ ਸੰਗ੍ਰਹਿ ‘ਦਿਨ ਢਲੇ’ ਸ਼ਾਮਲ ਹਨ। ਮੰਚ ਦੇ ਮੈਂਬਰਾਂ ਨੇ ਇਨ੍ਹਾਂ ਪੁਸਤਕਾਂ ਦੇ ਸ਼ਾਇਰਾਂ ਨੂੰ ਮੁਬਾਰਕਬਾਦ ਦਿੱਤੀ। ਨੌਜਵਾਨ ਸ਼ਾਇਰ ਸੁਖਦੀਪ ਔਜਲਾ ਨੂੰ ਮਰਹੂਮ ਮਹਿੰਦਰ ਸਾਥੀ ਐਵਾਰਡ ਲਈ ਚੁਣੇ ਜਾਣ ’ਤੇ ਮੰਚ ਦੇ ਮੈਂਬਰਾਂ ਨੇ ਖੁਸ਼ੀ ਪ੍ਰਗਟ ਕੀਤੀ ਅਤੇ ਸੁਖੀਪ ਔਜਲਾ ਨੂੰ ਵਧਾਈ ਦਿੱਤੀ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com






# ਮੈਡੀਕਲ ਖੋਜ ਕਾਰਜਾਂ ਲਈ ਮ੍ਰਿਤਕ ਦੇਹ ਪ੍ਰਦਾਨੀ ਬੀਬੀ ਹਰਬੰਸ ਕੌਰ ਦਾ ਸਤਿਕਾਰ ਸਮਾਗਮ ਵੱਡੇ ਸੁਨੇਹੇ ਦੇ ਗਿਆ





**ਫਗਵਾੜਾ, (ਪੰਜਾਬ ਮੇਲ)-** ਤਰਕਸ਼ੀਲ ਤੇ ਜਮਹੂਰੀ ਲਹਿਰ ਦੀ ਹਮਦਰਦ ਬੀਬੀ ਹਰਬੰਸ ਕੌਰ ਰਿਟਾਇਰਡ ਟੀਚਰ ਕੈਂਸਰ ਦੀ ਬੀਮਾਰੀ ਕਾਰਨ 12 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਮ੍ਰਿਤਕ ਸਾਥੀ ਹਰਬੰਸ ਕੌਰ ਦੇ ਪਤੀ ਸੁਖਦੇਵ ਸਿੰਘ ਅਤੇ ਪਰਿਵਾਰ ਵਲੋਂ ਬੀਬੀ ਜੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸੀ.ਐੱਮ.ਸੀ. (ਕ੍ਰਿਸ਼ਚੀਅਨ ਮੈਡੀਕਲ ਕਾਲਜ) ਲੁਧਿਆਣਾ ਨੂੰ ਪ੍ਰਦਾਨ ਕੀਤੀ ਗਈ। ਹਰਬੰਸ ਕੌਰ ਜੀਵਨੋਂ ਜਿਊਂਦੇ ਜੀਅ ਕੀਤੇ ਕਾਰਜਾਂ ਅਤੇ ਮੌਤੋਂ ਬਾਦ ਮ੍ਰਿਤਕ ਸਰੀਰ ਮੈਡੀਕਲ ਖੋਜਕਾਰਜਾਂ ਲਈ ਭੇਂਟ ਕਰਨ ਦੇ ਉਦਮੀ ਕਾਰਜ ਲਈ ਪ੍ਰੰਪਰਾਵਾਦੀ ਲੀਹਾਂ ਤੋਂ ਹਟ ਕੇ ਨਨਕਾਣਾ ਬਰਾਦਰੀ ਜੰਞਘਰ ਫਗਵਾੜਾ ਵਿਖੇ ਹਰਬੰਸ ਕੌਰ ਸਤਿਕਾਰ ਸਮਾਗਮ ਅਯੋਜਿਤ ਕੀਤਾ ਗਿਆ। ਇਸ ਸਮਾਗਮ ਵਿਚ ਤਰਕਸ਼ੀਲ ਲਹਿਰ, ਸਮਾਜਿਕ-ਜਮਹੂਰੀ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਆਏ ਲੋਕਾਂ ਨੇ ਖੜ੍ਹੇ ਹੋ ਕੇ ਦੋ ਮਿੰਟ ਦਾ ਮੋਨ ਧਾਰਕੇ ਬੀਬੀ ਜੀ ਨੂੰ ਨਮਨ ਕੀਤਾ ਅਤੇ ਫਿਰ ਫੋਟੋ ਨੂੰ ਫੁੱਲ ਅਰਪਿਤ ਕਰਕੇ ਸਤਿਕਾਰ ਭੇਂਟ ਕੀਤਾ। ਸਤਿਕਾਰ ਸਮਾਗਮ ਦੇ ਇਕੱਠ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਮੁਖੀ ਰਜਿੰਦਰ ਭਦੌੜ, ਜਮਹੂਰੀ ਅਧਿਕਾਰ ਸਭਾ ਦੇ ਆਗੂ ਬੂਟਾ ਸਿੰਘ ਮਹਿਦੂਦਪੁਰ, ਅਧਿਆਪਕ ਭਲਾਈ ਕਮੇਟੀ ਆਗੂ ਪ੍ਰਿੰਸੀਪਲ ਹਰਮੇਸ਼ ਪਾਠਕ, ਮਨਪ੍ਰੀਤ ਕੌਰ ਜਮਹੂਰੀ ਕਾਰਕੁੰਨ, ਮੈਗਜੀਨ ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ, ਤਰਕਸ਼ੀਲ ਆਗੂ ਸੁਰਜੀਤ ਟਿੱਬਾ ਅਤੇ ਬੀਬੀ ਜੀ ਦੇ ਦਾਮਾਦ ਡਾ. ਪੰਕਜ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਨੇ ਜਿਊਂਦੇ ਜੀਅ ਲੰਬਾ ਸਮਾਂ ਅਧਿਆਪਨ ਦਾ ਕੰਮ ਬੜੀ ਇਮਾਨਦਾਰੀ ਨਾਲ ਕੀਤਾ, ਲੋਕ ਹਿਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਪੂਰਨ ਸਹਿਯੋਗ ਕੀਤਾ ਅਤੇ ਆਪਣੇ ਪਤੀ ਸੁਖਦੇਵ ਫਗਵਾੜਾ ਦੇ ਮੁਲਾਜ਼ਮ, ਜਮਹੂਰੀ ਲਹਿਰ ਤੇ ਤਰਕਸ਼ੀਲ ਕੰਮਾਂ ਲਈ ਮੋਢੇ ਨਾਲ ਮੋਢਾ ਲਾ ਕੇ ਖੜ੍ਹੀ ਰਹੀ। ਸੁਖਦੇਵ ਫਗਵਾੜਾ ਪਿਛਲੇ ਲੰਬੇ ਸਮੇਂ ਤੋਂ ਅੰਧ ਵਿਸ਼ਵਾਸ ਤੇ ਵਹਿਮ-ਭਰਮ ਖਿਲਾਫ ਕੰਮ ਕਰਦੀ ਤਰਕਸ਼ੀਲ ਲਹਿਰ ਦਾ ਆਗੂ ਰੋਲ ਨਿਭਾਉਂਦਾ ਆ ਰਿਹਾ ਹੈ। ਵਿਗਿਆਨਿਕ ਵਿਚਾਰਧਾਰਾ ਹਰ ਪ੍ਰਕਾਰ ਦੀ ਗੈਬੀ ਸ਼ਕਤੀਆਂ ਜਾਂ ਦੁਨੀਆਂ ਦੇ ਸਿਰਜਣਹਾਰ ਵਾਲੀਆਂ ਧਾਰਮਿਕ ਮਨੌਤਾਂ ਨੂੰ ਰੱਦ ਕਰਦੀ ਆ ਰਹੀ ਹੈ। ਲੋਕ ਹਿਤਾਂ ਨਾਲ ਧੁਰ ਅੰਦਰ ਤੱਕ ਜੁੜੀ ਹੋਈ ਹਰਬੰਸ ਕੌਰ ਦੇ ਪਰਿਵਾਰ ਸੁਖਦੇਵ ਸਿੰਘ, ਡਾ. ਨਵਕਿਰਨ, ਡਾ. ਪੰਕਜ, ਨਵਦੀਪ ਤੇ ਅਮਨਦੀਪ ਕੌਰ ਅਸਟ੍ਰੇਲੀਆ ਨੇ ਹਰਬੰਸ ਕੌਰ ਦੇ ਮ੍ਰਿਤਕ ਸਰੀਰ ਨੂੰ ਲੋਕ ਹਿਤਾਂ ਲਈ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਕੇ ਸਮਾਜ ਨੂੰ ਵੱਡੀ ਸੇਧ ਦਿੱਤੀ ਹੈ। ਬੁਲਾਰਿਆਂ ਹੋਰ ਕਿਹਾ ਸਰਕਾਰਾਂ ਦੀ ਲੋਕਾਂ ਪ੍ਰਤੀ ਬੇਰੁਖੀ ਕਾਰਨ ਲੋਕ ਬੀਮਾਰੀਆਂ, ਗਰੀਬੀ, ਬੇਰੁਜ਼ਗਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਰਕਾਰਾਂ ਸਰਮਾਏਦਾਰਾਂ ਦੇ ਹਿਤਾਂ ਨੂੰ ਤਰਜੀਹਾਂ ਦੇ ਰਹੀ ਹੈ। ਲੋਕਾਂ ਨੂੰ ਅਣਗੌਲਿਆ ਕਰਨ ਵਾਲੀਆਂ ਹਕੂਮਤਾਂ ਧਾਰਮਿਕ ਜਨੂੰਨ ਅਤੇ ਅੰਧਵਿਸ਼ਵਾਸੀ ਪ੍ਰੰਪਰਾਵਾਂ ਦੀ ਆੜ ਹੇਠ ਆਪਣੇ ਗੁਨਾਹ ਛੁਪਾਉਂਦੀਆਂ ਹਨ ਅਤੇ ਲੋਕਾਂ ਦੇ ਦਿਮਾਗ ਨੂੰ ਖੁੰਡਾ ਕਰਦੀਆਂ ਹਨ, ਤਾਂ ਜੋ ਲੋਕ ਕਿਤੇ ਵਿਗਿਆਨਿਕ ਵਿਚਾਰਧਾਰਾ ਨਾਲ ਲੈਸ ਹੋ ਕੇ ਲੁਟੇਰਿਆਂ ਤੇ ਲੁਟੇਰੀ ਵਿਵਸਥਾ ਖਿਲਾਫ ਆਵਾਜ਼ ਬੁਲੰਦ ਨਾ ਕਰ ਸਕਣ। ਇਹ ਸਤਿਕਾਰ ਸਮਾਗਮ ਧਾਰਮਿਕ ਰਸਮਾਂ-ਰਿਵਾਜ਼ਾਂ ਤੋਂ ਰਹਿਤ ਹੈ ਕਿਉਂਕਿ ਅਸੀਂ ਸਮਝਦੇ ਹਾਂ ਕਿ ਇਹ ਰਸਮਾਂ-ਰਿਵਾਜ਼ ਮਨੁੱਖੀ ਸਮਾਜ ਦੀ ਉਨਤੀ ਵਿਚ ਕੋਈ ਰੋਲ ਨਹੀਂ ਨਿਭਾਉਂਦੇ, ਸਗੋਂ ਉਲਟਾ ਕਾਰਨਾਂ ਉਤੇ ਪਰਦਾ ਪਾਉਂਦੇ ਹਨ ਅਤੇ ਗੁਨਾਹਾਂ ਦੇ ਜ਼ਿੰਮੇਵਾਰਾਂ ਹਾਕਮਾਂ ਲਈ ਢਾਲ ਬਣਦੇ ਹਨ। ਬੁਲਾਰਿਆਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਮਾਜ ਨੂੰ ਜਿਊਣਯੋਗ ਬਨਾਉਣ ਲਈ ਸਾਨੂੰ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ ਅਤੇ ਵਹਿਮ-ਭਰਮ ਤੋਂ ਲੋਕਾਂ ਨੂੰ ਮੁਕਤ ਹੋਣਾ ਚਾਹੀਦਾ ਅਤੇ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਬਣ ਕੇ ਸਮਾਜਿਕ ਤਬਦੀਲੀ ਕਰਨੀ ਚਾਹੀਦੀ ਹੈ। ਬੀਬੀ ਜੀ ਦੇ ਪੁੱਤ ਭਤੀਜੇ ਜਸਬੀਰ ਨੰਬਰਦਾਰ ਨੇ ਇੱਕ ਭਾਵ ਭਿੰਨੀ ਕਵਿਤਾ ਪੇਸ਼ ਕਰਕੇ ਮਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ। ਦੇਸ਼-ਵਿਦੇਸ਼ ਤੋਂ ਪ੍ਰਾਪਤ ਸ਼ੋਕ ਸੰਦੇਸ਼ਾਂ ਰਾਹੀਂ ਪੰਜਾਬ ਲੋਕ ਸੱਭਿਆਚਾਰਕ ਮੰਚ, ਦੇਸ਼ ਭਗਤ ਯਾਦਗਰ ਕਮੇਟੀ ਜਲੰਧਰ, ਭਗਵੰਤ ਸਿੰਘ ਯੂ.ਕੇ., ਬਾਈ ਅਵਤਾਰ ਕੈਨੇਡਾ, ਤਰਕਸ਼ੀਲ ਸੁਸਾਇਟੀ ਕੈਨੇਡਾ, ਡਾ. ਨਵਸ਼ਰਨ, ਡਾ. ਅਰੀਤ, ਡਾ. ਪਰਮਿੰਦਰ ਸਿੰਘ ਅੰਮ੍ਰਿਤਸਰ, ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਡੀ.ਐੱਮ.ਐੱਫ. ਫਗਵਾੜਾ, ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੁਲਾਰਾਏ ਦਾ ਸਟਾਫ, ਡੀ.ਟੀ.ਐੱਫ. ਜ਼ਿਲ੍ਹਾ ਜਲੰਧਰ, ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬ੍ਰਿਟੇਨ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡੀ.ਟੀ.ਐੱਫ. ਪ੍ਰਧਾਨ ਦਿਗਵਿਜੇਪਾਲ, ਜਨਰਲ ਸਕੱਤਰ ਬਲਵੀਰ ਚੰਦ ਲੌਂਗੋਵਾਲ, ਪੰਜਾਬ ਵੈੱਲਫੇਅਰ ਪੈਨਸ਼ਨਰਜ ਐਸੋਸੀਏਸਨ ਫਗਵਾੜਾ ਆਦਿ ਨੇ ਹਰਬੰਸ ਕੌਰ ਦੇ ਕੰਮਾਂ ਨੂੰ ਸਲੂਟ ਕਰਦੇ ਹੋਏ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਹੇਮਰਾਜ ਸਟੈਨੋ, ਰਾਜਪਾਲ ਸਿੰਘ, ਗੁਰਪ੍ਰੀਤ ਸ਼ੈਹਣਾ, ਜੋਗਿੰਦਰ ਕੁਲੇਵਾਲ, ਜਮਹੂਰੀ ਲਹਿਰ ਦੇ ਆਗੂ ਅਮੋਲਕ ਸਿੰਘ, ਮਜ਼ਦੂਰ ਆਗੂ ਹਰਮੇਸ਼ ਮਾਲੜੀ, ਐਡਵੋਕੇਟ ਐੱਸ.ਐੱਲ. ਵਿਰਦੀ, ਹਲਕਾ ਐੱਮ.ਐੱਲ.ਏ. ਬਲਵਿੰਦਰ ਸਿੰਘ ਧਾਲੀਵਾਲ, ਦਿਲਬਾਗ ਸਿੰਘ ਰਿਟਾਇਰਡ ਜ਼ਿਲ੍ਹਾ ਸਿੱਖਿਆ ਅਫਸਰ, ਜਰਨੈਲ ਸਿੰਘ ਰਿਟਾਇਰਡ ਜ਼ਿਲ੍ਹਾ ਸਿੱਖਿਆ ਅਫਸਰ, ਸੁਖਵਿੰਦਰ ਬਾਗਪੁਰ, ਲੇਖਕ ਸੁਮੀਤ ਸਿੰਘ ਅੰਮ੍ਰਿਤਸਰ, ਸੱਤਪਾਲ ਸਲੋਹ, ਡੀ.ਟੀ.ਐੱਫ. ਆਗੂ ਗੁਰਮੀਤ ਕੋਟਲੀ ਅਤੇ ਮਾਸਟਰ ਅਵਤਾਰ ਲਾਲ, ਵਿਜੇ ਰਾਹੀ ਜਲੰਧਰ, ਬਲਵਿੰਦਰ ਬੁਲੋਵਾਲ, ਸੁਖਜੀਤ ਸਿੰਘ ਭੁੰਗਾ, ਪ੍ਰਿੰਸੀਪਲ ਮਨਜੀਤ ਸਿੰਘ, ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ, ਮੋਹਨ ਸਿੰਘ ਭੱਟੀ ਮਾ. ਕਰਨਾਲ ਸਿੰਘ ਸੰਧੂ, ਰਾਮਲਾਲ ਖਲਵਾੜਾ, ਚੈਨ ਸਿੰਘ, ਆਤਮਾ ਰਾਮ ਰਸ਼ਪਾਲ, ਪ੍ਰੀਤਮ ਸਿੰਘ ਨਗਦੀ ਪੁਰ, ਤਰਕਸ਼ੀਲ ਆਗੂ ਜਗਦੀਸ਼ ਲਾਲ ਨਵਾਂ ਸ਼ਹਿਰ, ਸੁਰਿੰਦਰ ਪਾਲ ਪੱਦੀ, ਸੁਰਿੰਦਰ ਦੁਸਾਞ, ਅਵਿਨਾਸ਼ ਹਰਦਾਸਪੁਰ, ਬਲਵਿੰਦਰ ਪ੍ਰੀਤ, ਮਾ. ਗਿਆਨ ਚੰਦ, ਗੁਰਮੀਤ ਸਿੰਘ ਰੱਤੂ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਸਟੇਜ ਸਕੱਤਰ ਦੀ ਭੂਮਿਕਾ ਤਰਕਸ਼ੀਲ ਆਗੂ ਜਸਵਿੰਦਰ ਸਿੰਘ ਫਗਵਾੜਾ ਨੇ ਨਿਭਾਈ।

# ਕੈਨੇਡਾ ਦੀ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਦੀ ਓਨਟਾਰੀਓ ਇਕਾਈ ਵਲੋਂ ਨਵੀਂ ਚੋਣ



**ਟੋਰਾਂਟੋ, (ਬਲਜਿੰਦਰ ਸੇਖਾ/ਪੰਜਾਬ ਮੇਲ)-** ਤਰਕਸ਼ੀਲ ਸੁਸਾਇਟੀ (ਰੈਸ਼ਨਲਿਸਟ) ਕਨੇਡਾ ਵੱਲੋਂ ਐਲਾਨੀਆਂ ਚੋਣਾਂ ਦੀ ਲੜੀ ਵਜੋਂ ਤਰਕਸ਼ੀਲ ਸੁਸਾਇਟੀ ਕੈਨੇਡਾ (ਓਨਟਾਰੀਓ) ਦੇ ਅਹੁਦੇਦਾਰਾਂ ਦੀ ਚੋਣ ਚਿੰਗੂਜੀਵੈਲਨੈੱਸ ਸੈਂਟਰ ਬਰੈਂਪਟਨ ਵਿਖੇ 21 ਅਪ੍ਰੈਲ 2024 ਨੂੰ ਕੀਤੀ ਗਈ। ਜਸਵੀਰ ਚਾਹਲ ਪ੍ਰਧਾਨ, ਅਮਰਦੀਪ ਜਨਰਲ ਸੈਕਟਰੀ, ਬਲਰਾਜ ਸੋਕਰ ਮੀਤ ਪ੍ਰਧਾਨ, ਨਿਰਮਲ ਸੰਧੂ ਖਜ਼ਾਨਚੀ ਅਤੇ ਬਲਜਿੰਦਰ ਭੁੱਲਰ ਸਹਾਇਕ ਸਕੱਤਰ ਚੁਣੇ ਗਏ। ਬਲਦੇਵ ਰਹਿਪਾ, ਬਲਵਿੰਦਰ ਬਰਨਾਲਾ, ਡਾ. ਬਲਜਿੰਦਰ ਸੇਖੋਂ, ਨਵਕਿਰਨ ਸਿੱਧੂ, ਬਲਰਾਜ ਸੋਕਰ ਅਤੇ ਸੋਹਣ ਸਿੰਘ ਢੀਂਡਸਾ 21 ਮਈ, 2024 ਨੂੰ ਹੋਣ ਵਾਲੇ ਕੌਮੀ ਜਨਰਲ ਇਜਲਾਸ ਲਈ ਡੈਲੀਗੇਟ ਚੁਣੇ ਗਏ। ਜਸਵੀਰ ਚਾਹਲ ਤੇ ਅਮਰਦੀਪ ਕੌਮੀ ਇਜਲਾਸ ਲਈ ਦਰਸ਼ਕ ਵੀ ਹੋਣਗੇ। ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਜਲਾਸ ਦੇ ਪ੍ਰਧਾਨਗੀ ਮੰਡਲ ਵਿਚ ਡਾ. ਬਲਜਿੰਦਰ ਸੇਖੋਂ, ਬਲਦੇਵ ਰਹਿਪਾ, ਬਲਵਿੰਦਰ ਬਰਨਾਲਾ ਅਤੇ ਬਲਰਾਜ ਸੋਕਰ ਵੱਲੋਂ ਸ਼ਮੂਲੀਅਤ ਕੀਤੀ ਗਈ। ਸਮੁੱਚੀ ਕਾਰਵਾਈ ਅਮਰਦੀਪ ਮੰਡੇਰ ਵੱਲੋਂ ਚਲਾਈ ਗਈ। ਸੁਸਾਇਟੀ ਦੇ ਵਰਕਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ।





# ਪੈਸੇਫਿਕ ਅਕੈਡਮੀ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ



**ਸਰੀ, (ਹਰਦਮ ਮਾਨ)**-ਪੈਸੇਫਿਕ ਅਕੈਡਮੀ ਦੇ ਗਿਆਰਵੀ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਇਹ ਸਾਰੇ ਵਿਦਿਆਰਥੀ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਆਏ ਸਨ।

ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਗਿਆ ਤੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਅਤੇ ਸਿਖ ਧਰਮ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਵਾਰੋ-ਵਾਰੀ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪੋ ਆਪਣੇ ਸੁਆਲ ਵੀ ਪੁੱਛੇ। ਤੀਜੀ ਮੰਜ਼ਿਲ ’ਤੇ ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਦਰਬਾਰ ਹਾਲ ਵਿਚ ਪਹੁੰਚ ਕੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼, ਸੁੱਖਆਸਨ, ਕੀਰਤਨ ਤੇ ਦਰਬਾਰ ਹਾਲ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦੀ ਪ੍ਰਥਾ ਤੋਂ ਵੀ ਜਾਣੂੰ ਹੋਏ। ਉਪਰੰਤ ਸਾਰਿਆਂ ਨੇ ਲੰਗਰ ਛਕਿਆ ਅਤੇ ਸੇਵਾਦਾਰਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਸਕੂਲ ਲਈ ਵਾਪਸੀ ਕੀਤੀ।

ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਰੀ ਵਿਚ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ-ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦੇ ਮੌਕੇ ਪ੍ਰਦਾਨ ਕਰਵਾਉਣ ਦਾ ਇਹ ਬਹੁਤ ਸ਼ਲਾਘਾਯੋਗ ਕਦਮ ਹੈ।

## ਕੈਨੇਡਾ ਦੀ ਅਦਾਲਤ ’ਚ ਪੰਜਾਬੀ ਨੇ ਕਬੂਲਿਆ ਪਤਨੀ ਦੇ ਕਤਲ ਦਾ ਗੁਨਾਹ

**ਐਬਡਸਫੋਰਡ, (ਰਾਜ ਗੋਗਨਾ/ਪੰਜਾਬ ਮੇਲ)**- ਕੈਨੇਡੀਅਨ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਐਬਟਸਫੋਰਡ ਵਿਚ ਰਹਿੰਦੇ ਇੰਦਰਜੀਤ ਸਿੰਘ ਸੰਧੂ ਨੇ ਆਪਣੀ ਪਤਨੀ ਕਮਲਜੀਤ ਕੌਰ ਸੰਧੂ ਦਾ ਕਤਲ ਕਰਨ ਦਾ ਗੁਨਾਹ ਅਦਾਲਤ ’ਚ ਕਬੂਲ ਕਰ ਲਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਪਤੀ ਇੰਦਰਜੀਤ ਸਿੰਘ ਸੰਧੂ ’ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਾਇਆ ਗਿਆ ਹੈ।

ਦਰਅਸਲ ਇਹ ਘਟਨਾ 2022 ’ਚ ਵਾਪਰੀ ਸੀ। ਪੁਲਿਸ ਦੀ ਟੀਮ ਜਦੋਂ 2900 ਬਲਾਕ ਈਸਟਵਿਊ ਸਟ੍ਰੀਟ ਵਿਖੇ ਉਨ੍ਹਾਂ ਦੀ ਰਿਹਾਇਸ਼ ’ਤੇ ਪਹੁੰਚੀ, ਤਾਂ ਉਸ ਸਮੇਂ ਕਮਲਜੀਤ ਸੰਧੂ ਗੰਭੀਰ ਹਾਲਤ ’ਚ ਜ਼ਖ਼ਮੀ ਪਈ ਸੀ। ਪੈਰਾਮੈਡੀਕਲ ਦੀ ਟੀਮ ਵੱਲੋਂ ਉਸ ਨੂੰ ਬਚਾਉਣ ਦੀਆਂ ਬਹੁਤ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਪਰ ਉਸ ਦੀ ਮੌਤ ਹੋ ਗਈ। ਇਸ ਵਾਰਦਾਤ ਮਗਰੋਂ ਏਕੀਕ੍ਰਿਤ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (ਆਈ.ਐੱਚ.ਆਈ.ਟੀ.) ਨੇ ਕਿਹਾ ਕਿ ਸੰਧੂ ਨੂੰ ਮੌਕੇ ’ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਅਤੇ ਹਿਰਾਸਤ ਵਿਚ ਲੈ ਲਿਆ ਗਿਆ ਸੀ। ਇੰਦਰਜੀਤ ਸਿੰਘ ਸੰਧੂ ਨੂੰ ਸਜ਼ਾ ਸੁਣਾਏ ਜਾਣ ਦੀ ਤਾਰੀਕ ਅਜੇ ਤੈਅ ਨਹੀਂ ਕੀਤੀ ਗਈ ਹੈ।

# ਲੋਕ ਸਭਾ ਚੋਣਾਂ: ਭਾਜਪਾ ਲਈ ਅਰਵਿੰਦ ਖੰਨਾ ਸੰਗਰੂਰ ਤੋਂ ਹੋ ਸਕਦੇ ਨੇ ਉਮੀਦਵਾਰ

**ਬਰਨਾਲਾ, (ਪੰਜਾਬ ਮੇਲ)**- ਲੋਕ ਸਭਾ ਚੋਣਾਂ ਲਈ ਸੰਗਰੂਰ ਤੋਂ ਲਗਭਗ ਸਾਰੀਆਂ ਮੁੱਖ ਪਾਰਟੀਆਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ, ਇਸ ਦੌੜ ਵਿਚ ਸਿਰਫ਼ ਭਾਜਪਾ ਹੀ ਪੱਛੜ ਗਈ ਹੈ। ਹੁਣ ਭਾਜਪਾ ਦੇ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਸਾਬਕਾ ਵਿਧਾਇਕ ਅਰਵਿੰਦ ਖੰਨਾ ਸੰਗਰੂਰ ਲੋਕ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ। ਵਰਣਨਯੋਗ ਹੈ ਕਿ ਅਰਵਿੰਦ ਖੰਨਾ ਇਸ ਤੋਂ ਪਹਿਲਾਂ ਵੀ ਇਕ ਵਾਰ ਕਾਂਗਰਸ ਦੀ ਟਿਕਟ ’ਤੇ ਲੋਕ ਸਭਾ ਚੋਣ ਲੜ ਚੁੱਕੇ ਹਨ, ਜਿਸ ਵਿਚ ਉਹ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਉਮੀਦਵਾਰ ਸੁਖਦੇਵ ਸਿੰਘ ਢੀਂਡਸਾ ਤੋਂ ਬਹੁਤ ਘੱਟ ਵੋਟਾਂ ਨਾਲ ਹਾਰ ਗਏ ਸਨ। ਪਤਾ ਲੱਗਾ ਹੈ ਕਿ ਇਸ ਵਾਰ ਭਾਜਪਾ ਸੰਗਰੂਰ ਸੀਟ ਤੋਂ ਹਿੰਦੂ ਉਮੀਦਵਾਰ ਨੂੰ ਲੈ ਕੇ ਜੂਆ ਖੇਡਣ ਦੇ ਮੂਡ ਵਿਚ ਹੈ, ਜਿਸ ਦੇ ਮੱਦੇਨਜ਼ਰ ਭਾਜਪਾ ਵੱਲੋਂ ਅਰਵਿੰਦ ਖੰਨਾ ਨੂੰ ਇੱਥੋਂ ਆਪਣਾ ਉਮੀਦਵਾਰ ਬਣਾਇਆ ਜਾ ਸਕਦਾ ਹੈ। ਬਾਕੀ ਸਾਰੀਆਂ ਪਾਰਟੀਆਂ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਸਿੱਖ ਚਿਹਰੇ ਨੂੰ ਮੈਦਾਨ ਵਿਚ ਉਤਾਰਿਆ ਹੈ, ਜੇਕਰ ਅਰਵਿੰਦ ਖੰਨਾ ਨੂੰ ਭਾਜਪਾ ਵੱਲੋਂ ਟਿਕਟ ਦਿੱਤੀ ਜਾਂਦੀ ਹੈ ਤਾਂ ਉਹ ਇੱਕੋ ਇੱਕ ਹਿੰਦੂ ਚਿਹਰਾ ਹੋਵੇਗਾ।

ਰਾਮ ਮੰਦਰ ਨੂੰ ਲੈ ਕੇ ਸ਼ਹਿਰਾਂ ’ਚ ਭਾਜਪਾ ਦਾ ਗ੍ਰਾਫ ਪਹਿਲਾਂ ਹੀ ਬਹੁਤ ਉੱਚਾ ਹੈ ਅਤੇ ਜੇਕਰ ਕੋਈ ਹਿੰਦੂ ਚਿਹਰਾ ਅੱਗੇ ਰੱਖਿਆ ਜਾਵੇ ਤਾਂ ਸਮੀਕਰਨ ਬਦਲ ਸਕਦੇ ਹਨ।

# ਸਰੀ ਦੇ ਜਸਵਿੰਦਰ ਦਿਲਾਵਰੀ ‘ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ’ ਨਾਲ ਸਨਮਾਨਿਤ



**ਸਰੀ, (ਹਰਦਮ ਮਾਨ/ਪੰਜਾਬ ਮੇਲ)**-ਸਰੀ ਦੇ ਵਿਦਿਅਕ, ਸਮਾਜਿਕ ਅਤੇ ਮੀਡੀਆ ਖੇਤਰ ਦੀ ਨਾਮਵਰ ਸ਼ਖ਼ਸੀਅਤ ਜਸਵਿੰਦਰ ਦਿਲਾਵਰੀ ਨੂੰ ਸਮਾਜਿਕ ਖੇਤਰ ’ਚ ਨਿਭਾਈਆਂ ਸ਼ਾਨਦਾਰ ਸੇਵਾਵਾਂ ਬਦਲੇ ਕੈਨੇਡਾ ਸਰਕਾਰ ਵੱਲੋਂ ‘ਕੁਈਨਜ਼ ਪਲੈਟੀਨਮ ਜੁਬਲੀ ਐਵਾਰਡ’ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਬੀਤੇ ਦਿਨੀਂ ਸਰੀ ਵਿਖੇ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ ਵੱਲੋਂ ਉਨ੍ਹਾਂ ਨੂੰ ਪ੍ਰਦਾਨ ਕੀਤਾ। ਵਰਣਨਯੋਗ ਹੈ ਕਿ ਮਹਾਰਾਣੀ ਐਲਿਜ਼ਾਬੈਥ-ਸੈਕਿੰਡ ਦੇ ਗੱਦੀ ’ਤੇ ਬਿਰਾਜਮਾਨ ਹੋਣ ਦੀ 70ਵੀਂ ਵਰ੍ਹੇਗੰਢ ਦਾ ਪ੍ਰਤੀਕ ਇਹ ਸਨਮਾਨ ਕੈਨੇਡਾ ਸਰਕਾਰ ਵੱਲੋਂ ਹਰ ਸਾਲ ਸਮਾਜ ਅਤੇ ਕਮਿਊਨਿਟੀ ਲਈ ਵਿਸ਼ੇਸ਼ ਸੇਵਾਵਾਂ ਨਿਭਾਉਣ ਵਾਲੀਆਂ 2 ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਜਸਵਿੰਦਰ ਦਿਲਾਵਰੀ ਪਿਛਲੇ ਕਈ ਸਾਲਾਂ ਤੋਂ ਸਰੀ ਦੇ ਵਿਦਿਅਕ, ਸਮਾਜਿਕ ਅਤੇ ਪੱਤਰਕਾਰੀ ਵਿਚ ਆਪਣੀ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ ਅਤੇ ਕਮਿਊਨਿਟੀ ਦੇ ਕਾਰਜਾਂ ਵਿਚ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਦੇ ਰਿਹਾ ਹੈ। ਉਸ ਨੂੰ ਇਹ ਸਨਮਾਨ ਮਿਲਣ ’ਤੇ ਖੁਸ਼ੀ ਪ੍ਰਗਟ ਕਰਦਿਆਂ ਬੀ.ਸੀ. ਯੂਨਾਈਟਿਡ ਦੇ ਆਗੂ ਅੰਮ੍ਰਿਤਪਾਲ ਸਿੰਘ ਢੋਟ (ਡੈਲਟਾ), ਲਖਵੀਰ ਸਿੰਘ ਗਰੇਵਾਲ, ਕਰਮਜੀਤ ਬਾਠ, ਸ਼ਾਮ ਸ਼ਰਮਾ, ਹਰਮੀਤ ਮਨਕਾਟਲਾ, ਜਸਬੀਰ ਸਿੰਘ ਭਾਟੀਆ ਅਤੇ ਨਵਦੀਪ ਚਾਹਲ ਨੇ ਕਿਹਾ ਹੈ ਕਿ ਜਸਵਿੰਦਰ ਦਿਲਾਵਰੀ ਬਹੁਤ ਹੀ ਮਿਲਣਸਾਰ, ਸਹਿਯੋਗੀ, ਲੋੜਵੰਦਾਂ ਦੀ ਦਿਲੋਂ ਮਦਦ ਕਰਨ ਵਾਲਾ ਵਿਅਕਤੀ ਹੈ ਅਤੇ ਹਮੇਸ਼ਾ ਹਰ ਇਕ ਨੂੰ ਆਪਣੀ ਸਹੀ ਅਤੇ ਸੁਹਿਰਦ ਸਲਾਹ ਨਾਲ ਨਿਵਾਜਦਾ ਹੈ।


ਜਸਵਿੰਦਰ ਦਿਲਾਵਰੀ ਨੇ ਇਹ ਐਵਾਰਡ ਮਿਲਣ ’ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਇਹ ਉਹਦੇ ਲਈ ਬੇਹੱਦ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਸਰਕਾਰ ਵੱਲੋਂ ਉਸ ਦੇ ਨਿਮਾਣੇ ਜਿਹੇ ਕਾਰਜ ਨੂੰ ਮਾਨਤਾ ਦਿੱਤੀ ਗਈ ਹੈ। ਇਸ ਨੇ ਉਹਦਾ ਹੌਂਸਲਾ ਬੁਲੰਦ ਕੀਤਾ ਹੈ। ਉਸ ਨੇ ਕਿਹਾ ਕਿ ਉਹ ਹਮੇਸ਼ਾ ਆਪਣੀ ਮਾਨਵਵਾਦੀ ਪਹੁੰਚ ਅਨੁਸਾਰ ਸਮਾਜ ਵਿਚ ਕੁਝ ਕਰਨ ਲਈ ਕਾਰਜਸ਼ੀਲ ਰਹੇਗਾ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪਾਕਿਸਤਾਨ 'ਚ ਔਰਤ ਨੇ ਦਿੱਤਾ 6 ਬੱਚਿਆਂ ਨੂੰ ਜਨਮ, 4 ਬੇਟੇ ਤੇ 2 ਬੇਟੀਆਂ, ਡਾਕਟਰ ਵੀ ਰਹਿ ਗਏ ਹੈਰਾਨ



**ਕਰਾਚੀ, (ਪੰਜਾਬ ਮੇਲ)**- ਪਾਕਿਸਤਾਨ ਦੇ ਰਾਵਲਪਿੰਡੀ ਜ਼ਿਲ੍ਹੇ ਤੋਂ ਹੈਰਾਨੀਜਨਕ ਖ਼ਬਰ ਸਾਹਮਣੇ ਆਈ ਹੈ। ਇੱਥੇ ਜ਼ਿਲ੍ਹਾ ਹਸਪਤਾਲ ਵਿਚ ਇੱਕ ਔਰਤ ਨੇ **Sextuplets (ਸੈਕਸਟੂਪਲੈਟਸ)** ਨੂੰ ਜਨਮ ਦਿੱਤਾ ਹੈ। ਡਾਕਟਰਾਂ ਮੁਤਾਬਕ ਔਰਤ ਅਤੇ ਬੱਚੇ ਸਿਹਤਮੰਦ ਹਨ। ਔਰਤ ਨੂੰ ਲੇਬਰ ਦਰਦ ਕਾਰਨ ਵੀਰਵਾਰ ਰਾਤ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ। ਲੰਬੇ ਆਪ੍ਰੇਸ਼ਨ ਤੋਂ ਬਾਅਦ ਔਰਤ ਨੇ ਸੈਕਸਟੂਪਲੈਟਸ ਯਾਨੀ 6 ਬੱਚਿਆਂ ਨੂੰ ਜਨਮ ਦਿੱਤਾ। ਸਾਰੇ ਬੱਚੇ ਸਿਹਤਮੰਦ ਹਨ। ਇਨ੍ਹਾਂ ਵਿਚ 4 ਲੜਕੇ ਅਤੇ 2 ਲੜਕੀਆਂ ਹਨ। ਜੀਓ ਨਿਊਜ਼ ਦੀ ਰਿਪੋਰਟ ਮੁਤਾਬਕ ਸਾਰੇ ਬੱਚੇ ਅਤੇ ਉਨ੍ਹਾਂ ਦੀ ਮਾਂ ਸਿਹਤਮੰਦ ਹਨ। ਹਾਲਾਂਕਿ ਫਿਲਹਾਲ ਬੱਚਿਆਂ ਨੂੰ ਨਿਗਰਾਨੀ ਲਈ ਆਈ.ਸੀ.ਯੂ. ਵਿਚ ਰੱਖਿਆ ਗਿਆ ਹੈ। ਹਜ਼ਾਰਾ ਕਲੋਨੀ ਦੇ ਵਸਨੀਕ ਵਹੀਦ ਨੇ ਆਪਣੀ ਪਤਨੀ ਜ਼ੀਨਤ ਨੂੰ ਜਣੇਪੇ ਦੇ ਦਰਦ ਕਾਰਨ ਵੀਰਵਾਰ ਨੂੰ ਪੰਜਾਬ ਦੇ ਰਾਵਲਪਿੰਡੀ ਜ਼ਿਲ੍ਹਾ ਹਸਪਤਾਲ ਵਿਚ ਦਾਖਲ ਕਰਵਾਇਆ ਸੀ। ਡਾਕਟਰਾਂ ਦਾ ਕਹਿਣਾ ਹੈ ਕਿ ਲੱਖਾਂ ਵਿਚੋਂ ਇੱਕ ਵਿਅਕਤੀ ਨੂੰ ਸੈਕਸਟੂਪਲੈਟਸ ਹੁੰਦਾ ਹੈ। ਸ਼ੁੱਕਰਵਾਰ ਨੂੰ ਲੰਬੇ ਆਪ੍ਰੇਸ਼ਨ ਤੋਂ ਬਾਅਦ ਔਰਤ ਨੇ ਇੱਕ ਤੋਂ ਬਾਅਦ ਇਕ 6 ਬੱਚਿਆਂ ਨੂੰ ਜਨਮ ਦਿੱਤਾ। ਬੱਚਿਆਂ ਵਿਚੋਂ 4 ਲੜਕੇ ਅਤੇ 2 ਲੜਕੀਆਂ ਸਨ। ਹਰ ਬੱਚੇ ਦਾ ਵਜ਼ਨ 2 ਪੌਂਡ ਤੋਂ ਘੱਟ ਸੀ। ਲੇਬਰ ਰੂਮ ਵਿਚ ਤਾਇਨਾਤ ਡਾਕਟਰ ਨੇ ਦੱਸਿਆ ਕਿ ਇਹ ਕੋਈ ਨਾਰਮਲ ਡਿਲੀਵਰੀ ਨਹੀਂ ਸੀ, ਇਸ ਵਿਚ ਕਈ ਪੇਚੀਦਗੀਆਂ ਸਨ। ਬੱਚਿਆਂ ਨੂੰ ਜਨਮ ਦੇਣ ਤੋਂ ਬਾਅਦ ਜ਼ੀਨਤ ਨੂੰ ਕੁਝ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਹੈ ਪਰ ਕੁਝ ਦਿਨਾਂ 'ਚ ਸਥਿਤੀ ਆਮ ਵਾਂਗ ਹੋ ਜਾਵੇਗੀ। ਇਸ ਚਮਤਕਾਰ ਤੋਂ ਬਾਅਦ ਡਾਕਟਰ ਅਤੇ ਸਟਾਫ ਕਾਫੀ ਖੁਸ਼ ਹਨ। ਡਾਕਟਰ ਨੇ ਕਿਹਾ, ਆਖਰ ਰੱਬ ਨੇ ਮਾਂ ਅਤੇ ਬੱਚਿਆਂ ਦੀ ਜਾਨ ਬਚਾਈ।

VerywellFamily.com ਦੇ ਅਨੁਸਾਰ, ਸੈਕਸਟੂਪਲੈਟਸ ਇੱਕੋ ਜਨਮ ਵਿਚ ਪੈਦਾ ਹੋਏ ਛੇ ਬੱਚਿਆਂ ਦਾ ਇੱਕ ਸਮੂਹ ਹੈ। ਇਹ ਕਾਫ਼ੀ ਮੁਸ਼ਕਲ ਪ੍ਰਕਿਰਿਆ ਹੈ। ਰਿਪੋਰਟ ਦੇ ਅਨੁਸਾਰ, 4.7 ਬਿਲੀਅਨ ਲੋਕਾਂ ਵਿਚੋਂ ਸਿਰਫ ਇੱਕ ਕੋਲ ਸੈਕਸਟੂਪਲੈਟ ਹੈ।

# ਕੈਨੇਡੀਅਨ ਇਤਿਹਾਸ 'ਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਮਾਮਲੇ 'ਚ 2 ਭਾਰਤੀਆਂ ਸਮੇਤ 6 ਗ੍ਰਿਫ਼ਤਾਰ

■ ਕਈਆਂ ਦੇ ਵਾਰੰਟ ਜਾਰੀ



ਓਟਵਾ, (ਪੰਜਾਬ ਮੇਲ)- ਟੋਰਾਂਟੋ ਦੇ ਮੁੱਖ ਹਵਾਈ ਅੱਡੇ 'ਤੇ ਪਿਛਲੇ ਸਾਲ ਬਹੁ-ਕਰੋੜੀ ਡਾਲਰ ਦੇ ਸੋਨੇ ਦੀ ਚੋਰੀ ਦੇ ਸਬੰਧ ਵਿਚ ਗ੍ਰਿਫਤਾਰ ਕੀਤੇ 6 ਵਿਅਕਤੀਆਂ ਵਿਚ ਘੱਟੋ-ਘੱਟ ਦੋ ਭਾਰਤੀ ਮੂਲ ਦੇ ਵਿਅਕਤੀ ਸ਼ਾਮਲ ਹਨ, ਜੋ ਕੈਨੇਡਾ ਦੇ ਇਤਿਹਾਸ ਵਿਚ ਸੋਨੇ ਦੀ ਸਭ ਤੋਂ ਵੱਡੀ ਚੋਰੀ ਹੈ। ਪੀਲ ਰੀਜਨਲ ਪੁਲੀਸ (ਪੀ.ਆਰ.ਪੀ.) ਨੇ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੇ ਇਸ ਮਾਮਲੇ ਵਿਚ ਤਿੰਨ ਹੋਰ ਵਿਅਕਤੀਆਂ ਦੇ ਵਾਰੰਟ ਵੀ ਜਾਰੀ ਕੀਤੇ ਹਨ। ਪੁਲਿਸ ਦਾ ਕਹਿਣਾ ਹੈ ਕਿ 17 ਅਪ੍ਰੈਲ 2023 ਨੂੰ ਏਅਰ ਕਾਰਗੋ ਕੰਟੇਨਰ, ਜਿਸ ਵਿਚ 2.2 ਕਰੋੜ ਕੈਨੇਡੀਅਨ ਡਾਲਰ ਤੋਂ ਵੱਧ ਮੁੱਲ ਦੀਆਂ ਸੋਨੇ ਦੀਆਂ ਛੜਾਂ ਤੇ ਵਿਦੇਸ਼ੀ ਮੁਦਰਾ ਸੀ, ਨੂੰ ਜਾਅਲੀ ਕਾਗਜ਼ੀ ਕਾਰਵਾਈ ਦੀ ਵਰਤੋਂ ਕਰਕੇ ਚੋਰੀ ਕੀਤਾ ਗਿਆ ਸੀ। ਸੋਨਾ ਅਤੇ ਕਰੰਸੀ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਏਅਰ ਕੈਨੇਡਾ ਦੀ ਫਲਾਈਟ 'ਤੇ ਪਹੁੰਚੀ ਸੀ। ਪੁਲਿਸ ਦਾ ਕਹਿਣਾ ਹੈ ਕਿ ਏਅਰ ਕੈਨੇਡਾ ਦੇ ਘੱਟੋ-ਘੱਟ ਦੋ ਸਾਬਕਾ ਕਰਮਚਾਰੀਆਂ ਨੇ ਕਥਿਤ ਤੌਰ 'ਤੇ ਇਸ ਚੋਰੀ ਵਿਚ ਮਦਦ ਕੀਤੀ ਸੀ। ਇੱਕ ਹੁਣ ਹਿਰਾਸਤ ਵਿਚ ਹੈ ਅਤੇ ਦੂਜੇ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਹੈ। ਭਾਰਤੀ ਮੂਲ ਦੇ ਦੋ ਵਿਅਕਤੀਆਂ ਪਰਮਪਾਲ ਸਿੱਧੂ (54) ਅਤੇ ਅਮਿਤ ਜਲੋਟਾ (40), ਦੋਵੇਂ ਓਨਟਾਰੀਓ ਦੇ ਰਹਿਣ ਵਾਲੇ ਹਨ, ਨੂੰ ਅੰਮਾਦ ਚੌਧਰੀ (43), ਅਲੀ ਰਜ਼ਾ (37) ਅਤੇ ਪ੍ਰਸਥ ਪਰਮਾਲਿੰਗਮ (35) ਦੇ ਨਾਲ ਗ੍ਰਿਫਤਾਰ ਕੀਤਾ ਗਿਆ। ਅਪਰਾਧ ਸਮੇਂ ਸਿੱਧੂ ਏਅਰ ਕੈਨੇਡਾ ਵਿਚ ਕੰਮ ਕਰਦਾ ਸੀ। ਇਸ ਤੋਂ ਇਲਾਵਾ ਪੁਲਿਸ ਨੇ ਬਰੈਂਪਟਨ ਦੇ 31 ਸਾਲਾ ਸਿਮਰਨ ਪ੍ਰੀਤ ਪਨੇਸਰ ਦੇ ਵਾਰੰਟ ਜਾਰੀ ਕੀਤੇ ਹਨ, ਜੋ ਚੋਰੀ ਦੇ ਸਮੇਂ ਏਅਰ ਕੈਨੇਡਾ 'ਚ ਤਾਇਨਾਤ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਬਰੈਂਪਟਨ ਦੇ 36 ਸਾਲਾ ਅਰਚਿਤ ਗਰੋਵਰ ਅਤੇ ਮਿਸੀਸਾਗਾ ਦੇ 42 ਸਾਲਾ ਅਰਸਲਾਨ ਚੌਧਰੀ ਦੇ ਵਾਰੰਟ ਜਾਰੀ ਕੀਤੇ ਗਏ ਹਨ।

# 2023 'ਚ ਏਸ਼ੀਆਈ ਦੇਸ਼ਾਂ 'ਤੇ ਜਲਵਾਯੂ ਤਬਦੀਲੀ ਦਾ ਦਿੱਸਿਆ ਅਸਰ

■ ਭਾਰਤ 'ਚ 2 ਮਹੀਨਿਆਂ 'ਚ ਲੂ ਕਾਰਨ 100 ਤੋਂ ਵੱਧ ਮੌਤਾਂ; ਰਿਪੋਰਟ 'ਚ ਹੋਇਆ ਖ਼ੁਲਾਸਾ

**ਜਿਨੇਵਾ, (ਪੰਜਾਬ ਮੇਲ)**- ਸੰਯੁਕਤ ਰਾਸ਼ਟਰ (ਯੂ.ਐੱਨ.) ਦੀ ਇੱਕ ਰਿਪੋਰਟ ਸਭ ਤੋਂ ਵੱਧ ਆਫ਼ਤ ਪ੍ਰਭਾਵਿਤ ਖੇਤਰਾਂ ਨੂੰ ਲੈ ਕੇ ਸਾਹਮਣੇ ਆਈ ਹੈ। ਇਸ ਦੇ ਅਨੁਸਾਰ, 2023 ਵਿਚ ਏਸ਼ੀਆ, ਮੌਸਮ, ਜਲਵਾਯੂ ਅਤੇ ਪਾਣੀ ਨਾਲ ਸਬੰਧਤ ਖ਼ਤਰਿਆਂ ਕਾਰਨ ਦੁਨੀਆਂ ਦੇ ਸਭ ਤੋਂ ਵੱਧ ਆਫ਼ਤ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਸੀ।

ਭਾਰਤ ਸਮੇਤ ਏਸ਼ੀਆ ਦੇ ਕਈ ਦੇਸ਼ ਗਰਮੀ ਦੀ ਲਪੇਟ 'ਚ ਹਨ। ਬੈਂਕਾਕ 'ਚ ਸੰਯੁਕਤ ਰਾਸ਼ਟਰ ਦੀ ਏਜੰਸੀ ਵਿਸ਼ਵ ਮੌਸਮ ਵਿਗਿਆਨ ਸੰਗਠਨ (ਡਬਲਯੂ.ਐੱਮ.ਓ.) ਵੱਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਏਸ਼ੀਆ 'ਚ ਹੜ੍ਹ ਅਤੇ ਤੂਫਾਨ ਕਾਰਨ ਸਭ ਤੋਂ ਜ਼ਿਆਦਾ ਮੌਤਾਂ ਅਤੇ ਆਰਥਿਕ ਨੁਕਸਾਨ ਹੋਇਆ ਹੈ। ਇੱਥੇ ਹੀਟ ਵੇਵ ਦਾ ਅਸਰ ਜ਼ਿਆਦਾ ਗੰਭੀਰ ਦੇਖਣ ਨੂੰ ਮਿਲਿਆ।

2023 ਵਿਚ ਏਸ਼ੀਆ ਵਿਚ 80 ਫੀਸਦੀ ਤੋਂ ਵੱਧ ਹੜ੍ਹ ਅਤੇ ਤੂਫਾਨ ਦੀਆਂ ਘਟਨਾਵਾਂ ਵਾਪਰੀਆਂ। ਦ ਸਟੇਟ ਆਫ ਦਿ ਕਲਾਈਮੇਟ ਇਨ ਏਸ਼ੀਆ 2023 ਸਿਰਲੇਖ ਵਾਲੀ ਰਿਪੋਰਟ ਦੇ ਅਨੁਸਾਰ, ਲੰਬੇ ਸਮੇਂ ਤੋਂ ਗਰਮੀ ਦੀ ਗਰਮੀ ਦੀ ਲਹਿਰ ਨੇ ਦੱਖਣ ਅਤੇ ਦੱਖਣ-ਪੂਰਬੀ ਏਸ਼ੀਆ ਨੂੰ ਪ੍ਰਭਾਵਿਤ ਕੀਤਾ। ਭਾਰਤ ਵਿਚ ਅਪ੍ਰੈਲ ਅਤੇ ਜੂਨ ਵਿਚ ਭਿਆਨਕ ਗਰਮੀ ਦੀ ਲਹਿਰ ਕਾਰਨ ਲਗਭਗ 110 ਮੌਤਾਂ ਹੋਈਆਂ।

ਪਿਛਲੇ ਸਾਲ ਏਸ਼ੀਆ ਦੇ ਜ਼ਿਆਦਾਤਰ ਹਿੱਸਿਆਂ 'ਚ ਭਿਆਨਕ ਗਰਮੀ ਪਈ ਸੀ। ਜਦੋਂ ਕਿ 2023 ਵਿਚ, ਤੁਰਾਨ ਨੀਵਾਂ ਖੇਤਰ (ਤੁਰਕਮੇਨਿਸਤਾਨ, ਉਜ਼ਬੇਕਿਸਤਾਨ, ਕਜ਼ਾਕਿਸਤਾਨ), ਹਿੰਦੂ ਕੁਸ਼ (ਅਫਗਾਨਿਸਤਾਨ, ਪਾਕਿਸਤਾਨ), ਗੰਗਾ ਅਤੇ ਬ੍ਰਹਮਪੁੱਤਰ ਨਦੀਆਂ ਦੇ ਹੇਠਲੇ ਹਿੱਸੇ (ਭਾਰਤ ਅਤੇ ਬੰਗਲਾਦੇਸ਼) ਸਮੇਤ ਏਸ਼ੀਆ ਦੇ ਕਈ ਖੇਤਰਾਂ ਵਿਚ ਘੱਟ ਬਾਰਿਸ਼ ਹੋਈ। ਜਦੋਂਕਿ ਪਿਛਲੇ ਸਾਲ ਜੁਲਾਈ ਅਤੇ ਅਗਸਤ ਵਿਚ ਭਾਰਤ ਵਿਚ ਭਾਰੀ ਮਾਨਸੂਨ ਦੀ ਬਾਰਿਸ਼ ਕਾਰਨ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵੀ ਵਾਪਰੀਆਂ ਸਨ।

# ਚੋਣ ਪ੍ਰਚਾਰ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਗੈਰ-ਹਾਜ਼ਰੀ 'ਤੇ ਉੱਠਣ ਲੱਗੇ ਸਵਾਲ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਸਿਆਸੀ ਮੈਦਾਨ ਭਖਣਾ ਸ਼ੁਰੂ ਹੋ ਗਿਆ ਹੈ। ਇਸ ਮੌਕੇ ਜਿੱਥੇ ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਰਿਹਾ ਹੈ, ਉੱਥੇ ਹੀ ਪੰਜਾਬ ਵਿਚ ਸੱਤਾਧਾਰੀ ਧਿਰ 'ਆਪ' ਨੇ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸਾਰੀਆਂ ਰਾਜਸੀ ਪਾਰਟੀਆਂ ਨੇ ਸੂਬੇ ਵਿਚ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੌਰਾਨ ਚੋਣ ਪ੍ਰਚਾਰ ਦੌਰਾਨ 'ਆਪ' ਦੇ ਰਾਜ ਸਭਾ ਮੈਂਬਰਾਂ ਦੀ ਗ਼ੈਰ-ਹਾਜ਼ਰੀ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਕੁਝ ਰਾਜ ਸਭਾ ਮੈਂਬਰਾਂ ਨੇ ਪਹਿਲਾਂ ਹੀ ਰਾਜਸੀ ਗਤੀਵਿਧੀਆਂ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਦੌਰਾਨ ਰਾਜ ਸਭਾ ਮੈਂਬਰ ਡਾ. ਸੰਦੀਪ ਪਾਠਕ ਨੂੰ ਛੱਡ ਕੇ ਬਾਕੀ ਕੋਈ ਵੀ ਰਾਜ ਸਭਾ ਮੈਂਬਰ ਦਿਖਾਈ ਨਹੀਂ ਦੇ ਰਿਹਾ ਹੈ। ਡਾ. ਸੰਦੀਪ ਪਾਠਕ ਵੱਲੋਂ ਵੱਖ-ਵੱਖ ਲੋਕ ਸਭਾ ਹਲਕਿਆਂ ਦੇ ਉਮੀਦਵਾਰਾਂ ਅਤੇ ਸੀਨੀਅਰ ਆਗੂਆਂ ਨਾਲ ਮੀਟਿੰਗਾਂ ਕਰਕੇ ਰਣਨੀਤੀ ਤਿਆਰ ਕੀਤੀ ਹੈ। ਦੂਜੇ ਪਾਸੇ ਰਾਜ ਸਭਾ ਮੈਂਬਰ ਰਾਘਵ ਚੱਢਾ, ਵਿਕਰਮ ਸਾਹਨੀ, ਸੰਤ ਬਲਬੀਰ ਸਿੰਘ ਸੀਚੇਵਾਲ, ਸੰਜੀਵ ਅਰੋੜਾ, ਅਸ਼ੋਕ ਮਿੱਤਲ ਅਤੇ ਹਰਭਜਨ ਸਿੰਘ ਚੋਣ ਸਰਗਰਮੀਆਂ ਵਿਚ ਕਿਤੇ ਵੀ ਦਿਖਾਈ ਨਹੀਂ ਦਿੱਤੇ। ਹੁਣ ਦੇਖਣਾ ਹੋਵੇਗਾ ਕਿ ਇਹ ਰਾਜ ਸਭਾ ਮੈਂਬਰ ਆਪਣੇ ਆਪ ਨੂੰ ਰਾਜਨੀਤੀ ਤੋਂ ਦੂਰ ਰੱਖਦੇ ਹਨ ਜਾਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਲਈ ਚੋਣ ਮੈਦਾਨ ਵਿਚ ਨਿੱਤਰਨਗੇ ਜਾਂ ਨਹੀਂ। ਇਸ 'ਤੇ ਪੰਜਾਬ ਦੇ ਲੋਕਾਂ ਦੀਆਂ ਨਜ਼ਰਾਂ ਵੀ ਟਿਕੀਆਂ ਹੋਈਆਂ ਹਨ।

# ਭਾਰਤ ਦੀ ਜਨਸੰਖਿਆ 144 ਕਰੋੜ ਤੋਂ ਹੋਈ ਪਾਰ

■ ਯੂ.ਐੱਨ.ਐੱਫ.ਪੀ.ਏ. ਦੀ ਰਿਪੋਰਟ ਵਿਚ ਖੁਲਾਸਾ



**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤ ਦੀ ਜਨਸੰਖਿਆ 144 ਕਰੋੜ ਦੇ ਅੰਕੜੇ ਨੂੰ ਪਾਰ ਕਰ ਗਈ ਹੈ, ਜਿਸ ਵਿਚ 24 ਫੀਸਦੀ ਆਬਾਦੀ 0 ਤੋਂ 14 ਸਾਲ ਦੇ ਉਮਰ ਵਾਲਿਆਂ ਦੀ ਹੈ। ਇਹ ਖੁਲਾਸਾ ਸੰਯੁਕਤ ਰਾਸ਼ਟਰ ਆਬਾਦੀ ਫੰਡ (ਯੂ.ਐੱਨ.ਐੱਫ.ਪੀ.ਏ.) ਦੀ ਤਾਜ਼ਾ ਰਿਪੋਰਟ ਵਿਚ ਕੀਤਾ ਗਿਆ ਹੈ। ਯੂ.ਐੱਨ.ਐੱਫ.ਪੀ.ਏ. ਦੀ ਰਿਪੋਰਟ ਮੁਤਾਬਕ ਭਾਰਤ ਦੀ ਆਬਾਦੀ 77 ਸਾਲਾਂ ਵਿਚ ਦੁੱਗਣੀ ਹੋਣ ਦਾ ਅਨੁਮਾਨ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ 144.17 ਕਰੋੜ ਦੀ ਅੰਦਾਜ਼ਨ ਆਬਾਦੀ ਨਾਲ ਵਿਸ਼ਵ ਪੱਧਰ 'ਤੇ ਸਭ ਤੋਂ ਅੱਗੇ ਹੈ, ਜਦਕਿ ਚੀਨ 142.5 ਕਰੋੜ ਨਾਲ ਦੂਜੇ ਨੰਬਰ 'ਤੇ ਹੈ। 2011 ਵਿਚ ਕੀਤੀ ਗਈ ਪਿਛਲੀ ਜਨਗਣਨਾ ਦੌਰਾਨ ਭਾਰਤ ਦੀ ਆਬਾਦੀ 121 ਕਰੋੜ ਦਰਜ ਕੀਤੀ ਗਈ ਸੀ। ਰਿਪੋਰਟ ਵਿਚ ਅੱਗੇ ਦੱਸਿਆ ਗਿਆ ਹੈ ਕਿ ਭਾਰਤ ਦੀ ਅੰਦਾਜ਼ਨ 24 ਫੀਸਦੀ ਆਬਾਦੀ 0-14 ਸਾਲ ਦੀ ਉਮਰ ਦੀ ਹੈ, ਜਦੋਂਕਿ 17 ਫੀਸਦੀ 10-19 ਸਾਲ ਦੀ ਉਮਰ ਵਰਗ ਦੀ ਹੈ। 10-24 ਸਾਲ ਦੀ ਉਮਰ ਦੇ ਵਰਗ ਦੀ ਆਬਾਦੀ 26 ਫੀਸਦੀ ਹੋਣ ਦਾ ਅਨੁਮਾਨ ਹੈ। 15-64 ਉਮਰ ਸਮੂਹ 68 ਫੀਸਦੀ ਹੈ। ਇਸ ਤੋਂ ਇਲਾਵਾ ਭਾਰਤ ਦੀ 7 ਫੀਸਦੀ ਆਬਾਦੀ 65 ਸਾਲ ਜਾਂ ਇਸ ਤੋਂ ਵੱਧ ਉਮਰ ਦੀ ਹੈ। ਦੇਸ਼ ਵਿਚ ਮਰਦਾਂ ਦੀ ਔਸਤ ਉਮਰ 71 ਸਾਲ ਅਤੇ ਔਰਤਾਂ ਦੀ 74 ਸਾਲ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿਨਸੀ ਅਤੇ ਪ੍ਰਜਣਨ ਸਿਹਤ ਵਿਚ 30 ਸਾਲਾਂ ਦੀ ਪ੍ਰਗਤੀ ਨੇ ਦੁਨੀਆਂ ਵਿਚ ਸਭ ਤੋਂ ਵਾਂਝੇ ਭਾਈਚਾਰਿਆਂ ਨੂੰ ਨਜ਼ਰਅੰਦਾਜ਼ ਕੀਤਾ ਹੈ।

ਰਿਪੋਰਟ ਮੁਤਾਬਕ, ਭਾਰਤ ਵਿਚ ਸਾਲ 2006-2023 ਦਰਮਿਆਨ 23 ਫ਼ੀਸਦੀ ਬਾਲ ਵਿਆਹ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ ਜਣੇਪੇ ਦੌਰਾਨ ਮੌਤਾਂ ਦੀ ਗਿਣਤੀ ਵਿਚ ਕਾਫ਼ੀ ਗਿਰਾਵਟ ਆਈ ਹੈ, ਜੋ ਦੁਨੀਆਂ ਵਿਚ ਹੋਣ ਵਾਲੀਆਂ ਅਜਿਹੀਆਂ ਸਾਰੀਆਂ ਮੌਤਾਂ ਦਾ 8 ਫੀਸਦੀ ਰਹਿ ਗਈਆਂ ਹਨ। ਰਿਪੋਰਟ ਮੁਤਾਬਕ, "ਭਾਰਤ ਦੀ ਸਫਲਤਾ ਦਾ ਸਿਹਰਾ ਅਕਸਰ ਕਿਫਾਇਤੀ, ਮਿਆਰੀ ਜਣੇਪਾ ਸਿਹਤ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਦੇ ਨਾਲ-ਨਾਲ ਸਿਹਤ ਨਤੀਜਿਆਂ 'ਤੇ ਲਿੰਗ ਭੇਦ-ਭਾਵ ਦੇ ਪ੍ਰਭਾਵ ਨੂੰ ਹੱਲ ਕਰਨ ਦੇ ਯਤਨਾਂ ਨੂੰ ਦਿੱਤਾ ਜਾਂਦਾ ਹੈ।"

# 'ਟਾਈਮ' ਮੈਗਜ਼ੀਨ ਵੱਲੋਂ ਸੌ ਪ੍ਰਭਾਵਸ਼ਾਲੀ ਹਸਤੀਆਂ ਦੀ ਸੂਚੀ ਜਾਰੀ

■ ਅਜੈ ਬੰਗਾ, ਸਾਕਸ਼ੀ ਤੇ ਆਲੀਆ ਪ੍ਰਭਾਵਸ਼ਾਲੀ ਹਸਤੀਆਂ 'ਚ ਸ਼ੁਮਾਰ;



ਅਜੈ ਬੰਗਾ | ਆਲੀਆ ਭੱਟ | ਸੱਤਿਆ ਨਡੇਲਾ | ਦੇਵ ਪਟੇਲ



ਸਾਕਸ਼ੀ ਮਲਿਕ | ਅਸਮਾ ਖਾਨ | ਪ੍ਰਿਅੰਬਦਾ ਨਟਰਾਜਨ | ਜਿਗਰ ਸ਼ਾਹ

ਨਵੀਂ ਦਿੱਲੀ, (ਪੰਜਾਬ ਮੇਲ)- ਵਿਸ਼ਵ ਬੈਂਕ ਦੇ ਪ੍ਰਧਾਨ ਅਜੈ ਬੰਗਾ, ਓਲੰਪੀਅਨ ਪਹਿਲਵਾਨ ਸਾਕਸ਼ੀ ਮਲਿਕ, ਬੌਲੀਵੁੱਡ ਅਦਾਕਾਰਾ ਆਲੀਆ ਭੱਟ, ਮਾਈਕ੍ਰੋਸੌਫਟ ਦੇ ਸੀ.ਈ.ਓ. ਸੱਤਿਆ ਨਡੇਲਾ ਅਤੇ ਅਦਾਕਾਰ ਤੇ ਡਾਇਰੈਕਟਰ ਦੇਵ ਪਟੇਲ 'ਟਾਈਮ' ਮੈਗਜ਼ੀਨ ਦੀ ਦੁਨੀਆਂ ਦੀਆਂ ਸੌ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੋਕਾਂ ਦੀ ਸੂਚੀ 'ਚ ਸ਼ੁਮਾਰ ਹਨ।

'ਟਾਈਮ' ਵੱਲੋਂ ਜਾਰੀ 'ਸਾਲ 2024 ਦੀਆਂ 100 ਸਭ ਤੋਂ ਵੱਧ ਪ੍ਰਭਾਵਸ਼ਾਲੀ ਸ਼ਖਸੀਅਤਾਂ' ਸਿਰਲੇਖ ਵਾਲੀ ਸੂਚੀ ਵਿਚ ਅਮਰੀਕਾ ਦੇ ਊਰਜਾ ਵਿਭਾਗ ਦੇ ਕਰਜ਼ ਪ੍ਰੋਗਰਾਮ ਅਧਿਕਾਰੀ ਡਾਇਰੈਕਟਰ ਜਿਗਰ ਸ਼ਾਹ, ਯੇਲ ਯੂਨੀਵਰਸਿਟੀ ਦੀ ਪ੍ਰੋਫੈਸਰ ਪ੍ਰਿਅੰਬਦਾ ਨਟਰਾਜਨ ਤੇ ਭਾਰਤੀ ਮੂਲ ਦੀ ਰੈਸਤਰਾਂ ਮਾਲਕ ਅਸਮਾ ਖ਼ਾਨ ਤੋਂ ਇਲਾਵਾ ਰੂਸ ਦੇ ਵਿਰੋਧੀ ਧਿਰ ਦੇ ਨੇਤਾ ਅਲੈਕਸੀ ਨੇਵਾਲਨੀ ਦੀ ਵਿਧਵਾ ਯੂਲੀਆ ਨਾਵਾਲਨਿਆ ਵੀ ਸ਼ਾਮਲ ਹਨ।

ਅਮਰੀਕਾ ਦੀ ਖਜ਼ਾਨਾ ਸਕੱਤਰ ਜੈਨੇਟ ਯੈਲੈੱਨ ਨੇ ਮਾਸਟਰਕਾਰਡ ਦੇ ਸਾਬਕਾ ਸੀ.ਈ.ਓ. ਬਾਰੇ 'ਟਾਈਮ' ਦੀ ਪ੍ਰੋਫਾਈਲ 'ਤੇ ਲਿਖਿਆ ਹੈ, "ਇਕ ਅਹਿਮ ਸੰਸਥਾ ਨੂੰ ਬਦਲਣ ਦਾ ਅਹਿਮ ਕੰਮ ਕਰਨ ਲਈ ਇਕ ਹੁਨਰਮੰਦ ਆਗੂ ਲੱਭਣਾ ਸੌਖਾ ਨਹੀਂ ਹੈ ਪਰ ਪਿਛਲੇ ਸਾਲ ਜੂਨ ਤੋਂ ਵਿਸ਼ਵ ਬੈਂਕ ਦਾ ਪ੍ਰਧਾਨ ਬਣਨ ਮਗਰੋਂ ਅਜੈ ਨੇ ਅਜਿਹਾ ਹੀ ਕੀਤਾ ਹੈ।" ਉਨ੍ਹਾਂ ਆਖਿਆ ਕਿ ਬੰਗਾ ਇਕ ਆਲਮੀ ਸੰਸਥਾ ਦੀ ਅਗਵਾਈ ਕਰਨ ਮਗਰੋਂ ਵਿਸ਼ਵ ਬੈਂਕ 'ਚ ਆਏ ਸਨ, ਜਿਸ ਰਾਹੀਂ ਉਨ੍ਹਾਂ ਨੇ ਬੈਂਕ ਤੋਂ ਦੂਰ ਲੱਖਾਂ ਲੋਕਾਂ ਨੂੰ ਡਿਜੀਟਲ ਅਰਥਚਾਰੇ 'ਚ ਲਿਆਂਦਾ ਹੈ।" ਆਲੀਆ ਭੱਟ ਨੂੰ 'ਜ਼ਬਰਦਸਤ ਪ੍ਰਤਿਭਾ' ਕਰਾਰ ਦਿੰਦਿਆਂ ਡਾਇਰੈਕਟਰ, ਪ੍ਰੋਡਿਊਸਰ ਤੇ ਲੇਖਕ ਟੌਮ ਹਾਰਪਰ ਨੇ ਲਿਖਿਆ ਹੈ, "ਆਲੀਆ ਭੱਟ ਭਾਰਤੀ ਫ਼ਿਲਮ ਉਦਯੋਗ 'ਚ ਇਕ ਦਹਾਕੇ ਤੋਂ ਵੱਧ ਸਮਾਂ ਕੰਮ ਕਰਨ ਕਰਕੇ ਸਿਰਫ ਵਿਸ਼ਵ ਦੀ ਪ੍ਰਸ਼ੰਸ਼ਾ ਹਾਸਲ ਕਰਨ ਵਾਲੇ ਮੋਹਰੀ ਕਲਾਕਾਰਾਂ 'ਚੋਂ ਇਕ ਨਹੀਂ ਹੈ, ਬਲਕਿ ਉਹ ਇਕ ਮਹਿਲਾ ਕਾਰੋਬਾਰੀ ਤੇ ਦਾਨੀ ਵੀ ਹੈ, ਜਿਹੜੀ ਇਮਾਨਦਾਰੀ ਨਾਲ ਅਗਵਾਈ ਕਰਦੀ ਹੈ।"

# ਗੈਰ ਕਾਨੂੰਨੀ ਪ੍ਰਵਾਸੀਆਂ ਨੂੰ 10-12 ਹਫਤਿਆਂ 'ਚ ਰਵਾਂਡਾ ਡਿਪੋਰਟ ਕੀਤਾ ਜਾਵੇਗਾ : ਬ੍ਰਿਟੇਨ ਪ੍ਰਧਾਨ ਮੰਤਰੀ



ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੋਮਵਾਰ ਨੂੰ ਵਾਅਦਾ ਕੀਤਾ ਕਿ ਰਵਾਂਡਾ ਲਈ ਦੇਸ਼ ਦੀਆਂ ਪਹਿਲੀ ਡਿਪੋਰਟੇਸ਼ਨ ਉਡਾਣਾਂ 10-12 ਹਫਤਿਆਂ ਵਿਚ ਰਵਾਨਾ ਹੋ ਸਕਦੀਆਂ ਹਨ ਕਿਉਂਕਿ ਉਸਨੇ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਇੱਕ ਪ੍ਰਮੁੱਖ ਨੀਤੀਗਤ ਵਾਅਦੇ ਨੂੰ ਲੈ ਕੇ ਸੰਸਦੀ ਗਤੀਰੋਧ ਨੂੰ ਖ਼ਤਮ ਕਰਨ ਦਾ ਵਾਅਦਾ ਕੀਤਾ ਸੀ। ਸੁਨਕ ਨੇ ਇੱਕ ਨਿਊਜ਼ ਕਾਨਫਰੰਸ ਵਿਚ ਇਹ ਟਿੱਪਣੀਆਂ ਕੀਤੀਆਂ। ਸੁਨਕ ਮੁਤਾਬਕ ਕਾਨੂੰਨ ਪਾਸ ਹੋਣ ਤੱਕ ਸੰਸਦ ਦਾ ਸੈਸ਼ਨ ਚੱਲਦਾ ਰਹੇਗਾ। ਹਾਊਸ ਆਫ ਕਾਮਨਜ਼ ਬਿੱਲ ਨੂੰ ਬਾਅਦ ਵਿਚ ਉਠਾਏਗਾ, ਜਿਸ ਤੋਂ ਬਾਅਦ ਹਾਊਸ ਆਫ ਲਾਰਡਜ਼ ਵਿਚ ਵਿਚਾਰ ਕੀਤਾ ਜਾਵੇਗਾ।

ਸੁਨਕ ਨੇ ਮੰਗ ਕੀਤੀ ਕਿ ਗੈਰ-ਚੁਣੇ ਹੋਏ ਹਾਊਸ ਆਫ਼ ਲਾਰਡਜ਼ ਅਧਿਕਾਰੀਆਂ ਨੂੰ ਰਵਾਂਡਾ ਵਿਚ ਕੁਝ ਸ਼ਰਨ ਮੰਗਣ ਵਾਲਿਆਂ ਨੂੰ ਦੇਸ਼ ਨਿਕਾਲਾ ਦੇਣ ਦੀ ਇਜਾਜ਼ਤ ਦੇਣ ਵਾਲੇ ਕਾਨੂੰਨ ਵਿਚ ਰੁਕਾਵਟ ਪਾਉਣਾ ਬੰਦ ਕਰ ਦੇਣ ਕਿਉਂਕਿ ਇਹ "ਕਿਸ਼ਤੀਆਂ ਨੂੰ ਰੋਕਣ" ਦੇ ਮੁਹਿੰਮ ਦੇ ਵਾਅਦੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਜੋ ਪ੍ਰਵਾਸੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਯੂ.ਕੇ. ਵਿਚ ਲਿਆਉਂਦਾ ਹੈ। ਸੁਨਕ ਨੇ ਕਿਹਾ, "ਬਹੁਤ ਹੋ ਗਿਆ।" ਸੁਨਕ ਨੇ ਦੱਸਿਆ ਕਿ ਸ਼ਰਣ ਮੰਗਣ ਵਾਲਿਆਂ ਨੂੰ ਲਿਜਾਣ ਲਈ ਵਪਾਰਕ ਚਾਰਟਰ ਜਹਾਜ਼ ਬੁੱਕ ਕੀਤੇ ਗਏ ਹਨ।

ਉਸਨੇ ਹੋਰ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ। ਉਸਨੇ ਕਿਹਾ, "ਅਸੀਂ ਤਿਆਰ ਹਾਂ। ਯੋਜਨਾਵਾਂ ਲਾਗੂ ਹਨ ਅਤੇ ਇਹ ਉਡਾਣਾਂ ਕੁਝ ਵੀ ਹੋਣਗੀਆਂ। ਕੋਈ ਵਿਦੇਸ਼ੀ ਅਦਾਲਤ ਸਾਨੂੰ ਉਡਾਣਾਂ ਬੰਦ ਕਰਨ ਤੋਂ ਨਹੀਂ ਰੋਕੇਗੀ।" ਇਹ ਬਿੱਲ ਦੋ ਮਹੀਨਿਆਂ ਤੋਂ ਰੁਕਿਆ ਹੋਇਆ ਹੈ ਕਿਉਂਕਿ ਇਹ ਸੰਸਦ ਦੇ ਦੋਵਾਂ ਸਦਨਾਂ ਦੇ ਵਿਚਕਾਰ ਵਿਚਾਰ ਅਧੀਨ ਹੈ, ਲਾਰਡਜ਼ ਨੇ ਵਾਰ-ਵਾਰ ਸੋਧਾਂ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਫਿਰ ਕਾਮਨਜ਼ ਦੁਆਰਾ ਰੱਦ ਕਰ ਦਿੱਤਾ ਗਿਆ ਸੀ। ਲਾਰਡਸ ਕੋਲ ਕਾਨੂੰਨ ਨੂੰ ਖ਼ਤਮ ਕਰਨ ਦੀ ਸ਼ਕਤੀ ਨਹੀਂ ਹੈ, ਪਰ ਕਾਨੂੰਨ ਬਣਨ ਤੋਂ ਪਹਿਲਾਂ ਉਹਨਾਂ ਨੂੰ ਆਪਣੀ ਸਹਿਮਤੀ ਦੇਣੀ ਹੋਵੇਗੀ। ਗਵਰਨਿੰਗ ਕੰਜ਼ਰਵੇਟਿਵ ਪਾਰਟੀ ਪ੍ਰਵਾਸੀਆਂ ਨੂੰ ਮਨਾਉਣ ਲਈ ਕੁਝ ਪਨਾਹ ਮੰਗਣ ਵਾਲਿਆਂ ਨੂੰ ਰਵਾਂਡਾ ਭੇਜਣ ਦੀ ਯੋਜਨਾ ਬਣਾ ਰਹੀ ਹੈ ਕਿ ਇਹ ਲੀਕੇਜ ਭਰੀਆਂ ਕਿਸ਼ਤੀਆਂ 'ਤੇ ਇੰਗਲਿਸ਼ ਚੈਨਲ ਨੂੰ ਪਾਰ ਕਰਨ ਦਾ ਜੋਖਮ ਚੁੱਕਣਾ ਸਹੀ ਨਹੀਂ ਹੈ।

# ਲੋਕ ਸਭਾ ਚੋਣਾਂ : ਬੈਂਸ ਭਰਾਵਾਂ ਦੀ ਅਕਾਲੀ ਦਲ 'ਚ ਹੋ ਸਕਦੀ ਹੈ ਵਾਪਸੀ!

ਲੁਧਿਆਣਾ, (ਪੰਜਾਬ ਮੇਲ)-ਸੂਬੇ ਦੀ ਰਾਜਨੀਤੀ ਵਿਚ ਵੱਖਰੀ ਪਛਾਣ ਰੱਖਣ ਵਾਲੇ ਲੁਧਿਆਣਾ ਦੇ ਬੈਂਸ ਭਰਾ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਸੰਪਰਕ ਵਿਚ ਹਨ। ਪਹਿਲਾਂ ਭਾਜਪਾ, ਫਿਰ ਕਾਂਗਰਸ ਤੇ ਹੁਣ ਸਿਆਸੀ ਚਰਚਾ ਹੈ ਕਿ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਉਨ੍ਹਾਂ ਦੇ ਭਰਾ ਬਲਵਿੰਦਰ ਸਿੰਘ ਬੈਂਸ ਅਕਾਲੀ ਦਲ ਨਾਲ ਜਾ ਸਕਦੇ ਹਨ। ਇਹ ਵੀ ਚਰਚਾ ਹੈ ਕਿ ਸਿਮਰਜੀਤ ਬੈਂਸ ਲੁਧਿਆਣਾ ਤੋਂ ਲੋਕ ਸਭਾ ਦੇ ਉਮੀਦਵਾਰ ਹੋਣ। ਸ਼ਹਿਰ ਦੀਆਂ 2 ਸੀਟਾਂ 'ਤੇ ਆਜ਼ਾਦ ਚੋਣ ਲੜ ਕੇ ਜਿੱਤਣ ਵਾਲੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਹੁਣ ਸ਼ਹਿਰ ਦੀ ਸਿਆਸਤ 'ਚ ਨਵੀਂ ਚਰਚਾ ਛੇੜ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਇਹ ਚਰਚਾ ਚੱਲ ਰਹੀ ਹੈ ਕਿ ਬੈਂਸ ਅਕਾਲੀ ਦਲ 'ਚ ਜਾ ਸਕਦੇ ਹਨ ਤੇ ਉਨ੍ਹਾਂ ਦੀ ਘਰ ਵਾਪਸੀ ਹੋ ਸਕਦੀ ਹੈ। ਆਉਣ ਵਾਲੇ 1-2 ਦਿਨਾਂ 'ਚ ਪੂਰੀ ਤਸਵੀਰ ਸਾਫ਼ ਹੋ ਜਾਵੇਗੀ। ਸਿਮਰਜੀਤ ਸਿੰਘ ਬੈਂਸ ਆਪਣੀ ਲੋਕ ਇਨਸਾਫ਼ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜਨਾ ਚਾਹੁੰਦੇ ਹਨ ਤੇ ਉਹ ਇਹ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਾਰਟੀ ਨਾਲ ਗੱਠਜੋੜ ਕੀਤਾ ਜਾਵੇ।

# ਰੋਮ ਹਵਾਈ ਅੱਡੇ ਨੂੰ 7ਵੀਂ ਵਾਰ ਮਿਲਿਆ ਯੂਰਪ ਦੇ ਸਰਵਉੱਤਮ ਹਵਾਈ ਅੱਡੇ ਦਾ ਖਿਤਾਬ

ਰੋਮ/ਇਟਲੀ, (ਪੰਜਾਬ ਮੇਲ)- ਇਟਲੀ ਦੀ ਰਾਜਧਾਨੀ ਰੋਮ ਦੇ ਪ੍ਰਸਿੱਧ ਅੰਤਰਰਾਸ਼ਟਰੀ ਹਵਾਈ ਅੱਡਾ 'ਲਿਓਨਾਰਦੋ ਦਾ ਵਿਨਚੀ' ਪਿਛਲੇ ਛੇ ਸਾਲਾਂ ਤੋਂ ਯੂਰਪੀਅਨ ਦੇਸ਼ਾਂ ਦੇ ਹਵਾਈ ਅੱਡਿਆਂ ਨੂੰ ਪਛਾੜ ਕੇ ਦੁਨੀਆਂ ਭਰ ਵਿਚ ਯਾਤਰੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਵਧੀਆ ਸੇਵਾਵਾਂ ਦੇਣ ਵਾਲਾ ਯੂਰਪ ਦਾ ਪਹਿਲੇ ਦਰਜੇ ਦਾ ਹਵਾਈ ਅੱਡਾ ਹੋਣ ਦਾ ਮਾਣਮੱਤਾ ਖਿਤਾਬ 6ਵੀਂ ਵਾਰ ਆਪਣੀ ਝੋਲੀ ਪੁਆ ਚੁੱਕਾ ਹੈ।

ਸਕਾਈਟਰੈਕਸ ਸੰਸਥਾਂ ਵਲੋਂ ਜਾਰੀ ਕੀਤੇ ਗਏ ਸਾਲ 2024 ਦੇ ਸਰਵੇਖਣ ਵਿਚ ਦੱਸਿਆ ਹੈ ਕਿ ਰੋਮ ਹਵਾਈ ਅੱਡੇ 'ਤੇ ਯਾਤਰੀਆਂ ਨੂੰ ਵਧੀਆ ਸਹੂਲਤਾਂ ਤੇ ਸੁਰੱਖਿਆ ਪ੍ਰਤੀ ਵਧੀਆ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਰਕੇ ਉਨ੍ਹਾਂ ਲਗਾਤਾਰ ਛੇਵੀਂ ਵਾਰ ਫਿਊਮੀਚੀਨੋ ਹਵਾਈ ਅੱਡੇ ਨੂੰ ਇਸ ਖਿਤਾਬ ਨਾਲ ਨਿਵਾਜਿਆ ਹੈ। ਦੂਜੇ ਪਾਸੇ ਹਵਾਈ ਅੱਡੇ ਦੇ ਸੀ.ਈ.ਓ. ਮਾਰਕੋ ਤਰੋਨਕੋਨੇ ਨੇ ਹਰ ਵਾਰ ਦੀ ਤਰ੍ਹਾਂ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ

**■ ਦੁਨੀਆਂ ਭਰ 'ਚੋਂ ਹਮਾਦ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਮਿਲਿਆ ਸਰਵਉੱਤਮ ਹਵਾਈ ਅੱਡਾ ਹੋਣ ਦਾ ਖਿਤਾਬ**

ਉਨ੍ਹਾਂ ਨੂੰ ਉਚੇਚੇ ਤੌਰ 'ਤੇ ਮਾਣ ਹੈ ਕਿ ਸਾਲ 2024 ਵਿਚ ਵੀ ਰੋਮ ਹਵਾਈ ਅੱਡੇ ਨੂੰ ਸਰਵਉੱਤਮ ਹਵਾਈ ਸੇਵਾਵਾਂ ਤੇ ਸੁਰੱਖਿਆ ਪ੍ਰਬੰਧਕਾਂ ਕਰਕੇ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।

ਦੱਸਣਯੋਗ ਹੈ ਕਿ ਫਿਊਮੀਚੀਨੋ ਹਵਾਈ ਅੱਡੇ ਨੂੰ ਸਾਲ 2020 ਸਤੰਬਰ ਮਹੀਨੇ ਵਿਚ ਕੋਵਿਡ ਸਮੇਂ ਦੌਰਾਨ ਯਾਤਰੀ ਦੀ ਸਿਹਤ ਸੰਬੰਧੀ ਵਧੀਆ ਸਹੂਲਤਾਂ ਦੇਣ ਵਾਲਾ ਖਿਤਾਬ ਵੀ ਮਿਲ ਚੁੱਕਾ ਹੈ ਤੇ ਨਾਲ ਹੀ ਸਕਾਈਟਰੈਕਸ ਵਲੋਂ ਇਸ ਹਵਾਈ ਅੱਡੇ ਨੂੰ ਪੰਜ ਸਿਤਾਰਾ ਐਂਟੀ ਕੋਵਿਡ ਹਵਾਈ ਅੱਡੇ ਦਾ ਖਿਤਾਬ ਹਾਸਲ ਹੋਇਆ ਸੀ। ਰੋਮ ਹਵਾਈ ਅੱਡੇ ਨੂੰ 7ਵੀਂ ਵਾਰ ਯੂਰਪ ਦਾ ਸਰਵਉੱਤਮ ਹਵਾਈ ਅੱਡੇ ਦਾ ਖਿਤਾਬ ਮਿਲਣਾ ਇਟਲੀ ਵਾਸੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਦੂਜੇ ਪਾਸੇ ਅਰਬ ਦੇਸ਼ ਦੋਹਾ ਕਤਰ ਦੇ "ਹਮਾਦ ਅੰਤਰਰਾਸ਼ਟਰੀ ਹਵਾਈ" ਅੱਡੇ ਨੂੰ ਵਿਸ਼ਵ ਦਾ ਸਰਵਉੱਤਮ ਹਵਾਈ ਅੱਡਾ ਹੋਣ ਦਾ ਮਾਣਮੱਤਾ ਖਿਤਾਬ ਹਾਸਿਲ ਹੋਇਆ ਹੈ, ਜੋ ਕਿ ਦੁਨੀਆਂ ਭਰ ਦੇ ਹਵਾਈ ਅੱਡਿਆਂ ਵਿਚੋਂ ਪਹਿਲੇ ਨੰਬਰ 'ਤੇ ਆ ਗਿਆ ਹੈ। ਇਸ ਦੇ ਨਾਲ ਹੀ ਰਾਜਧਾਨੀ ਰੋਮ ਦੇ ਹਵਾਈ ਅੱਡੇ ਫਿਊਮੀਚੀਨੋ ਨੂੰ ਵਿਸ਼ਵ ਭਰ ਵਿਚ 12ਵਾਂ ਸਥਾਨ ਹਾਸਲ ਹੋਇਆ ਹੈ। ਇਸ ਰੈਕਿੰਗ ਤਹਿਤ ਸਰਵਉੱਚ ਏਅਰਪੋਰਟ ਵਿਚ 1. ਦੋਹਾ ਹਮਾਦ, 2. ਸਿੰਘਾਪੁਰ ਚਾਂਗੀ, 3. ਸਿਓਲ ਇਨਚੇਓਨ, 4. ਟੋਕਿਓ ਹਾਨੇਡਾ, 5. ਟੋਕਿਓ ਨਾਰੀਟਾ, 6. ਪੈਰਿਸ ਸੀ.ਡੀ.ਜੀ., 7. ਡੁਬਈ, 8. ਮਿਊਨਿਚ, 9. ਜ਼ਿਊਰਿਕ, 10. ਇਸਤਾਂਬੁਲ, 11. ਹਾਂਗਕਾਂਗ, 12. ਫਿਊਮੀਚੀਨੋ, 13. ਵਿਆਨਾ, 14. ਹੇਲਸਿੰਕੀ ਵਨਟਾਅ, 15. ਮੈਡਰਿਡ ਬਾਰਾਜਸ, 16. ਸੈਨਟੇਅਰ ਨਾਗੋਆ, 17. ਵੈਨਕੂਵਰ, 18. ਕੇਨਜਾਈ, 19 ਮੈਲਬੌਰਨ, 20. ਕੋਪਨਹੈਗਨ ਦਾ ਉਚੇਚਾ ਜ਼ਿਕਰ ਆ ਰਿਹਾ ਹੈ।

ਸਫਾ 1 ਦਾ ਬਾਕੀ

## ਪੰਜਾਬ 'ਚ ਲੰਬੀ ਚੋਣ ਪ੍ਰਕਿਰਿਆ...

ਵੱਡੇ ਆਗੂ ਆਉਣ ਵਾਲੇ ਦਿਨਾਂ 'ਚ ਪਾਲਾ ਬਦਲ ਸਕਦੇ ਹਨ। ਇਹ ਆਗੂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਸੰਪਰਕ 'ਚ ਦੱਸੇ ਜਾ ਰਹੇ ਹਨ।

ਸਿਆਸੀ ਹਲਕਿਆਂ 'ਚ ਇਹ ਵੀ ਚਰਚਾ ਚੱਲ ਰਹੀ ਹੈ ਕਿ ਹੁਣ ਆਗੂਆਂ ਅੱਗੇ ਪੰਜਾਬ 'ਚ ਕਾਫੀ ਬਦਲ ਮੌਜੂਦ ਹਨ। ਸੂਬੇ 'ਚ ਇਸ ਸਮੇਂ 'ਆਪ', ਕਾਂਗਰਸ, ਭਾਜਪਾ, ਅਕਾਲੀ ਦਲ ਸਣੇ ਹੋਰ ਸਿਆਸੀ ਪਾਰਟੀਆਂ ਮੌਜੂਦ ਹਨ। ਇਸ ਲਈ ਜਿਸ ਆਗੂ ਨੂੰ ਟਿਕਟ ਨਹੀਂ ਮਿਲਦੀ, ਉਹ ਦੂਜੀ ਪਾਰਟੀ 'ਚ ਚਲਿਆ ਜਾਂਦਾ ਹੈ। ਪਹਿਲੀ ਵਾਰ ਪੰਜਾਬ ਦੇ ਚੋਣ ਦ੍ਰਿਸ਼ 'ਚ ਲੋਕਾਂ ਨੂੰ ਭਾਰੀ ਉਲਟਫੇਰ ਤੇ ਦਲ-ਬਦਲ ਦੀਆਂ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ, ਨਹੀਂ ਤਾਂ ਇਸ ਤੋਂ ਪਹਿਲਾਂ ਸਾਰੀਆਂ ਚੋਣਾਂ ਸ਼ਾਂਤਮਈ ਢੰਗ ਨਾਲ ਸੰਪੰਨ ਹੁੰਦੀਆਂ ਸਨ।

ਸਫਾ 1 ਦਾ ਬਾਕੀ

## ਅਮਰੀਕੀ ਪ੍ਰਤੀਨਿਧੀ ਸਭਾ ਵੱਲੋਂ...

ਉਨ੍ਹਾਂ ਨੇ ਹੁਣ ਨਵੇਂ ਬਿੱਲ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ। ਇਸ ਤੋਂ ਇਲਾਵਾ, ਹਾਊਸ ਰਿਪਬਲਿਕਨਾਂ ਨੇ ਟਿਕਟੋਕ ਕਾਨੂੰਨ ਨੂੰ ਵਿਦੇਸ਼ੀ ਸਹਾਇਤਾ ਪੈਕੇਜ ਵਿਚ ਸ਼ਾਮਲ ਕੀਤਾ ਹੈ। ਇਸ ਵਿਚ ਯੂਕਰੇਨ ਅਤੇ ਇਜ਼ਰਾਈਲ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਸ਼ਾਮਲ ਹੈ।

ਸੈਨੇਟਰਾਂ ਕੋਲ ਟਿਕਟੌਕ ਧਾਰਾ ਨੂੰ ਹਟਾਉਣ ਦਾ ਵਿਕਲਪ ਹੈ। ਹਾਲਾਂਕਿ, ਜੇ ਸੰਯੁਕਤ ਰਾਜ ਦੀ ਸੈਨੇਟ, ਯੂ.ਐੱਸ. ਕਾਂਗਰਸ ਦੇ ਪ੍ਰਤੀਨਿਧਾਂ ਦਾ ਉੱਪਰਲਾ ਸਦਨ, ਟਿਕਟੌਕ ਬਿੱਲ ਪਾਸ ਕਰਦਾ ਹੈ, ਤਾਂ ਇਹ ਰਾਸ਼ਟਰਪਤੀ ਜੋਅ ਬਾਇਡਨ ਨੂੰ ਉਸਦੇ ਦਸਤਖਤ ਲਈ ਭੇਜਿਆ ਜਾਵੇਗਾ।

ਅਮਰੀਕੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ 'ਚ ਟਿਕਟੌਕ ਖਿਲਾਫ ਬਿੱਲ ਬਹੁਮਤ ਨਾਲ ਪਾਸ ਹੋ ਗਿਆ ਹੈ। ਇਸ ਬਿੱਲ ਦੇ ਪੱਖ 'ਚ 360 ਅਤੇ ਵਿਰੋਧ 'ਚ ਸਿਰਫ 58 ਵੋਟਾਂ ਪਈਆਂ। ਜੇਕਰ ਇਹ ਬਿੱਲ ਸੈਨੇਟ ਤੋਂ ਵੀ ਪਾਸ ਹੋ ਜਾਂਦਾ ਹੈ, ਤਾਂ ਸ਼ਾਇਦ ਇਹ ਪਹਿਲੀ ਵਾਰ ਹੋਵੇਗਾ, ਜਦੋਂ ਅਮਰੀਕੀ ਸਰਕਾਰ ਕਿਸੇ ਸੋਸ਼ਲ ਮੀਡੀਆ ਐਪ 'ਤੇ ਪਾਬੰਦੀ ਲਗਾਏਗੀ।

ਇਸ ਬਿੱਲ ਵਿਚ ਟਿਕਟੌਕ ਦੀ ਚੀਨੀ ਮੂਲ ਕੰਪਨੀ 'ਬਾਈਟਡਾਂਸ' ਨੂੰ 'ਟਿਕਟੌਕ' ਵੇਚਣ ਲਈ ਇੱਕ ਸਾਲ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਕੰਪਨੀ ਟਿਕਟੌਕ ਨੂੰ ਵੇਚਣ 'ਚ ਅਸਫਲ ਰਹਿੰਦੀ ਹੈ, ਤਾਂ ਅਮਰੀਕੀ ਸਰਕਾਰ ਇਸ 'ਤੇ ਪਾਬੰਦੀ ਲਗਾ ਦੇਵੇਗੀ। ਦਰਅਸਲ, ਅਮਰੀਕਾ ਨੂੰ ਸ਼ੱਕ ਹੈ ਕਿ ਚੀਨ ਟਿਕਟੌਕ ਰਾਹੀਂ ਅਮਰੀਕੀ ਲੋਕਾਂ ਦੀ ਜਾਸੂਸੀ ਕਰਦਾ ਹੈ।

ਸਫਾ 1 ਦਾ ਬਾਕੀ

## ਐੱਚ-1ਬੀ ਵੀਜ਼ਾ ਦੇ ਸਖ਼ਤ ਵਿਰੋਧ...

ਐੱਚ-1ਬੀ ਵੀਜ਼ਾ ਦੇ ਸਖ਼ਤ ਵਿਰੋਧ 'ਚ ਡੋਨਾਲਡ ਟਰੰਪ ਦੇ ਦੋਹਰੇ ਮਾਪਦੰਡ

ਡਾਲਰ ਦੀ ਸਾਲਾਨਾ ਤਨਖਾਹ ਦੇ ਨਾਲ ਇੱਕ ਐੱਚ-1ਬੀ ਵੀਜ਼ਾ ਵਰਕਰ ਲਈ ਅਰਜ਼ੀ ਦਿੱਤੀ ਸੀ। ਕੁਝ ਮਹੀਨਿਆਂ ਬਾਅਦ, ਅਰਜ਼ੀ ਮਨਜ਼ੂਰ ਹੋ ਗਈ। ਹੁਣ ਕੰਪਨੀ ਦਾ ਕਹਿਣਾ ਹੈ ਕਿ ਉਸ ਨੇ ਉਸ ਕਰਮਚਾਰੀ ਨੂੰ ਨੌਕਰੀ 'ਤੇ ਨਹੀਂ ਰੱਖਿਆ। ਦਸਤਾਵੇਜ਼ਾਂ ਤੋਂ ਪਤਾ ਚੱਲਦਾ ਹੈ ਕਿ ਟਰੰਪ ਦੇ ਜਵਾਈ ਅਤੇ ਵ੍ਹਾਈਟ ਹਾਊਸ ਦੇ ਸਲਾਹਕਾਰ ਜੇਰੇਡ ਕੁਸ਼ਨਰ ਦੁਆਰਾ ਸਥਾਪਿਤ ਇੱਕ ਨਿਵੇਸ਼ ਕੰਪਨੀ ਨੇ ਵੀ ਐੱਚ-1ਬੀ ਵੀਜ਼ਾ 'ਤੇ ਬਾਹਰੋਂ ਲੋਕਾਂ ਨੂੰ ਨੌਕਰੀ 'ਤੇ ਰੱਖਣ ਲਈ ਅਰਜ਼ੀ ਦਿੱਤੀ ਹੈ। ਅਮਰੀਕਾ ਵਿਚ ਗੂਗਲ, ਮਾਈਕ੍ਰੋਸਾਫਟ, ਫੇਸਬੁੱਕ ਸਮੇਤ ਚੋਟੀ ਦੀਆਂ ਟੈਕਨਾਲੋਜੀ ਕੰਪਨੀਆਂ ਐੱਚ-1ਬੀ ਵੀਜ਼ਾ ਤਹਿਤ ਹਜ਼ਾਰਾਂ ਲੋਕਾਂ ਨੂੰ ਨੌਕਰੀ 'ਤੇ ਰੱਖਦੀਆਂ ਹਨ। ਟਰੰਪ ਇਸ ਵੀਜ਼ੇ ਦੀ ਵਰਤੋਂ ਰਾਸ਼ਟਰਪਤੀ ਬਣਨ ਤੋਂ ਪਹਿਲਾਂ ਕਰ ਚੁੱਕੇ ਹਨ। ਹਾਲਾਂਕਿ ਉਹ ਆਪਣੇ ਹੋਟਲਾਂ ਅਤੇ ਰਿਜ਼ੋਰਟਾਂ ਲਈ ਬਾਹਰੋਂ ਮਜ਼ਦੂਰ ਲਿਆਉਂਦੇ ਸਨ। ਇਸ ਤੋਂ ਇਲਾਵਾ ਇਹ ਸਭ ਜਾਣਦੇ ਹਨ ਕਿ ਟਰੰਪ ਪ੍ਰਵਾਸੀਆਂ ਨੂੰ ਪਸੰਦ ਨਹੀਂ ਕਰਦੇ ਹਨ। ਟਰੰਪ ਮੈਕਸੀਕੋ ਦੀ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਆਉਣ ਵਾਲੇ ਲੋਕਾਂ ਦੇ ਖਿਲਾਫ ਸਖਤ ਬਿਆਨ ਦੇਣ ਲਈ ਜਾਣੇ ਜਾਂਦੇ ਹਨ। ਉਸ ਨੇ ਨਾ ਸਿਰਫ ਗੈਰ-ਕਾਨੂੰਨੀ, ਸਗੋਂ ਕਾਨੂੰਨੀ ਪਰਵਾਸ ਖਿਲਾਫ ਵੀ ਕਾਰਵਾਈ ਕੀਤੀ ਹੈ। ਜਦੋਂ ਉਹ ਰਾਸ਼ਟਰਪਤੀ ਸੀ, ਉਸਨੇ ਪਰਿਵਾਰ ਆਧਾਰਿਤ ਵੀਜ਼ਾ ਅਤੇ ਵੀਜ਼ਾ ਲਾਟਰੀ ਪ੍ਰੋਗਰਾਮਾਂ 'ਤੇ ਕਈ ਪਾਬੰਦੀਆਂ ਲਗਾਈਆਂ। 2016 ਵਿਚ ਇੱਕ ਪ੍ਰਾਇਮਰੀ ਬਹਿਸ ਦੌਰਾਨ, ਟਰੰਪ ਨੇ ਐੱਚ-1ਬੀ ਵੀਜ਼ਾ ਪ੍ਰੋਗਰਾਮ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਵੀਜ਼ਾ ਅਮਰੀਕੀ ਕਰਮਚਾਰੀਆਂ ਲਈ ਬੇਹੱਦ ਨੁਕਸਾਨਦੇਹ ਸੀ। ਰਾਸ਼ਟਰਪਤੀ ਬਣਨ ਤੋਂ ਬਾਅਦ, ਉਸਨੇ 'ਅਮਰੀਕੀ ਖਰੀਦੋ, ਅਮਰੀਕੀ ਕਿਰਾਏ 'ਤੇ ਲਓ' ਦਾ ਨਾਅਰਾ ਦਿੱਤਾ। ਇਸ ਅਨੁਸਾਰ, ਅਮਰੀਕੀਆਂ ਨੂੰ ਉਸ ਕੰਮ ਲਈ ਨੌਕਰੀ 'ਤੇ ਰੱਖਿਆ ਜਾਣਾ ਸੀ। ਜਦੋਂ ਅਮਰੀਕਾ ਵਿਚ ਐੱਚ-1ਬੀ ਵੀਜ਼ਾ ਪ੍ਰੋਗਰਾਮ ਦਾ ਵਿਰੋਧ ਹੁੰਦਾ ਹੈ, ਤਾਂ ਵਿਰੋਧ ਜ਼ਿਆਦਾਤਰ ਵਿਦੇਸ਼ੀ ਕਾਮਿਆਂ ਨੂੰ ਮਿਲਣ ਵਾਲੀ ਘੱਟ ਤਨਖਾਹ ਨਾਲ ਸਬੰਧਤ ਹੁੰਦਾ ਹੈ। ਕਿਉਂਕਿ ਕੰਪਨੀਆਂ ਅਕਸਰ ਖਰਚੇ ਬਚਾਉਣ ਲਈ ਐੱਚ-1ਬੀ ਵੀਜ਼ਾ ਦੀ ਵਰਤੋਂ ਕਰਦੀਆਂ ਹਨ।

# ਲੰਡਨ ਮੇਅਰ ਦੀ ਚੋਣ ਲਈ ਭਾਰਤੀ ਮੂਲ ਦਾ ਤਰੁਣ ਮੈਦਾਨ 'ਚ ਨਿੱਤਰਿਆ



ਮੀਡੀਆ ਨਾਲ ਗੱਲਬਾਤ ਕਰਦੇ ਹੋਏ ਤਰੁਣ ਗੁਲਾਟੀ।

ਲੰਡਨ, (ਪੰਜਾਬ ਮੇਲ)- ਲੰਡਨ ਦੇ ਮੇਅਰ ਦੀ ਚੋਣ ਵਿਚ ਸਾਦਿਕ ਖਾਨ ਨੂੰ ਤੀਜੀ ਵਾਰ ਜਿੱਤਣ ਤੋਂ ਰੋਕਣ ਲਈ ਮੈਦਾਨ 'ਚ ਨਿੱਤਰੇ ਭਾਰਤੀ ਮੂਲ ਦੇ ਤਰੁਣ ਗੁਲਾਟੀ ਨੇ ਕਿਹਾ ਕਿ ਬਰਤਾਨੀਆ ਦੀ ਰਾਜਧਾਨੀ ਲੰਡਨ ਦੇ ਨਾਗਰਿਕਾਂ ਨੂੰ ਸਾਰੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਨਿਰਾਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਲੰਡਨ ਨੂੰ ਤਜ਼ਰਬੇਕਾਰ ਸੀ.ਈ.ਓ. ਵਾਂਗ ਚਲਾਉਣਾ ਚਾਹੁੰਦੇ ਹਨ, ਜੋ ਕਿ ਸਾਰਿਆਂ ਦੇ ਹਿੱਤ ਵਿਚ ਹੋਵੇਗਾ।

ਦਿੱਲੀ ਵਿਚ ਜਨਮੇ ਤਰੁਣ ਗੁਲਾਟੀ ਦਾ ਮੰਨਣਾ ਹੈ ਕਿ ਬਤੌਰ ਕਾਰੋਬਾਰੀ ਅਤੇ ਨਿਵੇਸ਼ ਮਾਹਿਰ ਉਨ੍ਹਾਂ ਦਾ ਜਿਹੜਾ ਤਜ਼ਰਬਾ ਹੈ ਉਸ ਦੀ ਲੰਡਨ ਨੂੰ ਲੋੜ ਹੈ, ਤਾਂ ਜੋ ਨਿਵੇਸ਼ਕਾਂ ਨੂੰ ਆਕਰਸ਼ਿਤ ਕਰ ਕੇ 'ਵਿਸ਼ਵ ਦੇ ਆਲਮੀ ਬੈਂਕ' ਵਜੋਂ ਇਸ ਨੂੰ ਸੁਰਜੀਤ ਕੀਤਾ ਜਾ ਸਕੇ। ਮੇਅਰ ਅਤੇ ਲੰਡਨ ਅਸੈਂਬਲੀ ਦੇ ਮੈਂਬਰਾਂ ਦੀ ਚੋਣ ਲਈ 2 ਮਈ ਨੂੰ ਪੈਣ ਵਾਲੀਆਂ ਵੋਟਾਂ ਵਾਸਤੇ 13 ਉਮੀਦਵਾਰ ਚੋਣ ਮੈਦਾਨ ਵਿਚ ਹਨ। 63 ਸਾਲ ਦੇ ਕਾਰੋਬਾਰੀ ਗੁਲਾਟੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਗੁਲਾਟੀ ਨੇ ਇਸ ਹਫ਼ਤੇ ਇਕ ਭਾਸ਼ਣ ਦੌਰਾਨ ਕਿਹਾ, "ਮੈਂ ਲੰਡਨ ਨੂੰ ਇਕ ਵਿਲੱਖਣ ਆਲਮੀ ਸ਼ਹਿਰ ਵਜੋਂ ਦੇਖਦਾ ਹਾਂ, ਜਿਵੇਂ ਕਿ 'ਵਿਸ਼ਵ ਦੇ ਆਲਮੀ ਬੈਂਕ' ਵਾਂਗ ਜਿੱਥੇ ਕਿ ਵੰਨ-ਸੁਵੰਨੇ ਸੱਭਿਆਚਾਰ ਵਧਦੇ-ਫੁੱਲਦੇ ਹਨ।"

# ਯੂਰਪ ਸਭ ਤੋਂ ਤੇਜ਼ੀ ਨਾਲ ਗਰਮ ਹੋਣ ਵਾਲਾ ਮਹਾਦੀਪ : ਰਿਪੋਰਟ

ਨੇਪਲਸ (ਇਟਲੀ), (ਪੰਜਾਬ ਮੇਲ)- ਯੂਰਪ ਸਭ ਤੋਂ ਤੇਜ਼ੀ ਨਾਲ ਗਰਮ ਹੋਣ ਵਾਲਾ ਮਹਾਦੀਪ ਹੈ ਤੇ ਇਸ ਦਾ ਤਾਪਮਾਨ ਆਲਮੀ ਔਸਤ ਨਾਲੋਂ ਲਗਭਗ ਦੁੱਗਣਾ ਵਧ ਰਿਹਾ ਹੈ। ਦੋ ਮੁੱਖ ਜਲਵਾਯੂ ਨਿਗਰਾਨੀ ਸੰਗਠਨਾਂ ਨੇ ਇਹ ਰਿਪੋਰਟ ਦਿੰਦਿਆਂ ਇਸ ਦੇ ਮਨੁੱਖੀ ਸਿਹਤ, ਗਲੇਸ਼ੀਅਰ ਪਿਘਲਣ ਤੇ ਆਰਥਿਕ ਸਰਗਰਮੀਆਂ 'ਤੇ ਅਸਰ ਦੇ ਨਤੀਜਿਆਂ ਦੀ ਚਿਤਾਵਨੀ ਦਿੱਤੀ ਹੈ। ਸੰਯੁਕਤ ਰਾਸ਼ਟਰ (ਯੂ.ਐੱਨ.) ਦੇ ਵਿਸ਼ਵ ਮੌਸਮ ਸੰਗਠਨ (ਡਬਲਯੂ.ਐੱਮ.ਓ.) ਅਤੇ ਯੂਰਪੀਅਨ ਯੂਨੀਅਨ ਦੀ ਜਲਵਾਯੂ ਏਜੰਸੀ ਕੌਪਰਨਿਕਸ ਨੇ ਸਾਂਝੀ ਰਿਪੋਰਟ 'ਚ ਕਿਹਾ ਕਿ ਮਹਾਦੀਪ ਕੋਲ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਦੇ ਜਵਾਬ 'ਚ ਪੌਣ, ਸੂਰਜੀ ਤੇ ਨਵਿਆਉਣਯੋਗ ਸਰੋਤਾਂ ਦਾ ਬਦਲ ਅਪਣਾਉਣ ਦੀ ਪ੍ਰਕਿਰਿਆ ਤੇਜ਼ ਕਰਨ ਲਈ ਟੀਚਾਬੱਧ ਰਣਨੀਤੀ ਵਿਕਸਿਤ ਕਰਨ ਦਾ ਮੌਕਾ ਹੈ। ਏਜੰਸੀਆਂ ਨੇ ਪਿਛਲੇ ਸਾਲ ਦੀ ਯੂਰਪੀ ਜਲਵਾਯੂ ਸਥਿਤੀ ਰਿਪੋਰਟ 'ਚ ਕਿਹਾ ਹੈ ਕਿ ਮਹਾਦੀਪ ਨੇ ਪਿਛਲੇ ਸਾਲ ਆਪਣੀ 43 ਫ਼ੀਸਦੀ ਬਿਜਲੀ ਨਵਿਆਉਣਯੋਗ ਸਰੋਤਾਂ ਤੋਂ ਪ੍ਰਾਪਤ ਕੀਤੀ, ਜੋ ਉਸ ਤੋਂ ਪਿਛਲੇ ਸਾਲ ਦੀ ਤੁਲਨਾ 'ਚ 36 ਫ਼ੀਸਦੀ ਵੱਧ ਸੀ। ਯੂਰਪ 'ਚ ਲਗਾਤਾਰ ਦੂਜੇ ਸਾਲ ਪਥਰਾਟ ਈਂਧਣ ਦੇ ਮੁਕਾਬਲੇ ਨਵਿਆਉਣਯੋਗ ਸਰੋਤਾਂ 'ਤੇ ਵੱਧ ਊਰਜਾ ਪੈਦਾ ਹੋਈ ਹੈ। ਰਿਪੋਰਟ ਮੁਤਾਬਕ ਤਾਜ਼ਾ ਪੰਜ ਸਾਲਾ ਔਸਤ ਮੁਤਾਬਕ ਯੂਰਪ 'ਚ ਤਾਪਮਾਨ ਹੁਣ ਪਹਿਲੇ ਉਦਯੋਗਿਕ ਪੱਧਰਾਂ ਤੋਂ 2.3 ਡਿਗਰੀ ਸੈਲਸੀਅਸ (4.1 ਫਾਰਨਹੀਟ) ਵੱਧ ਚੱਲ ਰਿਹਾ ਹੈ, ਜੋ ਆਲਮੀ ਪੱਧਰ ਨਾਲੋਂ 1.3 ਡਿਗਰੀ ਸੈਲਸੀਅਸ ਵੱਧ ਹੈ ਤੇ ਪੈਰਿਸ ਜਲਵਾਯੂ ਸਮਝੌਤੇ ਮੁਤਾਬਕ ਆਲਮੀ ਤਪਸ਼ ਨੂੰ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਦੇ ਟੀਚਿਆਂ ਤੋਂ ਮਾਮੂਲੀ ਘੱਟ ਹੈ।

ਰੋਜ਼ਾਨਾ ਖ਼ਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

# ਸਰੀ ਦੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਮੌਕੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਦਾ ਰਿਕਾਰਡਤੋੜ ਇਕੱਠ

**ਕੈਨੇਡਾ ਤੋਂ ਗੁਰਪ੍ਰੀਤ ਸਿੰਘ ਤਲਵੰਡੀ ਦੀ ਵਿਸ਼ੇਸ਼ ਰਿਪੋਰਟ-**

- **ਕਰੀਬ 7 ਲੱਖ ਸੰਗਤਾਂ ਦੀ ਇਕੱਤਰਤਾ ਦਾ ਅਨੁਮਾਨ**
- **ਗੋਰੇ ਤੇ ਚੀਨੀ ਮੂਲ ਦੇ ਲੋਕਾਂ ਦੀ ਵੀ ਰਹੀ ਭਰਵੀਂ ਸ਼ਮੂਲੀਅਤ**







ਵਿਸ਼ਵ ਭਰ ਵਿਚ ਸਿੱਖਾਂ ਦੀ ਸਭ ਤੋਂ ਵੱਡੀ ਤੇ ਭਰਵੀਂ ਇਕੱਤਰਤਾ ਵਾਲੀ ਸਰੀ (ਕੈਨੇਡਾ) ਦੀ 'ਖਾਲਸਾ ਡੇ ਪਰੇਡ' ਇਸ ਵਾਰ ਵੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਦੇ ਰਿਕਾਰਡਤੋੜ ਇਕੱਠ ਨਾਲ ਖਾਲਸਾਈ ਜਾਹੋ-ਜਲਾਲ ਨਾਲ ਸਮਾਪਤ ਹੋ ਗਈ। ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਜਾਏ ਜਾਂਦੇ ਇਸ ਵਿਸ਼ਾਲ ਨਗਰ ਕੀਰਤਨ ਨੂੰ ਭਾਰਤ, ਪਾਕਿਸਤਾਨ, ਕੈਨੇਡਾ ਅਤੇ ਅਮਰੀਕਾ ਦਾ ਸਿੱਖ ਭਾਈਚਾਰਾ ਸਾਲ ਭਰ ਤੋਂ ਉਡੀਕਦਾ ਰਹਿੰਦਾ ਹੈ। ਇਸ ਵਾਰ ਦੇ ਇਸ ਨਗਰ ਕੀਰਤਨ ਵਿਚ ਕੈਨੇਡਾ ਦੀਆਂ ਸਰਕਾਰੀ ਰਿਪੋਰਟਾਂ ਅਨੁਸਾਰ ਕਰੀਬ 7 ਲੱਖ ਸੰਗਤਾਂ ਦੀ ਸ਼ਮੂਲੀਅਤ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੀ ਆਰੰਭਤਾ-ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ, ਸਰੀ ਤੋਂ ਸਜਾਏ ਜਾਂਦੇ ਇਸ ਨਗਰ ਕੀਰਤਨ ਲਈ ਕਈ ਵੱਖ-ਵੱਖ ਫਲੋਟ ਤਿਆਰ ਕੀਤੇ ਗਏ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਲਈ ਵਿਸ਼ੇਸ਼ ਫਲੋਟ ਖਾਸ ਤੌਰ 'ਤੇ ਫੁੱਲਾਂ ਦੀ ਸਜਾਵਟ ਨਾਲ ਤਿਆਰ ਕੀਤਾ ਗਿਆ ਸੀ। ਸਵੇਰੇ ਕਰੀਬ 8.30 ਵਜੇ ਲੱਖਾਂ ਸੰਗਤਾਂ ਦੀ ਹਾਜ਼ਰੀ ਵਿਚ ਗੁਰੂ ਚਰਨਾਂ ਵਿਚ ਨਗਰ ਕੀਰਤਨ ਦੀ ਆਰੰਭਤਾ ਦੀ ਅਰਦਾਸ ਕਰਨ ਉਪਰੰਤ ਹਰ ਵਾਰ ਦੀ ਤਰ੍ਹਾਂ ਕੈਨੇਡਾ ਦੇ ਮੂਲ ਨਿਵਾਸੀ ਭਾਈਚਾਰੇ ਦੇ ਆਗੂਆਂ ਵਲੋਂ ਸਿੱਖ ਭਾਈਚਾਰੇ ਨੂੰ ਇਸ ਨਗਰ ਕੀਰਤਨ ਮੌਕੇ ਵਧਾਈ ਦਿੰਦਿਆਂ ਆਪਣੇ ਵੱਖਰੇ ਸੰਗੀਤ ਨਾਲ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਕਾਰ ਭੇਂਟ ਕਰਨ ਤੋਂ ਬਾਅਦ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਰਵਾਨਾ ਹੋਇਆ। ਨਗਰ ਕੀਰਤਨ ਦੀ ਆਰੰਭਤਾ ਮੌਕੇ ਨੌਜਵਾਨਾਂ ਵਲੋਂ ਖਾਲਿਸਤਾਨ ਪੱਖੀ ਨਾਅਰੇ ਵੀ ਲਗਾਏ ਗਏ। ਪਾਲਕੀ ਸਾਹਿਬ ਵਾਲੀ ਫਲੋਟ ਦੇ ਪਿੱਛੇ ਖਾਲਸਾ ਸਕੂਲ ਆਫ ਬੀ.ਸੀ., ਬੱਬਰ ਅਕਾਲੀ ਲਹਿਰ ਪੰਥਕ ਮੀਡੀਆ, ਸਿੱਖ ਅਕੈਡਮੀ ਸਰੀ ਸਮੇਤ ਹੋਰ ਵੀ ਵੱਖ-ਵੱਖ ਫਲੋਟ ਜਾ ਰਹੇ ਸਨ, ਜਿਨ੍ਹਾਂ ਵਿਚ ਰਾਗੀ ਸਿੰਘਾਂ ਸਮੇਤ ਖਾਲਸਾ ਸਕੂਲਾਂ ਦੇ ਨੰਨ੍ਹੇ-ਮੁੰਨੇ ਵਿਦਿਆਰਥੀ ਸ਼ਬਦ ਗੁਰਬਾਣੀ ਦਾ ਗਾਇਨ ਕਰਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ ਰਹੇ ਸਨ।



**ਗੋਰੇ ਤੇ ਚੀਨੀ ਮੂਲ ਦੇ ਭਾਈਚਾਰੇ ਦੀ ਰਹੀ ਭਰਵੀਂ ਸ਼ਮੂਲੀਅਤ:-** ਨਗਰ ਕੀਰਤਨ ਦੌਰਾਨ ਭਾਰਤੀ ਜਾਂ ਵਿਦੇਸ਼ੀ ਸਿੱਖ ਭਾਈਚਾਰੇ ਤੋਂ ਇਲਾਵਾ ਗੋਰੇ ਅਤੇ ਚੀਨੀ ਮੂਲ ਦੇ ਭਾਈਚਾਰੇ ਦੀ ਵੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਗੋਰੇ ਅਤੇ ਚੀਨੀ ਮੂਲ ਦੇ ਲੋਕ ਆਪਣੇ ਬੱਚਿਆਂ ਸਮੇਤ ਪਰਿਵਾਰਾਂ ਨਾਲ ਹੀ ਨਗਰ ਕੀਰਤਨ ਦਾ ਆਨੰਦ ਮਾਣਦੇ ਦੇਖੇ ਗਏ। ਇੱਕ ਗੋਰੇ ਵਿਅਕਤੀ ਦੀ ਇਕੱਲੇ ਹੀ ਸਟੇਜ ਅੱਗੇ ਬੜੇ ਹੀ ਮੰਤਰ-ਮੁਗਧ ਹੋ ਕੇ ਵੀਰ ਰਸੀ ਢਾਡੀ ਵਾਰਾਂ ਸੁਣਦੇ ਦੀ ਵੀਡੀਓ ਵੀ ਕਾਫੀ ਵਾਇਰਲ ਹੋਈ। ਨਗਰ ਕੀਰਤਨ ਦੌਰਾਨ ਗੋਰਿਆਂ ਸਮੇਤ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਸਿੱਖ ਭਾਈਚਾਰੇ ਦੀ ਲੰਗਰ ਪ੍ਰਥਾ (ਫਰੀ ਫੂਡ) ਦੀ ਰੱਜ ਕੇ ਸਰਾਹਨਾ ਕੀਤੀ ਅਤੇ ਕਿਹਾ ਕਿ ਵਿਸ਼ਵ ਭਰ ਵਿਚ ਅਜਿਹੀ ਪ੍ਰਥਾ ਕਿੱਧਰੇ ਵੀ ਨਹੀਂ ਮਿਲਦੀ।

**ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦੇ ਪੰਡਾਲ:-** ਨਗਰ ਕੀਰਤਨ ਗੁਜ਼ਰਨ ਵਾਲੇ ਰਸਤਿਆਂ ਉੱਪਰ ਵੱਖ-ਵੱਖ ਕੰਪਨੀਆਂ ਜਾਂ ਕਾਰੋਬਾਰੀਆਂ ਵਲੋਂ ਸੰਗਤਾਂ ਦੀ ਸਹੂਲਤ ਲਈ ਭਾਂਤ-ਭਾਂਤ ਦੇ ਖਾਧ ਪਦਾਰਥਾਂ ਦੇ ਲੰਗਰ ਲਗਾਏ ਗਏ ਸਨ। ਸਵੇਰ ਤੋਂ ਦੇਰ ਸ਼ਾਮ ਤੱਕ ਇਨ੍ਹਾਂ ਲੰਗਰਾਂ ਵਾਲੇ ਪੰਡਾਲਾਂ ਵਿਚ ਸੰਗਤਾਂ ਦੀਆਂ ਵੱਡੀਆਂ ਕਤਾਰਾਂ ਦੇਖਣ ਨੂੰ ਮਿਲੀਆਂ। ਇਨ੍ਹਾਂ ਲੰਗਰਾਂ ਦੇ ਪੰਡਾਲਾਂ ਦੌਰਾਨ ਲੋਕਲ ਸਿੱਖ ਕਾਰੋਬਾਰੀਆਂ ਤੋਂ ਇਲਾਵਾ ਇਸ ਵਾਰ ਕਾਸਕੋ, ਰੀਅਲ ਕੈਨੇਡੀਅਨ ਸੁਪਰ ਸਟੋਰ ਵਰਗੀਆਂ ਵੱਡੀਆਂ ਕੰਪਨੀਆਂ ਦੁਆਰਾ ਵੀ ਆਪਣੇ ਸਟਾਲ ਲਗਾ ਕੇ ਸਿੱਖ ਭਾਈਚਾਰੇ ਨਾਲ ਜੁੜੇ ਹੋਣ ਦੀ ਆਪਣੀ ਸ਼ਮੂਲੀਅਤ ਦਰਸਾਈ ਜਾ ਰਹੀ ਸੀ।

**ਕੈਨੇਡੀਅਨ ਪੁਲਿਸ ਤੇ ਬੀ.ਸੀ. ਐਂਬੂਲੈਂਸ ਦੇ ਸਟਾਲ ਰਹੇ ਖਿੱਚ ਦਾ ਕੇਂਦਰ:-** ਇਸ ਦੌਰਾਨ ਰੀਅਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਅਤੇ ਬੀ.ਸੀ. ਐਂਬੂਲੈਂਸ ਦੇ ਲਗਾਏ ਗਏ ਸਟਾਲ ਵੀ ਸੰਗਤਾਂ ਦੀ ਵੱਡੀ ਖਿੱਚ ਦਾ ਕੇਂਦਰ ਰਹੇ। ਨਗਰ ਕੀਰਤਨ ਦੇ ਸਮੁੱਚੇ ਰਸਤੇ ਦੌਰਾਨ ਸੰਗਤਾਂ ਦੀ ਸਹੂਲਤ ਲਈ ਚੱਪੇ-ਚੱਪੇ 'ਤੇ ਪੁਲਿਸ ਅਧਿਕਾਰੀ ਤਾਇਨਾਤ ਕੀਤੇ ਗਏ ਸਨ। ਪੁਲਿਸ ਦੇ ਉੱਚ ਅਧਿਕਾਰੀਆਂ ਵਲੋਂ ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਸਵੇਰ ਸਾਰ ਹੀ ਸਾਰੀ ਪੁਲਿਸ ਦੀ ਮੀਟਿੰਗ ਬੁਲਾ ਕੇ ਸੁਰੱਖਿਆ ਪ੍ਰਬੰਧਾਂ ਲਈ ਅਫਸਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਸਨ। ਇਸ ਦੌਰਾਨ ਬੀ.ਸੀ. ਕੈਂਸਰ ਖੋਜ ਸੰਸਥਾ, ਕਮਰਸ਼ੀਅਲ ਵਹੀਕਲ ਸੇਫਟੀ ਐਂਡ ਇਨਫੋਰਸਮੈਂਟ (ਸੀ.ਵੀ.ਐੱਸ.ਈ.) ਵਲੋਂ ਲਗਾਏ ਗਏ ਪੰਡਾਲ ਦੌਰਾਨ ਸੰਗਤਾਂ ਨੂੰ ਵੱਖ-ਵੱਖ ਸਹੂਲਤਾਂ ਬਾਰੇ ਜਾਣਕਾਰੀ ਦਿੰਦੇ ਗੋਰੇ ਵੀ ਸੰਗਤਾਂ ਲਈ ਖਿੱਚ ਦਾ ਕੇਂਦਰ ਰਹੇ।

**ਰਾਜਸੀ ਆਗੂਆਂ ਦੀ ਭਰਵੀਂ ਸ਼ਮੂਲੀਅਤ:-** ਨਗਰ ਕੀਰਤਨ ਦੌਰਾਨ ਕੈਨੇਡਾ ਦੇ ਵੱਖ-ਵੱਖ ਰਾਜਸੀ ਆਗੂਆਂ ਦੀ ਵੀ ਭਰਵੀਂ ਸ਼ਮੂਲੀਅਤ ਦੇਖਣ ਨੂੰ ਮਿਲੀ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ

- **ਹਰਸਿਮਰਤ ਨੂੰ ਬਠਿੰਡਾ ਤੋਂ ਐਲਾਨਿਆ ਉਮੀਦਵਾਰ**
- **ਕਾਂਗਰਸ ਛੱਡ ਅਕਾਲੀ ਦਲ 'ਚ ਆਏ ਮਹਿੰਦਰ ਕੇ.ਪੀ. ਨੂੰ ਜਲੰਧਰ ਤੋਂ ਦਿੱਤੀ ਟਿਕਟ**



ਹਰਸਿਮਰਤ ਬਾਦਲ, ਸੋਹਣ ਸਿੰਘ ਠੰਡਲ, ਨਰਦੇਵ ਸਿੰਘ, ਰਣਜੀਤ ਢਿੱਲੋਂ, ਹਰਦੀਪ ਸੈਣੀ।

ਜਲੰਧਰ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ਲਈ ਪਾਰਟੀ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ। ਉਨ੍ਹਾਂ ਚੰਡੀਗੜ੍ਹ ਦੀ ਇੱਕੋ-ਇੱਕ ਸੀਟ ਸਣੇ 6 ਉਮੀਦਵਾਰਾਂ ਦਾ ਐਲਾਨ ਕੀਤਾ ਹੈ, ਜਦੋਂਕਿ ਸ੍ਰੀ ਖਡੂਰ ਸਾਹਿਬ ਵਾਲੀ ਸੀਟ ਲਈ ਉਮੀਦਵਾਰ ਬਾਅਦ ਵਿਚ ਐਲਾਨਿਆ ਜਾਵੇਗਾ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਤੇ ਸੀਨੀਅਰ ਕਾਂਗਰਸੀ ਆਗੂ ਮਹਿੰਦਰ ਸਿੰਘ ਕੇ.ਪੀ. ਨੂੰ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਕਰਨ ਦੇ ਫੌਰੀ ਮਗਰੋਂ ਹੀ ਜਲੰਧਰ ਤੋਂ ਅਕਾਲੀ ਦਲ ਦਾ ਉਮੀਦਵਾਰ ਐਲਾਨ ਦਿੱਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਹਿੰਦਰ ਸਿੰਘ ਕੇ.ਪੀ. ਦੇ ਘਰ ਜਾ ਕੇ ਉਨ੍ਹਾਂ ਨੂੰ ਪਾਰਟੀ 'ਚ ਸ਼ਾਮਲ ਕੀਤਾ।



ਮਹਿੰਦਰ ਸਿੰਘ ਕੇ.ਪੀ. ਦਾ ਅਕਾਲੀ ਦਲ 'ਚ ਸਵਾਗਤ ਕਰਦੇ ਹੋਏ ਸੁਖਬੀਰ ਸਿੰਘ ਬਾਦਲ।

ਇਸੇ ਤਰ੍ਹਾਂ ਦੋਆਬੇ ਦੀ ਦੂਜੀ ਰਾਖਵੀਂ ਸੀਟ ਹੁਸ਼ਿਆਰਪੁਰ ਤੋਂ ਸਾਬਕਾ ਮੰਤਰੀ ਸੋਹਣ ਸਿੰਘ ਠੰਡਲ ਨੂੰ ਉਮੀਦਵਾਰ ਬਣਾਇਆ ਗਿਆ ਹੈ। ਲੁਧਿਆਣਾ ਤੋਂ ਰਣਜੀਤ ਸਿੰਘ ਢਿੱਲੋਂ, ਫਿਰੋਜ਼ਪੁਰ ਤੋਂ ਨਰਦੇਵ ਸਿੰਘ (ਬੌਬੀ ਮਾਨ) ਤੇ ਬਠਿੰਡਾ ਤੋਂ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਚੰਡੀਗੜ੍ਹ ਤੋਂ ਸਾਬਕਾ ਡਿਪਟੀ ਮੇਅਰ ਹਰਦੀਪ ਸਿੰਘ ਸੈਣੀ ਨੂੰ ਪਾਰਟੀ ਨੇ ਚੋਣ ਮੈਦਾਨ ਵਿਚ ਉਤਾਰਿਆ ਹੈ।

ਸ੍ਰੀ ਖਡੂਰ ਸਾਹਿਬ ਹਲਕੇ ਤੋਂ ਅਜੇ ਕਿਸੇ ਵੀ ਆਗੂ ਨੂੰ ਉਮੀਦਵਾਰ ਨਹੀਂ ਬਣਾਇਆ ਗਿਆ। ਇਸ ਸੀਟ ਨੂੰ ਲੈ ਕੇ ਪੇਚ ਫਸਿਆ ਹੋਇਆ ਹੈ। ਇਸ ਬਾਬਤ ਸੁਖਬੀਰ ਸਿੰਘ ਬਾਦਲ ਨੂੰ ਸਵਾਲ ਕੀਤਾ ਗਿਆ, ਤਾਂ ਉਨ੍ਹਾਂ ਕਿਹਾ ਕਿ ਜਲਦੀ ਇਸ ਸੀਟ ਤੋਂ ਉਮੀਦਵਾਰ ਐਲਾਨ ਦਿੱਤਾ ਜਾਵੇਗਾ। ਬਠਿੰਡਾ ਸੀਟ ਤੋਂ ਵੀ ਜਦੋਂ ਨਾਂਅ ਦਾ ਐਲਾਨ ਕੀਤਾ ਜਾਣਾ ਸੀ, ਤਾਂ ਸੁਖਬੀਰ ਸਿੰਘ ਬਾਦਲ ਨੇ ਪੱਤਰਕਾਰਾਂ ਨੂੰ ਹੀ ਸਵਾਲ ਕੀਤਾ ਕਿ ਉਮੀਦਵਾਰ ਦੇ ਨਾਂਅ ਬਾਰੇ ਅੰਦਾਜ਼ਾ ਲਗਾਉ ਤਾਂ ਇੱਕ ਸੀਨੀਅਰ ਪੱਤਰਕਾਰ ਨੇ ਕਿਹਾ ਕਿ ਇਸ ਵਿਚ ਅੰਦਾਜ਼ਾ ਲਗਾਉਣ ਵਾਲੀ ਕਿਹੜੀ ਗੱਲ ਹੈ, ਉਮੀਦਵਾਰ ਬਾਰੇ ਸਭ ਨੂੰ ਹੀ ਪਤਾ ਹੈ।

## ਲੋਕ ਸਭਾ ਚੋਣਾਂ: ਲੁਧਿਆਣਾ 'ਚ ਦੋ ਜਿਗਰੀ ਯਾਰਾਂ ਦੀ ਜੋੜੀ ਹੋਵੇਗੀ ਆਹਮੋ-ਸਾਹਮਣੇ

### -ਰਵਨੀਤ ਬਿੱਟੂ ਦੇ ਸਾਹਮਣੇ ਕਾਂਗਰਸ ਵੱਲੋਂ ਭਾਰਤ ਭੂਸ਼ਣ ਆਸ਼ੂ ਹੋ ਸਕਦੇ ਨੇ ਉਮੀਦਵਾਰ

ਲੁਧਿਆਣਾ, (ਪੰਜਾਬ ਮੇਲ)- ਲੁਧਿਆਣਾ ਵਿਚ ਦੋ ਜਿਗਰੀ ਯਾਰਾਂ ਦੀ ਜੋੜੀ ਇਸ ਵਾਰ ਚੋਣ ਮੈਦਾਨ ਵਿਚ ਆਹਮੋ-ਸਾਹਮਣੇ ਹੋਵੇਗੀ। ਕਾਂਗਰਸ ਛੱਡ ਕੇ ਗਏ ਰਵਨੀਤ ਸਿੰਘ ਬਿੱਟੂ ਭਾਜਪਾ ਵੱਲੋਂ ਚੋਣ ਮੈਦਾਨ 'ਚ ਡਟੇ ਹੋਏ ਹਨ। ਹੁਣ ਕਾਂਗਰਸ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਲੁਧਿਆਣਾ ਤੋਂ ਚੋਣ ਮੈਦਾਨ ਵਿਚ ਉਤਾਰਨ ਦੀ ਤਿਆਰੀ 'ਚ ਹੈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਆਸ਼ੂ ਦੀ ਟਿਕਟ ਲਈ ਕਾਂਗਰਸ ਨੇ ਹਰੀ ਝੰਡੀ ਦੇ ਦਿੱਤੀ ਹੈ ਅਤੇ ਆਸ਼ੂ ਨੇ ਅੰਦਰਖਾਤੇ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ। ਬਿੱਟੂ ਤੇ ਆਸ਼ੂ ਦੀ ਜੋੜੀ ਪਿਛਲੇ 10 ਸਾਲ ਤੋਂ ਲਗਾਤਾਰ ਇਕੱਠੇ ਚੋਣ ਮੈਦਾਨ ਵਿਚ ਉੱਤਰਦੀ ਸੀ। ਕਾਂਗਰਸ ਵਿਚ ਆਨੰਦਪੁਰ ਸਾਹਿਬ ਤੋਂ ਸਾਲ 2014 ਵਿਚ ਟਿਕਟ ਮਿਲਣ ਤੋਂ ਬਾਅਦ ਰਵਨੀਤ ਸਿੰਘ ਬਿੱਟੂ ਦੀ ਯਾਰੀ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਨਾਲ ਪਈ ਸੀ। ਆਸ਼ੂ ਨੇ ਵੀ ਬਿੱਟੂ ਦੀ ਜਿੱਤ ਵਿਚ ਵੱਡਾ ਯੋਗਦਾਨ ਪਾਇਆ। ਦੋਵੇਂ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਚੋਣ ਪ੍ਰਚਾਰ ਕਰਦੇ ਸਨ। ਬਿੱਟੂ ਦੇ ਭਾਜਪਾ ਵਿਚ ਜਾਣ ਤੋਂ 24 ਘੰਟੇ ਪਹਿਲਾਂ ਵੀ ਦੋਵੇਂ ਲੁਧਿਆਣਾ ਵਿਚ ਚੋਣ ਪ੍ਰਚਾਰ ਕਰ ਰਹੇ ਸਨ। ਜਦੋਂ ਬਿੱਟੂ ਕਾਂਗਰਸ ਛੱਡ ਭਾਜਪਾ ਵਿਚ ਸ਼ਾਮਲ ਹੋ ਗਏ ਤਾਂ ਦੋਵਾਂ ਦੀ ਜੋੜੀ ਵਿਚ ਦਰਾਰ ਆ ਗਈ।

# ਪਟਿਆਲਾ ਲੋਕ ਸਭਾ ਸੀਟ ਲਈ ਸ਼ਾਹੀ ਘਰਾਣੇ ਨੇ 11 ਵਾਰ ਅਜ਼ਮਾਈ ਕਿਸਮਤ

- **16 ਵਾਰ ਹੋਈਆਂ ਚੋਣਾਂ 'ਚੋਂ ਪਰਿਵਾਰ ਦੇ ਚਾਰ ਮੈਂਬਰਾਂ ਨੇ 6 ਵਾਰ ਜਿੱਤ ਦਰਜ ਕੀਤੀ**

ਪਟਿਆਲਾ, (ਪੰਜਾਬ ਮੇਲ)- ਪਟਿਆਲਾ ਲੋਕ ਸਭਾ ਹਲਕਾ, ਜਿਥੇ ਹੁਣ ਤੱਕ 16 ਵਾਰ ਹੋਈਆਂ ਲੋਕ ਸਭਾ ਚੋਣਾਂ 'ਚੋਂ 11 ਵਾਰ ਸ਼ਾਹੀ ਘਰਾਣੇ ਨੇ ਕਿਸਮਤ ਅਜ਼ਮਾਈ ਹੈ। ਇਹ ਚੋਣਾਂ ਇਸ ਪਰਿਵਾਰ ਦੇ ਚਾਰ ਮੈਂਬਰਾਂ ਨੇ ਹੀ ਲੜੀਆਂ ਅਤੇ ਛੇ ਵਾਰ ਜਿੱਤ ਦਰਜ ਕੀਤੀ ਹੈ ਪਰ ਨਾਲ ਹੀ ਇਸ ਘਰਾਣੇ ਨੂੰ ਪੰਜ ਵਾਰ ਹਾਰ ਦਾ ਮੂੰਹ ਵੀ ਵੇਖਣਾ ਪਿਆ। ਇਸ ਤੋਂ ਇਲਾਵਾ ਇਸ ਪਰਿਵਾਰ ਨੇ ਪਟਿਆਲਾ ਤੋਂ ਇਲਾਵਾ ਵੀ ਦੋ ਹੋਰ ਥਾਂ ਤੋਂ ਚੋਣ ਲੜੀ ਹੈ, ਜਿਸ ਕਾਰਨ ਚੋਣਾਂ ਲੜਨ ਦੀ ਗਿਣਤੀ 13 ਹੋ ਜਾਂਦੀ ਹੈ। ਸ਼ਾਹੀ ਘਰਾਣੇ 'ਚੋਂ ਇਥੋਂ ਪਹਿਲੀ ਚੋਣ ਰਾਜ ਮਾਤਾ ਮਹਿੰਦਰ ਕੌਰ (ਕਾਂਗਰਸ) ਨੇ ਸਾਲ 1967 'ਚ ਲੜੀ ਤੇ ਜਿੱਤ ਹਾਸਲ ਕੀਤੀ ਸੀ। ਸਾਲ 1972 'ਚ ਉਹ ਕਾਂਗਰਸ ਦੇ ਵੱਖਰੇ ਧੜੇ ਵੱਲੋਂ ਲੜੇ ਤੇ ਤੀਜੇ ਨੰਬਰ 'ਤੇ ਚਲੇ ਗਏ। ਉਹ ਦੋ ਵਾਰ ਰਾਜ ਸਭਾ ਮੈਂਬਰ ਵਜੋਂ ਵੀ ਜੇਤੂ ਰਹੇ। ਕੈਪਟਨ ਅਮਰਿੰਦਰ ਸਿੰਘ ਨੇ ਲੋਕ ਸਭਾ ਦੀ ਪਲੇਠੀ ਚੋਣ ਸਾਲ 1977 'ਚ ਪਟਿਆਲਾ ਤੋਂ ਕਾਂਗਰਸ ਵੱਲੋਂ ਲੜੀ ਸੀ ਤੇ ਹਾਰ ਗਏ ਸਨ।

ਸਾਲ 1980 'ਚ ਉਹ ਜਿੱਤ ਕੇ ਪਹਿਲੀ ਵਾਰ ਐੱਮ.ਪੀ. ਬਣੇ ਤੇ ਫਿਰ ਸਾਲ 1984 'ਚ ਅਸਤੀਫ਼ਾ ਦੇ ਗਏ। ਸਾਲ 1998 'ਚ ਪਟਿਆਲਾ ਤੋਂ ਹੀ ਲੜੀ ਤੀਜੀ ਚੋਣ 'ਚ ਉਹ ਹਾਰ ਗਏ ਸਨ। ਸਾਲ 2014 'ਚ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਕੋਲੋਂ ਕਰੀਬ ਇਕ ਲੱਖ ਵੋਟਾਂ ਨਾਲ ਜਿੱਤ ਕੇ ਪਰਤੇ ਸਨ। ਉਨ੍ਹਾਂ ਦੀ ਪਤਨੀ ਪ੍ਰਨੀਤ ਕੌਰ ਪਟਿਆਲਾ ਤੋਂ ਪੰਜ ਵਾਰ ਲੋਕ ਸਭਾ ਚੋਣ ਲੜ ਕੇ, ਚਾਰ ਵਾਰ ਜਿੱਤ ਚੁੱਕੇ ਹਨ। ਇਕ ਵਾਰ ਕੇਂਦਰੀ ਮੰਤਰੀ ਵੀ ਬਣੇ। ਉਨ੍ਹਾਂ ਸਾਲ 1999, 2004, 2009, 2014 ਅਤੇ 2019 ਦੀਆਂ ਚੋਣ ਲੜੀਆਂ। 2014 ਨੂੰ ਛੱਡ ਕੇ ਬਾਕੀ ਚਾਰੇ ਚੋਣਾਂ ਜਿੱਤੀਆਂ। ਉਨ੍ਹਾਂ ਦੇ ਫਰਜ਼ੰਦ ਰਣਇੰਦਰ ਟਿੱਕੂ ਵੀ ਬਠਿੰਡਾ ਤੋਂ ਲੋਕ ਸਭਾ ਚੋਣ ਲੜ ਚੁੱਕੇ ਹਨ ਪਰ ਸਫ਼ਲਤਾ ਹੱਥ ਨਾ ਲੱਗੀ। ਸਾਲ 1985 'ਚ ਅਮਰਿੰਦਰ ਸਿੰਘ ਦੀ ਚਾਚੀ ਅਮਰਜੀਤ ਕੌਰ ਨੇ ਵੀ ਪਟਿਆਲਾ ਤੋਂ ਹੀ ਕਾਂਗਰਸ ਵੱਲੋਂ ਲੋਕ ਸਭਾ ਚੋਣ ਲੜੀ ਸੀ।


ਇਸ ਪਰਿਵਾਰ ਨੇ 11 ਵਾਰ ਵਿਧਾਨ ਸਭਾ ਚੋਣਾਂ ਵੀ ਲੜੀਆਂ ਹਨ, ਜਿਨ੍ਹਾਂ ਵਿਚੋਂ 9 ਵਾਰ ਜਿੱਤ ਹਾਸਲ ਕੀਤੀ ਹੈ। ਪਰਿਵਾਰ 'ਚ ਸਭ ਤੋਂ ਪਹਿਲੇ ਵਿਧਾਇਕ ਮਹਾਰਾਜਾ ਯਾਦਵਿੰਦਰ ਸਿੰਘ ਬਣੇ। ਕੈਪਟਨ ਨੇ ਵੀ ਸਿਆਸੀ ਜੀਵਨ ਦੀ ਸ਼ੁਰੂਆਤ ਪਿਤਾ ਵਾਲੇ ਹਲਕੇ ਤੋਂ ਵਿਧਾਨ ਸਭਾ ਚੋਣ ਲੜਨ ਨਾਲ ਹੀ ਕੀਤੀ ਸੀ ਪਰ ਆਜ਼ਾਦ ਤੌਰ 'ਤੇ ਲੜੀ ਪਹਿਲੀ ਹੀ ਚੋਣ ਉਹ ਹਾਰ ਗਏ। ਉਨ੍ਹਾਂ ਵਿਧਾਨ ਸਭਾ ਦੀਆਂ ਕੁੱਲ 8 ਚੋਣਾਂ ਲੜੀਆਂ ਤੇ ਛੇ ਵਾਰ ਜਿੱਤ ਹਾਸਲ ਕਰਕੇ ਦੋ ਵਾਰ ਮੁੱਖ ਮੰਤਰੀ ਦੇ ਵਕਾਰੀ ਅਹੁਦੇ ਤੱਕ ਵੀ ਅੱਪੜੇ।

# ਦੋ ਲਘੂ ਫ਼ਿਲਮਾਂ ਤੁੰਗਲ ਅਤੇ ਟਾਹਲੀ

ਅੰਗਰੇਜ ਸਿੰਘ ਵਿਰਦੀ
94646-28857
(Punjab Mail USA)






**ਲਘੂ ਫ਼ਿਲਮ ਫ਼ਿਲਮ ਤੁੰਗਲ:-** ਪਰਿਵਾਰਿਕ ਰਿਸ਼ਤਿਆਂ ਵਿਚ ਮਨੁੱਖੀ ਲਾਲਸਾਵਾਂ, ਲਾਲਚ ਅਤੇ ਘਰੇਲੂ ਮਜਬੂਰੀਆਂ ਦੇ ਕਾਰਣ ਕਮਜ਼ੋਰ ਹੋ ਰਹੀਆਂ ਮੋਹ ਦੀਆਂ ਤੰਦਾਂ, ਅਵਿਸ਼ਵਾਸ ਅਤੇ ਤਿੜਕਦੇ ਰਿਸ਼ਤਿਆਂ ਦੀ ਬਾਤ ਪਾਉਂਦੀ ਲਘੂ ਫ਼ਿਲਮ ਤੁੰਗਲ ਇੱਕ ਐਸੀ ਫ਼ਿਲਮ ਹੈ, ਜਿਸ ਦੀ ਮਜ਼ਬੂਤ ਪਟਕਥਾ, ਬੇਹਤਰੀਨ ਅਦਾਕਾਰੀ ਅਤੇ ਨਿਰਦੇਸ਼ਨ ਇਸ ਫ਼ਿਲਮ ਨੂੰ ਬੇਹੱਦ ਖ਼ਾਸ ਬਣਾਉਂਦੇ ਹਨ। ਫ਼ਿਲਮ ਦਾ ਟਾਈਟਲ ਤੁੰਗਲ ਫ਼ਿਲਮ ਦੀ ਕਹਾਣੀ ਦਾ ਸਾਰ ਹੈ। ਦਰਅਸਲ ਤੁੰਗਲ ਔਰਤਾਂ ਦੇ ਕੰਨਾਂ ਵਿਚ ਪਹਿਨਣ ਵਾਲਾ ਇੱਕ ਗਹਿਣਾ ਭਾਵ ਕੰਨਾਂ ਵਿਚ ਪਹਿਨਣ ਵਾਲੇ ਗਹਿਣੇ ਨੂੰ ਕਿਹਾ ਜਾਂਦਾ ਹੈ, ਜਿਸ ਨੂੰ ਕੇਂਦਰ ਵਿਚ ਰੱਖ ਕੇ ਇਸ ਫ਼ਿਲਮ ਦੀ ਸਾਰੀ ਕਹਾਣੀ ਬੁਣੀ ਗਈ ਹੈ। ਪੰਜਾਬ ਦੇ ਘਰਾਂ ਵਿਚ, ਪੰਜਾਬੀ ਸੱਭਿਆਚਾਰ ਵਿਚ ਗਹਿਣਿਆਂ ਦੀ ਆਪਣੀ ਇੱਕ ਖਾਸ ਮਹੱਤਤਾ ਹੈ। ਪੰਜਾਬੀ ਸਾਹਿਤ, ਲੋਕ ਗੀਤਾਂ, ਅਖਾਣਾਂ, ਬੋਲੀਆਂ, ਟੱਪਿਆਂ ਵਿਚ ਪੰਜਾਬਣਾਂ ਦੇ ਪਹਿਨਣ ਵਾਲੇ ਹਰ ਗਹਿਣੇ ਦੀ ਵਡਿਆਈ ਮਿਲ ਜਾਂਦੀ ਹੈ। ਸੋਨੇ ਦੇ ਗਹਿਣੇ ਜਿੱਥੇ ਪੰਜਾਬ ਦੀਆਂ ਔਰਤਾਂ ਦੇ ਸ਼ਿੰਗਾਰ ਦੇ ਕੰਮ ਆਉਂਦੇ ਤੇ ਹਰ ਖੁਸ਼ੀ ਦੇ ਮੌਕੇ ’ਤੇ ਉਹ ਇਸ ਨੂੰ ਪਹਿਨਣਾਂ ਪਸੰਦ ਕਰਦੀਆਂ ਹਨ, ਉੱਥੇ ਇਹ ਸੋਨੇ ਦੇ ਗਹਿਣੇ ਤੰਗੀ ਤੁਰਛੀ ਦੇ ਦਿਨਾਂ ਵਿਚ ਲੋੜ ਪੈਣ ’ਤੇ ਪਰਿਵਾਰ ਦਾ ਸਹਾਰਾ ਵੀ ਬਣਦੇ ਹਨ ਤੇ ਇਨ੍ਹਾਂ ਗਹਿਣਿਆਂ ਨੂੰ ਵੇਚ ਕੇ ਵੀ ਕਈ ਵਾਰ ਪਰਿਵਾਰ ਦੀ ਲੋੜ ਪੂਰੀ ਕਰ ਲਈ ਜਾਂਦੀ। ਤੁੰਗਲ ਦੀ ਕਹਾਣੀ ਵੀ ਕੁਝ ਇੰਝ ਦੀ ਹੀ ਹੈ।

ਮਹਿਮੀ ਮੂਵੀਜ਼ ਦੀ ਪੇਸ਼ਕਸ਼ ਇਸ ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕ ਹਨ ਅਮਨ ਮਹਿਮੀ। ਫ਼ਿਲਮ ਦੀ ਕਹਾਣੀ, ਪਟਕਥਾ ਅਤੇ ਸੰਵਾਦ ਲਿਖੇ ਹਨ ਰਾਜਦੀਪ ਸਿੰਘ ਬਰਾੜ ਨੇ। ਫ਼ਿਲਮ ਵਿਚ ਅਦਾਕਾਰੀ ਕਰਨ ਵਾਲੇ ਮੁੱਖ ਅਦਾਕਾਰਾ ਹਨ ਦੇਬੂ ਦੇ ਕਿਰਦਾਰ ਵਿਚ ਰਾਜਦੀਪ ਸਿੰਘ ਬਰਾੜ, ਦੇਬੂ ਦੀ ਪਤਨੀ ਗੇਜੋ ਦੇ ਕਿਰਦਾਰ ਵਿਚ ਗੁਰਹਰਪ੍ਰੀਤ ਕੌਰ, ਦੇਬੂ ਦੀ ਭੈਣ ਚਰਨੋਂ ਦੇ ਕਿਰਦਾਰ ਵਿਚ ਖੁਸ਼ਪ੍ਰੀਤ ਕੌਰ ਸ਼ੇਰਗਿੱਲ, ਮਾਸਟਰ ਦੇ ਕਿਰਦਾਰ ਵਿਚ ਗਗਨਦੀਪ ਸਿੰਘ ਭੁੱਲਰ, ਸ਼ਾਹੂਕਾਰ ਮਿਲਖ ਰਾਜ ਦੇ ਕਿਰਦਾਰ ਵਿਚ ਬਲਵਿੰਦਰ ਸਿੰਘ ਬਾਘਾ ਅਤੇ ਦੇਬੂ ਦੀ ਮਾਂ ਦੇ ਕਿਰਦਾਰ ਵਿਚ ਬਲਬੀਰ ਕੌਰ ਬੁਲ੍ਹਾਡਾ।

ਫ਼ਿਲਮ ਦੀ ਕਹਾਣੀ ਦੀ ਜੇਕਰ ਗੱਲ ਕੀਤੀ ਜਾਵੇ, ਤਾਂ ਫ਼ਿਲਮ ਦਾ ਮੁੱਖ ਪਾਤਰ ਦੇਬੂ ਇੱਕ ਗਰੀਬ ਕਿਸਾਨ ਹੈ, ਜੋ ਸਿਰ ’ਤੇ ਚੜ੍ਹੇ ਕਰਜ਼ੇ ਦੀ ਪੰਡ ਨੂੰ ਲਾਉਣ ਤੋਂ ਅਸਮਰਥ ਹੈ। ਪਿੰਡ ਦਾ ਸ਼ਾਹੂਕਾਰ ਮਿਲਖ ਰਾਜ ਦੇਬੂ ’ਤੇ ਕੋਰਟ ਵਿਚ ਕੇਸ ਕਰ ਦਿੰਦਾ, ਜਿਸ ਦੀ ਤਰੀਕ ’ਤੇ ਤਰੀਕ ਪਈ ਜਾਂਦੀ, ਜਿਸ ਨਾਲ ਦੇਬੂ ਮਾਨਸਿਕ ਤੌਰ ’ਤੇ ਬਹੁਤ ਪਰੇਸ਼ਾਨੀ ਵਿਚ ਰਹਿੰਦਾ। ਇਸੇ ਕਰਕੇ ਦੇਬੂ ਦਾ ਸਾਰਾ ਪਰਿਵਾਰ ਵੀ ਪਰੇਸ਼ਾਨ ਰਹਿੰਦਾ। ਦੇਬੂ ਦੀ ਇੱਕ ਭੈਣ ਹੁੰਦੀ ਚਰਨੋਂ, ਜਿਸ ਦੇ ਪਤੀ ਦੀ ਮੌਤ ਹੋ ਚੁੱਕੀ ਹੁੰਦੀ। ਉਸ ਦਾ ਇੱਕ ਪੁੱਤਰ ਹੁੰਦਾ, ਜਿਸ ਨੂੰ ਸ਼ਰੀਕਾਂ ਤੋਂ ਬਚਾਉਣ ਦੀ ਖਾਤਿਰ ਉਹ ਜ਼ਮੀਨ ਦਾ ਕੁੱਝ ਹਿੱਸਾ ਜੋ ਰਾਜਸਥਾਨ ਵਿਚ ਉਨ੍ਹਾਂ ਦੇ ਪਰਿਵਾਰ ਨੇ ਖਰੀਦਿਆ ਹੁੰਦਾ, ਉਸ ਨੂੰ ਆਪਣੇ ਭਰਾ ਦੇਬੂ ਦੇ ਨਾਂ ਕਰ ਦਿੰਦੀ। ਚਰਨੋਂ ਨੇ ਕਿਸੇ ਸਮੇਂ ਆਪਣੀ ਮਾਂ ਨੂੰ ਭਾਰੇ ਤੁੰਗਲ ਬਣਵਾ ਕੇ ਦਿੱਤੇ ਹੁੰਦੇ, ਜੋ ਉਸ ਦੀ ਮਾਂ ਹਮੇਸ਼ਾ ਆਪਣੇ ਕੰਨਾਂ ਵਿਚ ਪਹਿਨੀ ਰੱਖਦੀ। ਦੇਬੂ ਦੀ ਘਰਵਾਲੀ ਗੇਜੋ ਆਪਣੀ ਇਸ ਹਾਲਤ ਲਈ ਆਪਣੀ ਨਨਾਣ ਚਰਨੋਂ ਅਤੇ ਸੱਸ ਨੂੰ ਜ਼ਿੰਮੇਵਾਰ ਠਹਿਰਾਉਂਦੀ ਤੇ ਜਦੋਂ ਉਹ ਵੇਖਦੀ ਕਿ ਉਸ ਦੀ ਸੱਸ ਦੇ ਕੰਨਾਂ ਵਿਚ ਪਹਿਨੇ ਤੁੰਗਲ ਗਾਇਬ ਹਨ, ਤਾਂ ਇਸ ਲਈ ਉਹ ਚਰਨੋਂ ਤੇ ਆਪਣੀ ਸੱਸ ਨੂੰ ਕੌੜੇ ਬੋਲ ਬੋਲਦੀ ਤੇ ਉਨ੍ਹਾਂ ਦੀ ਬੇਇੱਜ਼ਤੀ ਕਰਦੀ। ਦੇਬੂ ਦੀ ਘਰਵਾਲੀ ਚਰਨੋਂ ’ਤੇ ਸ਼ੱਕ ਕਰਦੀ ਕਿ ਉਸ ਨੇ ਜ਼ਮੀਨ ਬੈਅ ਲੈਣ ਲਈ ਥੁੜਦੇ ਪੈਸੇ ਪੂਰੇ ਕਰਨ ਲਈ ਮਾਂ ਦੇ ਕੰਨਾਂ ਵਿਚ ਪਹਿਨੇ ਤੁੰਗਲ ਵੇਚ ਦਿੱਤੇ ਹਨ। ਪਰ ਕੀ ਸੱਚਮੁੱਚ ਚਰਨੋਂ ਨੇ ਆਪਣੀ ਮਾਂ ਕੋਲੋਂ ਤੁੰਗਲ ਲੈ ਕੇ ਵੇਚੇ ਹੁੰਦੇ, ਤਾਂ ਜੋ ਉਹ ਜ਼ਮੀਨ ਖਰੀਦ ਸਕੇ? ਕੀ ਦੇਬੂ ਆਪਣੇ ਸਿਰ ਚੜ੍ਹਿਆ ਕਰਜ਼ਾ ਉਤਾਰ ਪਾਉਂਦਾ ਜਾਂ ਨਹੀ? ਇਸ ਸਭ ਨੂੰ ਜਾਨਣ ਲਈ ਆਪ ਨੂੰ ਪੂਰੀ ਫ਼ਿਲਮ ਦੇਖਣੀ ਹੋਵੇਗੀ।

ਬਠਿੰਡਾ ਫ਼ਿਲਮ ਫੈਸਟੀਵਲ ਸਪੈਸ਼ਲ ਜਿਊਰੀ ਅਵਾਰਡ ਪ੍ਰਾਪਤ ਕਰਦਾ ਅਤੇ ਸਿਨੇਟਾਊਨ ਅਵਾਰਡਸ ਆਸਟ੍ਰੇਲੀਆ ਨਾਲ ਸਨਮਾਨਿਤ ਇਸ ਫ਼ਿਲਮ ਵਿਚ ਜੋ ਕਹਾਣੀ ਪੇਸ਼ ਕੀਤੀ ਗਈ ਹੈ, ਉਹ ਹਰ ਘਰ ਦੀ ਕਹਾਣੀ ਲੱਗਦੀ ਹੈ। ਭੈਣ, ਭਰਾ, ਮਾਂ-ਪਿਓ ਦੇ ਰਿਸ਼ਤੇ ਤੋਂ ਵੱਡਾ ਕੋਈ ਰਿਸ਼ਤਾ ਨਹੀਂ ਹੁੰਦਾ ਪਰ ਜਦੋਂ ਇਨਸਾਨ ਦੇ ਆਲੇ-ਦੁਆਲੇ ਹਾਲਾਤ ਈ ਇੰਝ ਦੇ ਪੈਦਾ ਹੋ ਜਾਂਦੇ ਜਾਂ ਸਿਰਜ ਦਿੱਤੇ ਜਾਂਦੇ ਕਿ ਉਹ ਆਪਣੇ ਇਨ੍ਹਾਂ ਕਰੀਬੀ ਰਿਸ਼ਤਿਆਂ ਨੂੰ ਹੀ ਸ਼ੱਕ ਦੀ ਨਜ਼ਰ ਨਾਲ ਵੇਖਣ ਲੱਗ ਪੈਂਦਾ। ਮੋਹ, ਪਿਆਰ, ਵਿਸ਼ਵਾਸ ਦੀਆਂ ਤੰਦਾਂ ਟੁੱਟ ਜਾਂਦੀਆਂ ਤੇ ਇਨਸਾਨ ਨਿਰਾਸ਼ਾ ਦੇ ਡੂੰਘੇ ਸਮੁੰਦਰਾਂ ਵਿਚ ਗੋਤੇ ਖਾਣ ਲੱਗਦਾ। ਫ਼ਿਲਮ ਵਿਚ ਇੱਕ ਦ੍ਰਿਸ਼ ਹੈ, ਜਦੋਂ ਰਾਤ ਦੇ ਹਨੇਰੇ ਵਿਚ ਦੇਬੂ ਛੱਤ ਤੇ ਬਨੇਰੇ ਨਾਲ ਲੱਗ ਦੂਰ ਤੱਕ ਪਸਰੇ ਹਨੇਰੇ ਵੱਲ ਵੇਖ ਰਿਹਾ ਹੁੰਦਾ। ਉਸ ਨੂੰ ਇੰਝ ਲੱਗਦਾ ਮਾਨੋ ਜਿਵੇਂ ਇਹ ਹਨੇਰਾ ਉਸ ਦੀ ਜ਼ਿੰਦਗੀ ਵਿਚ ਵੀ ਪਸਰ ਗਿਆ ਹੋਵੇ। ਠੀਕ ਉਸੇ ਵੇਲੇ ਉਸ ਦੀ ਘਰਵਾਲੀ ਉਸ ਦੇ ਕੋਲ ਆਉਂਦੀ, ਜਿਸ ਦੇ ਕੁਰੱਖਤ ਬੋਲ ਉਸ ਦੀਆਂ ਸੋਚਾਂ ਦੀ ਲੜੀ ਨੂੰ ਤੋੜ ਕੇ ਉਸ ਦੇ ਦੁੱਖਾਂ ਵਿਚ ਹੋਰ ਵਾਧਾ ਕਰ ਦਿੰਦੇ। ਉਹ ਆਖਦੀ, ‘ਦੇਬੂ ਸਿਆਂ ਤੇਰਾ ਤਾਂ ਕੋਈ ਨਾ ਬਣਿਆ, ਨਾ ਤੇਰੀਆਂ ਭੈਣਾਂ ਤੇ ਨਾ ਤੈਨੂੰ ਢਿਡੋਂ ਜੰਮਣ ਵਾਲੀ ਮਾਂ’। ਭਰਜਾਈਆਂ ਜਦੋਂ ਘਰ ਆਈਆਂ ਨਨਾਣਾਂ ਦੀ ਇੱਜ਼ਤ ਨਹੀਂ ਕਰਦੀਆਂ ਤਾਂ ਪੇਕਿਆਂ ਲਈ ਸੁੱਖ ਮੰਗਣ ਵਾਲੀਆਂ ਧੀਆਂ ਦੇ ਦਿਲ ’ਤੇ ਕੀ ਬੀਤਦੀ, ਇਹ ਉਨ੍ਹਾਂ ਦਾ ਦਿਲ ਹੀ ਜਾਣਦਾ ਜਾਂ ਉਨ੍ਹਾਂ ਦੇ ਬੁੱਢੇ ਮਾਂ-ਪਿਓ ਜਾਣਦੇ। ਕਲਾਕਾਰਾਂ ਦੀ ਬੇਹਤਰੀਨ ਅਦਾਕਾਰੀ ਨਾਲ ਸਜੀ ਇਹ ਇੱਕ ਖੂਬਸੂਰਤ ਤੇ ਦਿਲ ਨੂੰ ਛੂ ਲੈਣ ਵਾਲੀ ਫ਼ਿਲਮ ਹੈ।

**ਲਘੂ ਫ਼ਿਲਮ ਟਾਹਲੀ :-** ਪੰਜਾਬ ਵਿਚ ਟਾਹਲੀ ਦੇ ਰੁੱਖ ਦਾ ਆਪਣਾ ਇੱਕ ਖ਼ਾਸ ਮਹੱਤਵ ਹੈ। ਟਾਹਲੀ ਦੇ ਰੁੱਖ ਦੀ ਖੂਬਸੂਰਤੀ, ਮਜ਼ਬੂਤੀ ਅਤੇ ਆਯੂਰਵੈਦ ਵਿਚ ਇਸ ਦੀ ਵਰਤੋਂ ਦੇ ਨਾਲ-ਨਾਲ ਪੰਜਾਬ ਦੇ ਸਮਾਜਿਕ, ਸੱਭਿਆਚਾਰਕ ਅਤੇ ਪੰਜਾਬੀ ਲੋਕ ਗੀਤਾਂ ਵਿਚ ਇਸ ਰੁੱਖ ਦਾ ਸਭ ਤੋਂ ਵੱਧ ਜ਼ਿਕਰ ਮਿਲਦਾ ਹੈ। ਟਾਹਲੀ ਦੇ ਰੁੱਖ ਨੂੰ ਆਮ ਤੌਰ ’ਤੇ ਪੰਜਾਬੀ ਲੋਕਾਂ ਦੇ ਜੀਵਨ, ਉਨ੍ਹਾਂ ਦੇ ਸੁਭਾਅ, ਉਨ੍ਹਾਂ ਦੀ ਸਰੀਰਕ ਤੇ ਮਾਨਸਿਕ ਮਜ਼ਬੂਤੀ ਨਾਲ ਵੀ ਰਲਾ ਕੇ ਵੇਖਿਆ ਜਾਂਦਾ ਹੈ। ਆਰਥਿਕ ਤੌਰ ’ਤੇ ਵੀ ਇਸ ਰੁੱਖ ਤੋਂ ਚੰਗਾ ਮੁਨਾਫ਼ਾ ਮਿਲ ਜਾਂਦਾ ਹੈ। ਇਨ੍ਹਾਂ ਗੁਣਾਂ ਕਰਕੇ ਹੀ ਪੰਜਾਬ ਦੇ ਲੋਕਾਂ ਲਈ ਟਾਹਲੀ ਇੱਕ ਕੀਮਤੀ ਰੁੱਖ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਟਾਹਲੀ ਦੇ ਰੁੱਖ ਨਾਲ ਸੰਬੰਧਿਤ ਕਈ ਲੋਕ ਬੋਲੀਆਂ ਤੇ ਲੋਕ ਗੀਤਾਂ ਦਾ ਜ਼ਿਕਰ ਮਿਲਦਾ ਹੈ ਅਤੇ ਨਾਲ ਹੀ ਬਹੁਤ ਸਾਰੇ ਪੰਜਾਬੀ ਕਹਾਣੀਕਾਰਾਂ ਨੇ ਵੀ ਆਪਣੀਆਂ ਕਹਾਣੀਆਂ ਵਿਚ ਟਾਹਲੀ ਦੇ ਰੁੱਖ ਦਾ ਵਰਨਣ ਬਾਖੂਬੀ ਕੀਤਾ ਹੈ। ਪੰਜਾਬੀ ਲਘੂ ਫ਼ਿਲਮ ਟਾਹਲੀ ਵੀ ਇੱਕ ਐਸੀ ਹੀ ਕਹਾਣੀ ’ਤੇ ਬਣੀ ਫ਼ਿਲਮ ਹੈ, ਜਿਸ ਦਾ ਕੇਂਦਰ ਬਿੰਦੂ ਟਾਹਲੀ ਹੈ। ਮੁੱਖ ਕਿਰਦਾਰ ਧਰਮ ਸਿੰਘ ਆਪਣੇ ਖੇਤ ਦੀ ਵੱਟ ’ਤੇ ਉੱਗੀ ਟਾਹਲੀ ’ਤੇ ਆਪਣਾ ਅਧਿਕਾਰ ਸਮਝਦਾ ਹੈ ਪਰ ਉਸ ਦੀ ਵੱਟ ਨਾਲ ਸਾਂਝੀ ਵੱਟ ਵਾਲਾ ਨਾਜਰ ਸਿੰਘ ਟਾਹਲੀ ਨੂੰ ਆਪਣੀ ਦੱਸਦਾ ਹੈ। ਟਾਹਲੀ ਦੀ ਮਾਲਕੀ ਲਈ ਦੋਵੇਂ ਕਿਵੇਂ ਇੱਕ ਦੂਜੇ ਦੇ ਵੈਰੀ ਬਣ ਜਾਂਦੇ ਨੇ ਤੇ ਫਿਰ ਟਾਹਲੀ ਕਰਕੇ ਐਸੀ ਅਣਹੋਣੀ ਘਟਨਾ ਵਾਪਰ ਜਾਂਦੀ ਹੈ, ਜਿਸ ਦਾ ਮਲਾਲ ਧਰਮ ਸਿੰਘ ਨੂੰ ਸਾਰੀ ਉਮਰ ਰਹਿੰਦਾ ਹੈ।

ਮਹਿਮੀ ਮੂਵੀਜ਼ ਦੇ ਬੈਨਰ ਹੇਠ ਬਣੀ ਲਘੂ ਫ਼ਿਲਮ ਟਾਹਲੀ ਦੀ ਕਹਾਣੀ, ਪਟਕਥਾ ਅਤੇ ਸੰਵਾਦ ਲਿਖੇ ਹਨ, ਅਦਾਕਾਰ ਰਾਜਦੀਪ ਸਿੰਘ ਬਰਾੜ ਨੇ। ਫ਼ਿਲਮ ਦੀ ਸਿਨਮੈਟੋਗ੍ਰਾਫੀ ਕੀਤੀ ਹੈ ਅਮਨ ਮਹਿਮੀ ਅਤੇ ਸੰਜੀਵ ਕੁਮਾਰ ਨੇ ਅਤੇ ਸੰਗੀਤ ਤਿਆਰ ਕੀਤਾ ਹੈ ਨੂਰਦੀਪ ਸਿੱਧੂ ਨੇ। ਫ਼ਿਲਮ ਵਿਚ ਅਦਾਕਾਰ ਮਹਾਬੀਰ ਭੁੱਲਰ ਬਜ਼ੁਰਗ ਧਰਮ ਸਿੰਘ ਦੇ ਕਿਰਦਾਰ ਵਿਚ, ਅਮਨਜੀਤ ਸਿੰਘ ਬਰਾੜ ਜਵਾਨੀ ਵੇਲੇ ਦੇ ਧਰਮ ਸਿੰਘ ਦੇ ਕਿਰਦਾਰ ਵਿਚ, ਮਲਕੀਤ ਸਿੰਘ ਔਲਖ ਅਜੈਬ ਸਿੰਘ ਦੇ ਕਿਰਦਾਰ ਵਿਚ, ਰਾਜਦੀਪ ਸਿੰਘ ਬਰਾੜ ਗੁਰਜੰਟ ਸਿੰਘ ਦੇ ਕਿਰਦਾਰ ਵਿਚ ਅਤੇ ਅਦਾਕਾਰਾ ਸੋਨੀਆ ਸਿੰਘ ਰਾਣੀ ਦੇ ਕਿਰਦਾਰ ਵਿਚ ਦਿਖਾਈ ਦਿੰਦੇ ਹਨ। ਬਾਕੀ ਅਦਾਕਾਰਾਂ ਵਿਚ ਪ੍ਰਮੁੱਖ ਹਨ ਵਿਰਾਟ ਮਾਹਲ, ਕੰਵਲਜੀਤ ਸਿੰਘ, ਜਗਦੀਸ਼ ਸਿੰਘ ਤੂਫ਼ਾਨ, ਗਗਨਦੀਪ ਸਿੰਘ ਔਲਖ, ਗੁਰਪ੍ਰੀਤ ਸਿੰਘ ਮੱਲਣ, ਗੁਰਵਿੰਦਰ ਸ਼ਰਮਾਂ, ਜਗਤਾਰ ਸਿੰਘ, ਨੂਰਦੀਪ ਸਿੱਧੂ, ਅਮਰਜੀਤ ਕੌਰ, ਜਗਮੋਹਣ ਜੱਗੂ, ਨਿਸ਼ਾ ਸ਼ਰਮਾ, ਸ਼ੈਫਰਾਨਜੋਤ ਕੌਰ ਅਤੇ ਸਨੇਹਾ ਸ਼ਰਮਾ।

ਲਘੂ ਫ਼ਿਲਮ ਟਾਹਲੀ ਦੀ ਕਹਾਣੀ ਧਰਮ ਸਿੰਘ ਨਾਂ ਦੇ ਕਿਰਦਾਰ ਦੇ ਇਰਦ-ਗਿਰਦ ਘੁੰਮਦੀ ਵਿਖਾਈ ਗਈ ਹੈ। ਫ਼ਿਲਮ ਦੀ ਕਹਾਣੀ ਟਾਹਲੀ ਕਰਕੇ ਹੋਣ ਵਾਲੇ ਝਗੜਿਆਂ ’ਤੇ ਕੇਂਦਰਿਤ ਕੀਤੀ ਗਈ ਹੈ। ਧਰਮ ਸਿੰਘ ਦੇ ਖੇਤ ਅਤੇ ਨਾਲ ਲੱਗਦੇ ਨਾਜਰ ਸਿੰਘ ਦੇ ਖੇਤ ਦੀ ਸਾਂਝੀ ਵੱਟ ’ਤੇ ਉੱਗੀ ਇੱਕ ਟਾਹਲੀ ਦੀ ਮਾਲਿਕੀ ਲਈ ਦੋਵੇਂ ਨਿੱਤ ਝਗੜਦੇ ਨੇ ਤੇ ਇੱਕ ਦਿਨ ਦੋਵਾਂ ਵਿਚ ਗੱਲ ਇੰਨੀ ਵੱਧ ਜਾਂਦੀ ਹੈ ਕਿ ਝਗੜਦੇ-ਝਗੜਦੇ ਨਾਜਰ ਆਪਣੀ ਦੋਨਾਲੀ ਨਾਲ ਆਪਣੇ ਹੀ ਸਾਥੀ ਦਾ ਕਤਲ ਕਰਕੇ ਧਰਮ ਸਿੰਘ ਅਤੇ ਉਸ ਦੇ ਸ਼ਰੀਫ਼ ਪਿਓ ਸਰਦਾਰ ਕਪੂਰ ਸਿੰਘ ਨੂੰ ਫਸਾ ਦਿੰਦਾ ਹੈ। ਜੇਲ੍ਹ ਦੀਆਂ ਕਾਲ ਕੋਠੜੀਆਂ ਸਰਦਾਰ ਕਪੂਰ ਸਿੰਘ ਦੀ ਜਾਨ ਲੈ ਲੈਂਦੀਆਂ ਹਨ ਤੇ ਧਰਮ ਸਿੰਘ ਦੀ ਜ਼ਿੰਦਗੀ ਦੇ ਕੀਮਤੀ 20 ਸਾਲ ਜੇਲ੍ਹ ਦੀ ਕੈਦ ਕੱਟਣ ਵਿਚ ਬੀਤ ਜਾਂਦੇ ਹਨ, ਪਿੱਛੋਂ ਉਸ ਦੀ ਘਰਵਾਲੀ ਸੀਤੋ ਵੀ ਚੱਲ ਵੱਸਦੀ ਹੈ। ਉਸ ਦੀ ਇਕਲੌਤੀ ਧੀ ਮਾਂ-ਪਿਓ ਦੀ ਜੁਦਾਈ ਵਿਚ ਹੀ ਆਪਣੇ ਨਾਨਕੇ ਵੱਡੀ ਹੁੰਦੀ ਹੈ ਅਤੇ ਨਾਨਕੇ ਹੀ ਉਸ ਦਾ ਵਿਆਹ ਵੀ ਕਰ ਦਿੰਦੇ ਹਨ।


ਫ਼ਿਲਮ ਦੇ ਸ਼ੁਰੂਆਤੀ ਦ੍ਰਿਸ਼ਾਂ ਵਿਚ ਵਿਖਾਇਆ ਗਿਆ ਹੈ ਕਿ ਚਿਰਾਂ ਬਾਅਦ ਧਰਮ ਸਿੰਘ ਆਪਣੀ ਧੀ ਰਾਣੋ ਦੇ ਸਹੁਰੇ ਘਰ ਉਸ ਨੂੰ ਮਿਲਣ ਜਾਂਦਾ ਹੈ, ਜਿੱਥੇ ਆਪਣੀ ਧੀ ਨੂੰ ਵੇਖ ਉਸ ਨੂੰ ਰਾਣੋ ਤੇ ਉਸ ਦੀ ਮਾਂ ਨਾਲ ਬਿਤਾਏ ਪਲ ਯਾਦ ਆਉਂਦੇ ਹਨ। ਧਰਮ ਸਿੰਘ ਪਰਿਵਾਰ ਵਿਚ ਬੈਠ ਕੇ ਅਜੇ ਚਾਹ ਈ ਪੀਣ ਲੱਗਾ ਹੁੰਦਾ, ਜਦੋਂ ਉਸ ਦੇ ਜਵਾਈ ਅਜੈਬ ਸਿੰਘ ਨੂੰ ਸੱਥ ਵਿਚ ਜੁੜੀ ਪਿੰਡ ਦੀ ਪੰਚਾਇਤ ਵੱਲੋਂ ਹਾਜ਼ਰ ਹੋਣ ਦਾ ਸੱਦਾ ਆ ਜਾਂਦਾ। ਪੰਚਾਇਤ ਅਜੈਬ ਸਿੰਘ ਦੇ ਖੇਤ ਦੀ ਵੱਟ ’ਤੇ ਉੱਗੀ ਟਾਹਲੀ ਦੀ ਮਾਲਿਕੀ ਨੂੰ ਲੈ ਕੇ ਗੁਰਜੰਟ ਸਿੰਘ ਨਾਲ ਚੱਲ ਰਹੇ ਝਗੜੇ ਦੇ ਨਿਪਟਾਰੇ ਲਈ ਇਕੱਠੀ ਹੋਈ ਹੁੰਦੀ। ਪੰਚਾਇਤ ਵਿਚ ਦੋਵੇ ਧਿਰਾਂ ਟਾਹਲੀ ’ਤੇ ਆਪਣਾ ਆਪਣਾ ਅਧਿਕਾਰ ਜਮਾ ਰਹੀਆਂ ਹੁੰਦੀਆਂ। ਵੇਖਦੇ-ਵੇਖਦੇ ਗੱਲ ਏਨੀ ਵੱਧ ਜਾਂਦੀ ਕਿ ਅਜੈਬ ਸਿੰਘ ਤੇ ਗੁਰਜੰਟ ਸਿੰਘ ਵਿਚ ਤਿੱਖਾ ਬੋਲ ਬੁਲਾਰਾ ਹੋਣਾ ਸ਼ੁਰੂ ਹੋ ਜਾਂਦਾ। ਜਿਸ ਨੂੰ ਸੁਣ ਕੇ ਧਰਮ ਸਿੰਘ ਵੀ ਘਰੋਂ ਚੱਲ ਪੰਚਾਇਤ ਕੋਲ ਆ ਪਹੁੰਚਦਾ। ਪਿੰਡ ਦਾ ਸਰਪੰਚ ਅਤੇ ਬਾਕੀ ਪੰਚਾਇਤ ਮੈਂਬਰ ਧਰਮ ਸਿੰਘ ਨੂੰ ਸੂਝਵਾਨ ਤੇ ਸੁਲਝਿਆ ਹੋਇਆ ਬੰਦਾ ਜਾਣ ਇਹ ਆਖਦੇ ਕਿ ਉਹ ਹੀ ਇਨ੍ਹਾਂ ਦੇ ਝਗੜੇ ਦਾ ਨਿਪਟਾਰਾ ਕਰੇ। ਧਰਮ ਸਿੰਘ ਸਾਰਿਆ ਪਹਿਲੂਆਂ ’ਤੇ ਨਜ਼ਰਸਾਨੀ ਕਰਕੇ ਟਾਹਲੀ ਦੀ ਮਾਲਿਕੀ ਆਪਣੇ ਜਵਾਈ ਨੂੰ ਨਾ ਦੇ ਕੇ ਗੁਰਜੰਟ ਨੂੰ ਦੇਣ ਦਾ ਫੈਸਲਾ ਸੁਣਾਉਂਦਾ। ਧਰਮ ਸਿੰਘ ਦਾ ਜਵਾਈ ਗੁੱਸੇ ਵਿਚ ਆ ਇਸ ਫੈਸਲੇ ਨੂੰ ਨਾ ਮੰਨਦੇ ਹੋਏ ਪੰਚਾਇਤ ਵਾਲੀ ਥਾਂ ਤੋਂ ਆਪਣੇ ਘਰ ਨੂੰ ਆ ਜਾਂਦਾ। ਮਗਰੇ ਹੀ ਧਰਮ ਸਿੰਘ ਵੀ ਘਰ ਆ ਪਹੁੰਚਦਾ। ਗੁੱਸੇ ਵਿਚ ਰਫ਼ਲ ਚੁੱਕੀ ਖਲੋਤੇ ਅਜੈਬ ਸਿੰਘ ਨੂੰ ਸਮਝਾਉਂਦੇ ਹੋਏ ਧਰਮ ਸਿੰਘ ਆਖਦਾ, ‘ਅੱਜ ਮੈਂ ਤੈਨੂੰ ਆਪਣੇ ਹੱਡਾਂ ’ਤੇ ਹੰਢਾਏ ਸੰਤਾਪ ਦਾ ਉਹ ਸ਼ੀਸ਼ਾ ਦਿਖਾਉਂਦਾ, ਜਿੰਨੇ ਮੇਰੇ ਮੱਥੇ ’ਤੇ ਉਜਾੜੇ ਦੀ ਲਕੀਰ ਬਣਾ ਦਿੱਤੀ’ ਧਰਮ ਸਿੰਘ ਆਪਣੀ ਸਾਰੀ ਵਿੱਥਿਆ ਆਪਣੇ ਜਵਾਈ ਨੂੰ ਆਖ ਸੁਣਾਉਂਦਾ। ਅਖੀਰ ਉਸ ਦੇ ਜਵਾਈ ਨੂੰ ਸਮਝ ਆ ਜਾਂਦੀ ਕਿ ਟਾਹਲੀਆਂ ਕਿੱਕਰਾਂ ਦੇ ਝਗੜਿਆਂ ਵਿਚ ਪੈ ਕੇ ਆਪਣੀ ਕੀਮਤੀ ਜ਼ਿੰਦਗੀ ਬਰਬਾਦ ਕਰਨਾ ਮੂਰਖਤਾ ਹੈ ਤੇ ਸਿਆਣਪ ਏਸੇ ਵਿਚ ਹੈ ਕਿ ਇਨ੍ਹਾਂ ਨਿੱਕੇ-ਮੋਟੇ ਝਗੜਿਆਂ ਨੂੰ ਮਿਲ-ਬੈਠ ਕੇ ਸੁਲਝਾ ਲਿਆ ਜਾਵੇ। ਫੌਕੀ ਆਕੜ, ਹੈਂਕੜਬਾਜ਼ੀ ਵਿਚ ਆ ਕੇ ਲੜਨ ਨਾਲ ਉਜਾੜਾ ਹੀ ਹੁੰਦਾ, ਹੋਰ ਤਾਂ ਕੁਝ ਵੀ ਹਾਸਲ ਨਹੀਂ ਹੁੰਦਾ। ਫ਼ਿਲਮ ਦੇ ਅਖੀਰਲੇ ਦ੍ਰਿਸ਼ਾਂ ਵਿਚ ਗੁਰਜੰਟ ਤੇ ਅਜੈਬ ਸਿੰਘ ਵਿਚ ਸੁਲਹ ਹੋ ਜਾਂਦੀ ਤੇ ਪੰਜਾਬ ਨੂੰ ਟਾਹਲੀਆਂ ਅਤੇ ਹੋਰ ਰੁੱਖਾਂ ਨਾਲ ਹਰਾ-ਭਰਾ ਕਰਨ ਦਾ ਤੇ ਇਨ੍ਹਾਂ ਰੁੱਖਾਂ ਕਰਕੇ ਲੜਾਈ-ਝਗੜਾ ਨਾ ਕਰਨ ਦਾ ਸਾਰਥਿਕ ਸੁਨੇਹਾ ਦਿੰਦੀ ਇਹ ਫ਼ਿਲਮ ਸਮਾਪਤ ਹੋ ਜਾਂਦੀ।

ਵਧੀਆ ਕਹਾਣੀ ’ਤੇ ਬਣੀ ਇਹ ਇੱਕ ਖੂਬਸੂਰਤ ਫ਼ਿਲਮ ਹੈ, ਜਿਸ ਵਿਚ ਅਦਾਕਾਰ ਮਹਾਬੀਰ ਭੁੱਲਰ ਦੀ ਅਦਾਕਾਰੀ ਬੇਹਤਰੀਨ ਹੈ। ਫ਼ਿਲਮ ਦੇ ਹਰ ਅਦਾਕਾਰ ਨੇ ਆਪਣੇ-ਆਪਣੇ ਕਿਰਦਾਰਾਂ ਨੂੰ ਵਧੀਆ ਢੰਗ ਨਾਲ ਨਿਭਾਇਆ ਹੈ। ਹਰੇਕ ਅਦਾਕਾਰ ਦੀ ਸੁਭਾਵਿਕ ਅਦਾਕਾਰੀ ਫ਼ਿਲਮ ਨੂੰ ਮਜ਼ਬੂਤੀ ਪ੍ਰਦਾਨ ਕਰਦੀ ਹੈ। ਫ਼ਿਲਮ ਦਾ ਨਿਰਦੇਸ਼ਨ, ਸਿਨਮੈਟੋਗ੍ਰਾਫੀ ਅਤੇ ਬੈਕਗਰਾਊਂਡ ਮਿਊਜ਼ਿਕ ਬੇਹਤਰੀਨ ਹੈ। ਬਹੁਤ ਸਾਰੇ ਫ਼ਿਲਮ ਫ਼ੈਸਟੀਵਲਾਂ ਦਾ ਹਿੱਸਾ ਬਣੀ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ ਹੈ। ਫ਼ਿਲਮ ਨੂੰ ਚੰਡੀਗੜ੍ਹ ਵਿਚ ਲੱਗੇ ‘ਅੱਵਲ ਪੰਜਾਬੀ ਫ਼ਿਲਮ ਮੇਲਾ 2024’ ਵਿਚ ਬੈਸਟ ਬੈਕਗਰਾਊਂਡ ਮਿਊਜ਼ਿਕ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਬਠਿੰਡਾ ਵਿਖੇ ਹੋਏ ਤੀਸਰੇ ਫ਼ਿਲਮ ਫ਼ੈਸਟੀਵਲ ਵਿਚ ਵੀ ਇਸ ਫ਼ਿਲਮ ਨੇ ਬੈਸਟ ਫ਼ਿਲਮ ਲੇਖਣ ਦਾ ਐਵਾਰਡ ਜਿੱਤਿਆ।

## ਅਣਗੌਲਿਆ ਆਜ਼ਾਦੀ ਘੁਲਾਟੀਆ

# ਡਾ. ਗੁਰਦੇਵ ਸਿੰਘ ਸਿੱਧੂ ਦੀ ਪੁਸਤਕ ਗਿਆਨੀ ਊਧਮ ਸਿੰਘ ਜੱਦੋ-ਜਹਿਦ ਦੀ ਦਾਸਤਾਂ

ਡਾ. ਗੁਰਦੇਵ ਸਿੰਘ ਸਿੱਧੂ ਦੀ ਪੁਸਤਕ 'ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਊਧਮ ਸਿੰਘ' ਉਨ੍ਹਾਂ ਵੱਲੋਂ ਸ਼ੁਰੂ ਕੀਤੀ ਗਈ ਅਣਗੌਲੇ ਆਜ਼ਾਦੀ ਘੁਲਾਟੀਆਂ ਬਾਰੇ ਪੁਸਤਕਾਂ ਪ੍ਰਕਾਸ਼ਤ ਕਰਵਾਉਣ ਦੀ ਲੜੀ ਦੀ ਇਹ ਤੀਜੀ ਪੁਸਤਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਦੋ ਪੁਸਤਕਾਂ 'ਬਾਬਾ ਧਿਆਨ ਸਿੰਘ ਮਹੇਸਰੀ' ਅਤੇ 'ਮਾਸਟਰ ਗੱਜਣ ਸਿੰਘ ਗੋਬਿੰਦਗੜ੍ਹ' ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਦੀ ਲੜੀ ਸ਼ੁਰੂ ਕਰਨਾ ਡਾ. ਗੁਰਦੇਵ ਸਿੰਘ ਸਿੱਧੂ ਦੀ ਪੰਜਾਬੀਆਂ ਖਾਸ ਤੌਰ 'ਤੇ ਸਿੱਖਾਂ ਦੀ ਆਜ਼ਾਦੀ ਦੀ ਜੱਦੋ-ਜਹਿਦ ਦੀ ਵਿਰਾਸਤ ਨੂੰ ਇਤਿਹਾਸ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਹੈ, ਤਾਂ ਜੋ ਪੰਜਾਬੀਆਂ/ਸਿੱਖਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਵਿਰਾਸਤ 'ਤੇ ਪਹਿਰਾ ਦੇਣ ਦੀ ਕੋਸ਼ਿਸ਼ ਅਤੇ ਮਾਣ ਕਰ ਸਕਣ ਕਿ ਉਨ੍ਹਾਂ ਦੇ ਪੁਰਖੇ ਕਿਤਨੇ ਦੇਸ਼ ਭਗਤ ਅਤੇ ਸਿਰੜੀ ਸਨ। ਡਾ. ਗੁਰਦੇਵ ਸਿੰਘ ਸਿੱਧੂ ਵਿਦਵਾਨ ਸਾਹਿਤਕਾਰ ਤੇ ਇਤਿਹਾਸਕਾਰ ਹਨ। ਉਨ੍ਹਾਂ ਦੀਆਂ ਪੰਜਾਬੀ, ਹਿੰਦੀ, ਅੰਗਰੇਜ਼ੀ ਅਤੇ ਮਰਾਠੀ ਵਿਚ ਚਾਰ ਦਰਜਨ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਡਾ. ਗੁਰਦੇਵ ਸਿੰਘ ਸਿੱਧੂ ਨੂੰ ਇਸ ਗੱਲ ਦਾ ਦੁੱਖ ਹੈ ਕਿ ਭਾਰਤ ਦੇ ਇਤਿਹਾਸਕਾਰਾਂ ਨੇ ਤਾਂ ਉਨ੍ਹਾਂ ਦੇ ਪੁਰਖਿਆਂ ਨੂੰ ਅਣਡਿੱਠ ਕੀਤਾ ਹੀ ਸੀ ਪ੍ਰੰਤੂ ਪੰਜਾਬ ਦੇ ਨਾਮਵਰ ਇਤਿਹਾਸਕਾਰਾਂ ਨੇ ਇਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੇ ਯੋਗਦਾਨ ਨੂੰ ਅਣਡਿੱਠ ਕਰਕੇ ਪੰਜਾਬੀਆਂ/ਸਿੱਖਾਂ ਨਾਲ ਧਰੋਹ ਕਮਾਇਆ ਹੈ। ਡਾ. ਫੌਜਾ ਸਿੰਘ ਇਤਿਹਾਸਕਾਰ ਦੀ ਅਗਵਾਈ ਵਿਚ ਇਤਿਹਾਸਕਾਰਾਂ ਦੀ ਟੀਮ ਵੱਲੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਦੀ ਤਿਆਰ ਕੀਤੀ ਨਾਮਵਲੀ **"Who's Who Punjab Freedom Fighters"** ਵੱਡ-ਆਕਾਰੀ ਪੁਸਤਕ ਵਿਚ ਗਿਆਨੀ ਊਧਮ ਸਿੰਘ ਦਾ ਨਾਮ ਹੀ ਨਹੀਂ। ਇਥੋਂ ਤੱਕ ਕਿ ਉਨ੍ਹਾਂ ਦੇ ਪਿੰਡ ਦੇ ਜਥੇਦਾਰ ਅਮਰ ਸਿੰਘ ਨੇ ਕਿਤਾਬਚਾ 'ਇਤਿਹਾਸ ਪਿੰਡ ਖਣਿਆਣ' ਪ੍ਰਕਾਸ਼ਤ ਕਰਵਾਇਆ, ਜਿਸ ਵਿਚ ਪਿੰਡ ਦੇ 14 ਜਲਾਵਤਨੀਆਂ ਦੇ ਨਾਮ ਹਨ ਪ੍ਰੰਤੂ ਗਿਆਨੀ ਊਧਮ ਸਿੰਘ ਦਾ ਨਾਮ ਨਹੀਂ ਲਿਖਿਆ। ਲੇਖਕ ਨੇ ਪੁਸਤਕ ਨੂੰ 10 ਅਧਿਆਇ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਲੇਖਕ ਨੇ ਗਿਆਨੀ ਊਧਮ ਸਿੰਘ ਦੀ ਜੀਵਨੀ ਲਿਖਣ ਲਈ ਨੈਸ਼ਨਲ ਆਰਕਾਈਵ ਦਿੱਲੀ ਅਤੇ ਗਿਆਨੀ ਊਧਮ ਸਿੰਘ ਦੇ ਪਿੰਡ, ਉਨ੍ਹਾਂ ਦੇ ਸਹੁਰਿਆਂ ਅਤੇ ਅੱਗੋਂ ਉਨ੍ਹਾਂ ਵੱਲੋਂ ਦੱਸੇ ਗਏ ਹੋਰ ਬਹੁਤ ਸਾਰੇ ਲੋਕਾਂ ਨੂੰ ਮਿਲ ਕੇ ਬੜੀ ਜੱਦੋ-ਜਹਿਦ ਤੋਂ ਬਾਅਦ ਇਹ ਪੁਸਤਕ ਲਿਖੀ ਹੈ। ਬੀਬਾ ਬਲਵੰਤ ਕੌਰ ਪੰਧੇਰ ਕੋਲ ਗਿਆਨੀ ਊਧਮ ਸਿੰਘ ਦੀ ਲਿਖੀ ਸਵੈ-ਜੀਵਨੀ ਦਾ ਪਹਿਲਾ ਭਾਗ ਸੀ, ਜਿਹੜੀ ਉਨ੍ਹਾਂ ਲੇਖਕ ਨੂੰ ਦੇ ਦਿੱਤੀ। ਬੀਬਾ ਬਲਵੰਤ ਕੌਰ ਦੇ ਪਿਤਾ ਦੁਰਲੱਭ ਸਿੰਘ ਗਿਆਨੀ, ਊਧਮ ਸਿੰਘ ਦੇ ਸਾਥੀ ਰਹੇ ਸਨ। ਉਸ ਜੀਵਨੀ ਅਨੁਸਾਰ ਗਿਆਨੀ ਊਧਮ ਸਿੰਘ ਦਾ ਜਨਮ ਨਾਭਾ ਰਿਆਸਤ ਦੇ ਪਿੰਡ ਖਣਿਆਣ ਵਿਚ ਪਿਤਾ ਵਜ਼ੀਰ ਸਿੰਘ ਅਤੇ ਮਾਤਾ ਦੌਲਤਾਂ ਦੀ ਕੁੱਖੋਂ 1898 ਦੇ ਨੇੜੇ-ਤੇੜੇ ਹੋਇਆ। ਹੁਣ ਇਹ ਪਿੰਡ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਵਿਚ ਹੈ। ਉਹ ਗੁਜਰ ਬਰਾਦਰੀ ਵਿਚੋਂ ਸੀ। ਪਲੇਗ ਦੀ ਬਿਮਾਰੀ ਕਰਕੇ ਮਾਤਾ-ਪਿਤਾ ਛੋਟੀ ਉਮਰ ਵਿਚ ਹੀ ਸਵਰਗਵਾਸ ਹੋ ਗਏ। ਉਸ ਦੇ ਚਾਚੇ ਗਿਰਦੇ ਨੇ ਦੋਵੇਂ ਭੈਣ-ਭਰਾ ਦਾ ਪਾਲਣ-ਪੋਸ਼ਣ ਕੀਤਾ। 1914 ਵਿਚ ਉਹ ਅੰਗਰੇਜ਼ ਫ਼ੌਜ ਵਿਚ ਭਰਤੀ ਹੋ ਗਏ। ਪਹਿਲੀ ਸੰਸਾਰ ਜੰਗ ਵਿਚ ਹਿੱਸਾ ਲਿਆ ਤੇ ਦੋ ਵਾਰ ਲੜਾਈ ਵਿਚ ਜ਼ਖ਼ਮੀ ਹੋਇਆ। 1920 ਵਿਚ ਫ਼ੌਜ ਦੀ ਨਫਰੀ ਘਟਾਉਣ ਸਮੇਂ ਉਨ੍ਹਾਂ ਨੂੰ ਨੌਕਰੀ 'ਚੋਂ ਵਾਪਸ ਭੇਜ ਦਿੱਤਾ ਗਿਆ। ਦੂਜੇ ਅਧਿਆਇ ਦਾ ਸਿਰਲੇਖ 'ਬਾਬੂ ਸਿੰਘ ਤੋਂ ਊਧਮ ਸਿੰਘ ਅਤੇ ਅਕਾਲੀ ਲਹਿਰ ਵਿਚ ਯੋਗਦਾਨ' ਹੈ। ਫ਼ੌਜ 'ਚੋਂ ਵਾਪਸ ਆ ਕੇ ਖੇਤੀਬਾੜੀ ਕਰਨੀ ਸ਼ੁਰੂ ਕਰ ਦਿੱਤੀ। ਉਸ ਦਾ ਲੁਧਿਆਣਾ ਜ਼ਿਲ੍ਹੇ ਦੇ ਪਾਇਲ ਕਸਬੇ ਦੇ ਨੇੜੇ ਪਿੰਡ ਧਮੋਟ ਦੀ ਨਿਰੰਜਣ ਕੌਰ ਨਾਲ ਵਿਆਹ ਹੋ ਗਿਆ। ਫਿਰ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਉਸਦਾ ਬਚਪਨ ਦਾ ਨਾਮ ਬਾਬੂ ਸਿੰਘ ਸੀ, ਇਸੇ ਨਾਮ ਨਾਲ ਫ਼ੌਜ ਵਿਚ ਭਰਤੀ ਹੋਇਆ ਸੀ, ਅੰਮ੍ਰਿਤ ਛੱਕਣ ਤੋਂ ਬਾਅਦ ਊਧਮ ਸਿੰਘ ਰੱਖਿਆ ਗਿਆ। 1923 ਵਿਚ ਜਦੋਂ ਅੰਗਰੇਜ਼ਾਂ ਨੇ ਮਹਾਰਾਜਾ ਨਾਭਾ ਰਿਪੁਦਮਣ ਸਿੰਘ ਨੂੰ ਗੱਦੀ ਤੋਂ ਹਟਾ ਦਿੱਤਾ, ਤਾਂ ਉਨ੍ਹਾਂ ਮਹਾਰਾਜੇ ਦੇ ਹੱਕ ਵਿਚ ਨਾਭਾ ਵਿਖੇ ਦੀਵਾਨ ਸਜਾਇਆ। ਸਰਕਾਰ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਇਕ ਸਾਲ ਦੀ ਸਜ਼ਾ ਸੁਣਾਈ। 1924 ਵਿਚ ਜੇਲ੍ਹ 'ਚੋਂ ਰਿਹਾਈ ਤੋਂ ਬਾਅਦ ਅੰਮ੍ਰਿਤਸਰ ਜਾ ਕੇ ਗਿਆਨੀ ਅਮੀਰ ਸਿੰਘ ਦੇ ਡੇਰੇ ਵਿਚੋਂ ਗੁਰਬਾਣੀ ਤੇ ਗੁਰਮਤਿ ਦਾ ਗਿਆਨ ਪ੍ਰਾਪਤ ਕੀਤਾ। ਤੀਜਾ ਅਧਿਆਇ 'ਪਾਇਲ ਗੁਰਦੁਆਰਾ ਵਿਚ ਗ੍ਰੰਥੀ ਵਜੋਂ ਸੇਵਾ' ਹੈ। ਇਸ ਅਧਿਆਇ ਵਿਚ ਦੱਸਿਆ ਗਿਆ ਹੈ ਕਿ 1926 ਤੋਂ ਆਪਣੀ ਪਤਨੀ ਦੇ ਪਿੰਡ ਧਮੋਟ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਥੋੜ੍ਹਾ ਸਮਾਂ ਪਾਇਲ ਦੇ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਵਜੋਂ ਸੇਵਾ ਕਰਨ ਲੱਗੇ। 1926 ਵਿਚ ਸੇਵਾ ਸਿੰਘ





-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)

ਠੀਕਰਵਾਲਾ ਨਾਲ ਰਲਕੇ ਪਟਿਆਲਾ ਰਿਆਸਤ ਵਿਚ ਅਕਾਲੀ ਦਲ ਸਥਾਪਤ ਕੀਤਾ, ਜਿਸ ਕਰਕੇ ਉਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਹੋਈ। 1929 ਵਿਚ ਰਿਹਾਈ ਤੋਂ ਬਾਅਦ ਦੁਬਾਰਾ ਪਾਇਲ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਵਜੋਂ ਸੇਵਾ ਸ਼ੁਰੂ ਕੀਤੀ। ਏਥੇ 20 ਰੁਪਏ ਮਹੀਨਾ ਮਿਲਦਾ ਸੀ। 1933 ਤੱਕ ਚਾਰ ਸਾਲ ਇਹ ਸੇਵਾ ਕਰਦੇ ਰਹੇ। ਉਹ 1933 ਵਿਚ ਫ਼ੌਜ ਦੀ ਤੀਜੀ ਇੰਡੀਅਨ ਡਵੀਜ਼ਨਲ ਸਿਗਨਲ ਕੋਰ ਵਿਚ ਮੇਰਠ ਵਿਖੇ ਗ੍ਰੰਥੀ ਨਿਯੁਕਤ ਹੋ ਗਏ। 4 ਅਧਿਆਇ 'ਕਿਰਤੀ ਪਾਰਟੀ ਦਾ ਕੇਂਦਰ ਮੇਰਠ' ਸਿਰਲੇਖ ਵਿਚ ਦੱਸਿਆ ਗਿਆ ਕਿ ਮੇਰਠ ਵਿਚ ਨਿਯੁਕਤੀ ਸਮੇਂ ਉਹ ਸਿਆਸੀ ਸਰਗਰਮੀਆਂ ਵਿਚ ਸ਼ਾਮਲ ਹੁੰਦਾ ਰਿਹਾ। ਉਹ ਰਸਭਿੰਨਾ ਕੀਰਤਨ ਕਰਦਾ ਅਤੇ ਬਹੁਤ ਹੀ ਪ੍ਰਭਾਵਸ਼ਾਲੀ ਭਾਸ਼ਣਕਾਰ ਵੀ ਸੀ। ਪੰਜਵੇਂ ਅਧਿਆਇ 'ਮੇਰਠ ਛਾਉਣੀ ਵਿਚ ਕਿਰਤੀ ਪ੍ਰਚਾਰ' ਸਿਰਲੇਖ ਵਿਚ ਦੱਸਿਆ ਗਿਆ ਕਿ ਗਿਆਨੀ ਊਧਮ ਸਿੰਘ ਮੇਰਠ ਛਾਉਣੀ ਵਿਚ ਕਿਰਤੀ ਪਾਰਟੀ ਦਾ ਪ੍ਰਚਾਰ ਕਰਦਾ ਸੀ ਤੇ ਸ਼ਹਿਨਸ਼ਾਹ ਵਿਰੁੱਧ ਜੰਗ ਛੇੜਨ ਦਾ ਦੋਸ਼ੀ ਪਾਇਆ ਗਿਆ। ਇਸ ਕਰਕੇ ਉਸ ਖਿਲਾਫ਼ ਮੁਕੱਦਮਾ ਕਰਕੇ ਪੁੱਛ-ਪੜਤਾਲ ਕੀਤੀ ਜਾਵੇ। ਇਸ ਦੌਰਾਨ 1940 ਵਿਚ ਉਸ ਦੀ ਪਤਨੀ ਨਿਰੰਜਣ ਕੌਰ ਦੀ ਮੌਤ ਹੋ ਗਈ। ਛੇਵੇਂ ਅਧਿਆਇ 'ਗਿਆਨੀ ਊਧਮ ਸਿੰਘ ਦੀ ਗ੍ਰਿਫ਼ਤਾਰੀ ਅਤੇ ਬੰਦੀ ਜੀਵਨ' ਵਿਚ ਜਾਣਕਾਰੀ ਦਿੱਤੀ ਗਈ ਹੈ ਕਿ ਗਿਆਨੀ ਊਧਮ ਸਿੰਘ ਨੂੰ ਬਗ਼ਾਵਤ ਫੈਲਾਉਣ, ਫ਼ੌਜੀਆਂ ਨੂੰ ਭੜਕਾਉਣ ਦੇ ਦੋਸ਼ ਵਿਚ 22 ਮਾਰਚ, 1941 ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਕਿਲ੍ਹੇ ਵਿਚ ਬੰਦ ਕਰਕੇ ਤਸ਼ੱਦਦ ਕੀਤਾ। ਉਸ ਨੂੰ ਸ਼ਾਹੀ ਕੈਦੀ ਵਜੋਂ ਜੇਲ੍ਹ ਵਿਚ ਰੱਖਿਆ ਗਿਆ ਸੀ। ਇਸ ਅਧਿਆਇ ਵਿਚ ਊਧਮ ਸਿੰਘ ਦੇ ਜੇਲ੍ਹ ਨਿਯਮਾਂ ਦੀ ਪੂਰੀ ਜਾਣਕਾਰੀ ਹੋਣ ਦਾ ਪ੍ਰਮਾਣ ਵੀ ਮਿਲਦਾ ਹੈ। ਬਾਕੀ ਕੈਦੀ 1944 ਵਿਚ ਛੱਡ ਦਿੱਤੇ ਗਏ ਪ੍ਰੰਤੂ ਊਧਮ ਸਿੰਘ ਦੀ ਨਜ਼ਰਬੰਦੀ ਵਧਾ ਦਿੱਤੀ ਗਈ। ਸੱਤਵਾਂ ਅਧਿਆਇ 'ਗਿਆਨੀ ਊਧਮ ਸਿੰਘ ਦੀ ਰਿਹਾਈ ਬਾਰੇ ਅਧਿਕਾਰੀਆਂ ਵਿਚ ਅਸਹਿਮਤੀ' ਵਿਚ ਦੱਸਿਆ ਗਿਆ ਕਿ ਊਧਮ ਸਿੰਘ ਨੂੰ ਰਿਹਾਅ ਕਰਨ ਲਈ ਸਾਰੇ ਅਧਿਕਾਰੀ ਸਹਿਮਤੀ ਨਹੀਂ ਸੀ। ਫਿਰ ਉਸ ਨੂੰ ਲਾਇਲਪੁਰ ਜੇਲ੍ਹ ਭੇਜ ਦਿੱਤਾ ਗਿਆ। ਜੇਲ੍ਹ ਵਿਚ ਉਸ ਨੂੰ ਏ ਸ਼੍ਰੇਣੀ ਦਿੱਤੀ ਗਈ, ਉਸ ਦੀ ਰਿਹਾਈ ਚਾਰ ਸਾਲ ਸਿਕੰਦਰਾਬਾਦ, ਮੀਆਂਵਾਲੀ, ਮੁਜੱਫ਼ਰਗੜ੍ਹ ਅਤੇ ਲਾਇਲਪੁਰ ਜੇਲ੍ਹ ਵਿਚ ਕੈਦ ਰਹਿਣ ਤੋਂ ਬਾਅਦ 23 ਅਪ੍ਰੈਲ, 1945 ਨੂੰ ਹੋਈ। ਅੱਠਵਾਂ ਅਧਿਆਇ 'ਗਿਆਨੀ ਊਧਮ ਸਿੰਘ: ਅੰਤਲਾ ਸਮਾਂ' ਵਿਚ ਦੱਸਿਆ ਗਿਆ ਹੈ ਕਿ ਉਹ ਧਮੋਟ ਆ ਕੇ ਪਿੰਡ ਦੀਆਂ ਲੜਕੀਆਂ ਨੂੰ ਗੁਰਮੁੱਖੀ ਪੜ੍ਹਾਉਣ ਲੱਗ ਗਿਆ। ਉਸ ਦਾ ਵੱਡਾ ਲੜਕਾ ਹਿੰਮਤ ਸਿੰਘ ਫ਼ੌਜ ਵਿਚ ਭਰਤੀ ਹੋ ਗਿਆ, ਅਜੇ ਅਣਵਿਆਹਿਆ ਹੀ ਸੀ ਪ੍ਰੰਤੂ 1959 ਵਿਚ ਇਕ ਦੁਰਘਟਨਾ ਵਿਚ ਸਵਰਗਵਾਸ ਹੋ ਗਿਆ। ਛੋਟਾ ਲੜਕਾ ਸਿਕੰਦਰ ਸਿੰਘ ਬਾਗਬਾਨੀ ਵਿਭਾਗ ਵਿਚ ਨੌਕਰੀ ਕਰਦਾ ਸੀ। 1960 ਵਿਚ ਊਧਮ ਸਿੰਘ ਨੂੰ ਅਧਰੰਗ ਹੋ ਗਿਆ। ਫਿਰ ਉਨ੍ਹਾਂ ਨੂੰ ਉਸ ਦੀ ਭੈਣ ਨੰਦ ਕੌਰ ਆਪਣੇ ਕੋਲ ਕੂਹਲੀ ਕਲਾਂ ਲੈ ਗਈ। 20 ਨਵੰਬਰ, 1964 ਨੂੰ ਉਹ ਸਵਰਗਵਾਸ ਹੋ ਗਏ। ਨੌਵਾਂ ਅਧਿਆਇ 'ਸਾਹਿਤਕਾਰ ਗਿਆਨੀ ਊਧਮ ਸਿੰਘ' ਵਿਚ ਲੇਖਕ ਨੇ ਦੱਸਿਆ ਕਿ ਬੀਬਾ ਬਲਵੰਤ ਕੌਰ ਪੰਧੇਰ ਨੇ ਜਿਹੜੀ ਅਧੂਰੀ ਗਿਆਨੀ ਊਧਮ ਸਿੰਘ ਦੀ ਸਵੈ-ਜੀਵਨੀ ਦਿੱਤੀ ਹੈ, ਉਸ ਤੋਂ ਸਾਬਤ ਹੁੰਦਾ ਹੈ ਕਿ ਉਹ ਕਵੀ ਅਤੇ ਵਾਰਤਕਾਰ ਵੀ ਸਨ। ਦਸਵੇਂ ਅਧਿਆਇ 'ਗਿਆਨੀ ਊਧਮ ਸਿੰਘ ਦੀਆਂ ਯਾਦ-ਨਿਸ਼ਾਨੀਆਂ' ਵਿਚ ਬਾਬਾ ਬਲਵੰਤ ਸਿੰਘ ਸਿਹੋੜੇ ਵਾਲਿਆਂ ਵਲੋਂ ਗਿਆਨੀ ਊਧਮ ਸਿੰਘ ਦੀਆਂ ਬਣਾਈਆਂ ਯਾਦਗਾਰਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿਚ ਕੂਹਲੀ ਕਲਾਂ ਤੋਂ ਸਿਹੋੜਾ ਨੂੰ ਜਾਣ ਵਾਲੀ ਸੜਕ ਉਤੇ ਸ਼ਾਨਦਾਰ ਦਰਵਾਜਾ, ਅਮਲੋਹ ਤੋਂ ਖਣਿਆਣ ਨੂੰ ਜਾਣ ਵਾਲੀ ਸੜਕ ਦਾ ਨਾਮ ਗਿਆਨੀ ਊਧਮ ਸਿੰਘ ਮਾਰਗ, ਅਮਲੋਹ ਵਿਚ ਇਕ ਜਲਾਵਤਨੀ ਦੇਸ਼ ਭਗਤਾਂ ਦੇ ਨਾਵਾਂ ਵਾਲਾ ਬੋਰਡ ਲਗਾਇਆ, ਜਿਸ 'ਤੇ ਊਧਮ ਸਿੰਘ ਦਾ ਨਾਮ ਹੈ ਅਤੇ ਕੂਹਲੀ ਕਲਾਂ ਵਿਖੇ ਹਰ ਸਾਲ ਗਿਆਨੀ ਊਧਮ ਸਿੰਘ ਦੀ ਯਾਦ ਵਿਚ ਦਿਹਾੜਾ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਯਾਦਗਾਰਾਂ ਦੀਆਂ ਰੰਗਦਾਰ ਤਸਵੀਰਾਂ ਵੀ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਬੀਬਾ ਬਲਵੰਤ ਕੌਰ ਪੰਧੇਰ ਰਾਹੀਂ 'ਮਾਤਾ ਗੁਜਰੀ ਸਰਾਇ ਫ਼ਤਿਹਗੜ੍ਹ ਸਾਹਿਬ' ਦੀ ਸੰਚਾਲਿਕਾ ਬੀਬਾ ਮਨਜੀਤ ਕੌਰ ਨਾਲ ਮੇਲ ਹੋਇਆ ਤੇ ਉਨ੍ਹਾਂ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਸਾਰਾ ਖ਼ਰਚਾ ਕੀਤਾ।

80 ਪੰਨਿਆਂ, 160 ਰੁਪਏ ਕੀਮਤ, ਸਚਿਤਰ ਰੰਗਦਾਰ ਮੁੱਖ ਕਵਰ ਤੇ ਤਸਵੀਰਾਂ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।




Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਦਲ ਬਦਲੂ ਅਤੇ ਦਲ ਬਦਲ ਵਿਰੋਧੀ ਕਾਨੂੰਨ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਦੇਸ਼ ਵਿਚ ਦਲ ਬਦਲਣ ਦੀ ਖੇਡ 60 ਸਾਲ ਪੁਰਾਣੀ ਹੈ। ਅਸਲ ਵਿਚ ਦਲ ਬਦਲ 'ਸਿਆਸੀ ਦਿਲ' ਬਦਲਣ ਦੀ ਨਿਵੇਕਲੀ ਖੇਡ ਹੈ। ਇਹ ਕਦੇ ਇੱਕ ਪਾਰਟੀ ਵਿਚ ਆਦਰ-ਮਾਣ-ਸਨਮਾਣ ਨਾ ਮਿਲਣ ਤੋਂ ਨਿਰਾਸ਼ ਹੋਣ ਉਤੇ ਹੁੰਦਾ ਹੈ ਅਤੇ ਕਦੇ "ਮਨ ਦੀ ਅਵਾਜ਼" ਸੁਨਣ 'ਤੇ। ਤਾਕਤ ਦੀ ਹਵਾ ਜਿਸ ਪਾਸੇ ਵੱਲ ਵੱਗਦੀ ਹੈ, ਦਲ ਬਦਲ ਵੀ ਉਸ ਪਾਰਟੀ ਵੱਲ ਵੱਧ ਹੁੰਦਾ ਹੈ। ਭਾਰਤ ਵਿਚ ਇਹ ਕਿਸੇ ਵੇਲੇ ਕਾਂਗਰਸ ਵੱਲ ਵੱਧ ਹੁੰਦਾ ਸੀ, ਹੁਣ ਭਾਜਪਾ ਵੱਲ ਜ਼ਿਆਦਾ ਹੈ।

ਦੇਸ਼ ਦੇ ਚੋਣ ਮਹਾਂਕੁੰਭ ਦਾ ਦ੍ਰਿਸ਼ ਇਸ ਵਰ੍ਹੇ ਨਿਰਾਲਾ ਹੈ। ਥੋਕ ਦੇ ਭਾਅ ਹੋ ਰਿਹਾ ਦਲ ਬਦਲ ਲੋਕਾਂ ਨੂੰ ਹੈਰਾਨ-ਪ੍ਰੇਸ਼ਾਨ ਕਰ ਰਿਹਾ ਹੈ। ਇਕ ਵਿਸ਼ਲੇਸ਼ਣ ਅਨੁਸਾਰ ਸਾਲ 2024 ਦੀਆਂ ਚੋਣਾਂ 'ਚ ਭਾਜਪਾ ਦਾ ਹਰ ਚੌਥਾ ਉਮੀਦਵਾਰ ਦਲ ਬਦਲੂ ਹੈ। ਭਾਜਪਾ ਹੁਣ ਤੱਕ 417 ਉਮੀਦਵਾਰ ਐਲਾਨ ਚੁੱਕੀ ਹੈ। ਇਨ੍ਹਾਂ ਵਿਚੋਂ 116 (28 ਫੀਸਦੀ) ਉਹ ਉਮੀਦਵਾਰ ਹਨ, ਜੋ ਸਿਆਸੀ ਧਿਰ ਬਦਲ ਕੇ ਭਾਜਪਾ ਵੱਲ ਆਏ ਹਨ। ਇਨ੍ਹਾਂ 116 ਵਿਚੋਂ 37 ਕਾਂਗਰਸ ਵਿਚੋਂ ਆਏ ਹਨ।

ਇਸੇ ਤਰ੍ਹਾਂ 2016 ਤੋਂ 2020 ਦੇ ਦੌਰਾਨ ਐੱਮ.ਪੀ. ਅਤੇ ਐੱਮ.ਐੱਲ.ਏ. ਵਿਚੋਂ ਸਿਆਸੀ ਧਿਰਾਂ ਬਦਲਣ ਦੀ ਰਿਪੋਰਟ ਸਾਹਮਣੇ ਆਈ ਸੀ, ਜਿਸ ਅਨੁਸਾਰ 405 ਵਿਧਾਇਕਾਂ ਅਤੇ 16 ਪਾਰਲੀਮੈਂਟ ਦੇ ਮੈਂਬਰਾਂ ਨੇ ਪਾਰਟੀ ਬਦਲੀ ਸੀ। ਦਲ ਬਦਲ ਕਰਨ ਵਾਲੇ 182 ਵਿਧਾਇਕ ਅਤੇ 10 ਐੱਮ.ਪੀ., ਭਾਜਪਾ 'ਚ ਸ਼ਾਮਲ ਹੋਏ।

ਜਦੋਂ ਕਦੇ ਕਾਂਗਰਸ ਦਾ ਸੂਰਜ ਚਮਕਦਾ ਸੀ, ਉਸ ਵੇਲੇ ਕਾਂਗਰਸ ਨੂੰ ਇਸ ਦਾ ਫਾਇਦਾ ਹੋਇਆ। ਸਾਲ 1957 ਤੋਂ 1967 ਦਰਮਿਆਨ 419 ਵਿਧਾਇਕ ਕਾਂਗਰਸ ਵਿਚ ਸ਼ਾਮਲ ਹੋਏ ਸਨ।

ਦਲ ਬਦਲ ਦੇ ਰੌਚਕ ਕਿੱਸਿਆਂ ਦਾ ਵਰਨਣ ਕਰਨਾ ਬਹੁਤ ਹੀ ਜ਼ਰੂਰੀ ਹੈ। ਮਹਾਂਰਾਸ਼ਟਰ ਵਿਚ 7 ਮਾਰਚ, 1978 ਨੂੰ ਬਸੰਤ ਦਾਦਾ ਪਾਟਿਲ ਦੀ ਅਗਵਾਈ 'ਚ ਸਰਕਾਰ ਸੱਤਾ ਵਿਚ ਆਈ। 18 ਜੁਲਾਈ, 1978 ਨੂੰ ਸ਼ਰਦ ਪਵਾਰ (ਦੇਸ਼ ਦੇ ਪ੍ਰਸਿੱਧ ਸਿਆਸੀ ਨੇਤਾ) ਦੁਪਿਹਰ ਵੇਲੇ ਵਿਧਾਨ ਸਭਾ 'ਚ ਪਾਟਿਲ ਸਰਕਾਰ ਦੇ ਹੱਕ 'ਚ ਕਸੀਦੇ ਪੜ੍ਹਦੇ ਨਜ਼ਰ ਆਏ, ਪਰੰਤੂ ਸ਼ਾਮ ਹੁੰਦਿਆਂ ਹੀ ਉਹ ਰਾਜ ਭਵਨ ਪੁੱਜੇ ਅਤੇ ਉਥੇ ਜਾਕੇ ਬਗਾਵਤ ਦੀ ਚਿੱਠੀ ਗਵਰਨਰ ਨੂੰ ਪੇਸ਼ ਕੀਤੀ ਅਤੇ ਫਿਰ ਖੁਦ ਮੁੱਖ ਮੰਤਰੀ ਬਣ ਗਏ।

ਹਰਿਆਣਾ ਵਿਚ ਭਜਨ ਲਾਲ ਨੇ ਸਿਆਸਤ ਕਾਂਗਰਸੀ ਵਜੋਂ ਸ਼ੁਰੂ ਕੀਤੀ, ਪ੍ਰੰਤੂ 1977 ਵਿਚ ਜਨਤਾ ਪਾਰਟੀ 'ਚ ਸ਼ਾਮਲ ਹੋ ਗਏ। ਹਰਿਆਣਾ ਦੀ ਦੇਵੀ ਲਾਲ ਸਰਕਾਰ ਵਿਚ ਉਹ ਮੰਤਰੀ ਬਣ ਗਏ। ਸਾਲ 1980 ਵਿਚ ਇੰਦਰਾ ਗਾਂਧੀ ਦੀ ਕੇਂਦਰ 'ਚ ਸੱਤਾ ਵਾਪਸੀ ਸਮੇਂ ਉਹ ਪੂਰੇ ਮੰਤਰੀ ਮੰਡਲ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਗਏ। (ਕੀ ਇਹ ਹਿਰਦੇ ਪ੍ਰੀਵਰਤਨ ਸੀ ਜਾਂ ਗੱਦੀ ਦੀ ਭੁੱਖ ?)

ਦਲ ਬਦਲ ਕਰਨ ਵਾਲਿਆਂ ਲਈ ਅਕਸਰ "ਆਇਆ ਰਾਮ, ਗਿਆ ਰਾਮ" ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ "ਗਿਆ ਰਾਮ" ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿਚ ਐੱਮ.ਐੱਲ.ਏ. ਸਨ, ਉਨ੍ਹਾਂ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿਚ 16 ਆਜ਼ਾਦ ਐੱਮ.ਐੱਲ.ਏ. ਚੁਣੇ ਗਏ, ਇਨ੍ਹਾਂ ਵਿਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤਕੇ ਕਾਂਗਰਸ 'ਚ ਸ਼ਾਮਲ ਹੋ ਗਿਆ। ਜਦ ਕਾਂਗਰਸ ਨੇ 48 ਸੀਟਾਂ ਲੈ ਕੇ ਵਜ਼ਾਰਤ ਬਣਾਈ, ਪਰ ਇਹ ਵਜ਼ਾਰਤ 10 ਦਿਨਾਂ ਬਾਅਦ ਹੀ ਡਿੱਗ ਪਈ। ਗਿਆ ਰਾਮ ਨੇ 12 ਵਿਧਾਇਕਾਂ ਨਾਲ ਰਲ ਕੇ ਪਾਰਟੀ ਛੱਡ ਦਿੱਤੀ ਅਤੇ ਯੂਨਾਈਟਿਡ ਫਰੰਟ 'ਚ ਸ਼ਾਮਲ ਹੋ ਗਏ। ਫਿਰ ਕੁਝ ਘੰਟਿਆਂ 'ਚ ਹੀ ਗਿਆ ਰਾਮ ਦਾ ਮਨ ਬਦਲ ਗਿਆ ਤੇ ਉਹ ਕਾਂਗਰਸ ਵਿਚ ਆ ਗਏ। ਪਰ ਕਾਂਗਰਸ ਵਿਚ ਉਹ ਸਿਰਫ਼ 9 ਘੰਟੇ ਟਿਕੇ ਅਤੇ ਕਾਂਗਰਸ ਛੱਡਕੇ ਮੁੜ ਯੂਨਾਈਟਿਡ ਫਰੰਟ 'ਚ ਚਲੇ ਗਏ। ਕਮਾਲ ਦੀ ਗੱਲ ਤਾਂ ਇਹ ਕਿ ਉਨ੍ਹਾਂ ਨੇ ਇੱਕ ਦਿਨ ਵਿਚ ਤਿੰਨ ਵਾਰ ਦਲ ਬਦਲਣ ਦਾ ਤਮਾਸ਼ਾ ਕੀਤਾ। ਕੁਝ ਦਿਨਾਂ ਬਾਅਦ ਫਿਰ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ। ਕਾਂਗਰਸ ਵਾਪਸੀ ਤੋਂ ਬਾਅਦ ਮੌਕੇ ਦੇ ਪ੍ਰਭਾਵਸ਼ਾਲੀ ਨੇਤਾ ਰਾਓ ਬਰੇਂਦਰ ਸਿੰਘ ਨੇ ਉਨ੍ਹਾਂ ਨੂੰ ਪ੍ਰੈੱਸ ਕਾਨਫਰੰਸ 'ਚ ਪੇਸ਼ ਕੀਤਾ ਤੇ ਕਿਹਾ "ਗਿਆ ਰਾਮ ਹੁਣ ਆਇਆ ਰਾਮ ਹੈ" ਇਸ ਤੋਂ ਬਾਅਦ ਭਾਰਤੀ ਸਿਆਸਤ ਵਿਚ ਦਲ ਬਦਲੂਆਂ ਦੇ ਲਈ "ਆਇਆ ਰਾਮ ਗਿਆ ਰਾਮ" ਦਾ ਮੁਹਾਵਰਾ ਬਣ ਗਿਆ।

> ਦਲ ਬਦਲ ਕਰਨ ਵਾਲਿਆਂ ਲਈ ਅਕਸਰ ''ਆਇਆ ਰਾਮ, ਗਿਆ ਰਾਮ'' ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਅਸਲ 'ਚ ''ਗਿਆ ਰਾਮ'' ਹਰਿਆਣਾ ਦੇ ਹਸਨਪੁਰ ਵਿਧਾਨ ਸਭਾ ਖੇਤਰ (ਹੁਣ ਹੋਡਲ) ਵਿਚ ਐੱਮ.ਐੱਲ.ਏ. ਸਨ, ਉਨ੍ਹਾਂ ਦੇ ਚੋਣ ਜਿੱਤਣ ਤੋਂ ਬਾਅਦ 15 ਦਿਨਾਂ 'ਚ ਚਾਰ ਵੇਰ ਆਪਣਾ ਦਲ ਬਦਲਿਆ। 1967 ਵਿਚ ਪਹਿਲੀ ਵੇਰ ਹਰਿਆਣਾ ਵਿਧਾਨ ਸਭਾ ਚੋਣਾਂ ਹੋਈਆਂ। ਇਸ ਵਿਚ 16 ਆਜ਼ਾਦ ਐੱਮ.ਐੱਲ.ਏ. ਚੁਣੇ ਗਏ, ਇਨ੍ਹਾਂ ਵਿਚ ਗਿਆ ਰਾਮ ਇੱਕ ਸੀ। ਉਹ ਕਾਂਗਰਸ ਤੋਂ ਟਿਕਟ ਨਾ ਮਿਲਣ ਕਾਰਨ ਬਾਗੀ ਹੋ ਗਿਆ ਸੀ। ਪਰ ਫਿਰ ਚੋਣ ਜਿੱਤਕੇ ਕਾਂਗਰਸ 'ਚ ਸ਼ਾਮਲ ਹੋ ਗਿਆ।



ਸਾਲ 2014 ਤੋਂ ਹੁਣ ਤੱਕ ਕਾਂਗਰਸ ਦੇ 50 ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਨੇਤਾ ਜਿਨ੍ਹਾਂ ਵਿਚ 15 ਮੁੱਖ ਮੰਤਰੀ, ਇੰਨੇ ਹੀ ਕੇਂਦਰੀ ਮੰਤਰੀ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਜਾਂ ਅਹੁਦੇਦਾਰ, ਜਾਂ ਤਾਂ ਕਿਸੇ ਹੋਰ ਪਾਰਟੀ ਵਿਚ ਜਾ ਚੁੱਕੇ ਹਨ ਜਾਂ ਨਵੀਂ ਪਾਰਟੀ ਬਣਾ ਚੁੱਕੇ ਹਨ। ਇਨ੍ਹਾਂ ਵਿਚ ਐੱਸ.ਐੱਮ. ਕ੍ਰਿਸ਼ਨਨ, ਗੁਲਾਮ ਨਬੀ ਆਜ਼ਾਦ, ਕੈਪਟਨ ਅਮਰਿੰਦਰ ਸਿੰਘ, ਨਰਾਇਣ ਦੱਤ ਤਿਵਾੜੀ (ਸਵ:) ਅਸ਼ੋਕ ਚੌਹਾਨ, ਪੇਮਾ ਖਾਡੂੰ, ਕਿਰਣ ਰੈਡੀ, ਵਿਜੈ ਬਹੁਗੁਣਾ, ਦਿਗੰਬਰ ਕਾਮਤ, ਰਵੀ ਨਾਇਕ, ਨਰਾਇਣ ਰਾਏ, ਮੁਕੁਲ ਸੰਗਮਾ ਸ਼ਾਮਲ ਹਨ। ਇਨ੍ਹਾਂ ਵਿਚੋਂ ਗੁਲਾਮ ਨਬੀ ਆਜ਼ਾਦ ਨੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ ਅਤੇ ਫਿਰ ਨਵੀਂ ਪਾਰਟੀ "ਡੈਮੋਕਰੇਟਿਕ ਪ੍ਰੋਗਰੈਸਿਵ ਆਜ਼ਾਦ ਪਾਰਟੀ" ਦਾ ਗਠਨ ਕੀਤਾ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਪੂਰਾ ਪਰਿਵਾਰ, ਪਿਛਲੇ ਸੌ ਸਾਲ ਤੋਂ ਕਾਂਗਰਸ ਨਾਲ ਜੁੜਿਆ ਕਾਂਗਰਸੀ ਨੇਤਾ ਗੁਰਬੰਤਾ ਸਿੰਘ ਦਾ ਚੌਧਰੀ ਪਰਿਵਾਰ, ਧੁਰੰਤਰ ਕਾਂਗਰਸੀ ਨੇਤਾ ਬਲਰਾਮ ਜਾਖੜ ਦਾ ਪੁੱਤਰ ਸੁਨੀਲ ਜਾਖੜ, (ਜੋ ਸੂਬਾ ਕਾਂਗਰਸ ਦਾ ਪ੍ਰਧਾਨ ਰਿਹਾ) ਅਨੇਕਾਂ ਮੈਂਬਰ ਪਾਰਲੀਮੈਂਟ ਸਮੇਤ ਪੰਜਾਬ ਦੇ ਧੱਕੜ ਕਾਂਗਰਸੀ ਨੇਤਾ ਬੇਅੰਤ ਸਿੰਘ ਤਤਕਾਲੀ ਮੁੱਖ ਮੰਤਰੀ ਦਾ ਪੋਤਾ ਰਵਨੀਤ ਬਿੱਟੂ ਵੀ ਇਸ ਲਿਸਟ ਵਿਚ ਸ਼ਾਮਲ ਹਨ।

ਦੇਸ਼ ਦੇ ਹੋਰ ਸੂਬਿਆਂ ਨਾਲੋਂ ਵੱਧ ਹਰਿਆਣਾ ਦਲ ਬਦਲੂਆਂ ਦਾ ਕੇਂਦਰ ਰਿਹਾ ਹੈ। ਸਾਲ 1967 ਤੋਂ 1983 ਦੇ ਵਿਚਕਾਰ ਸੂਬੇ ਵਿਚ 2700 ਤੋਂ ਵੀ ਜ਼ਿਆਦਾ ਵਾਰ ਦਲ ਬਦਲ ਹੋਇਆ। ਅਨੇਕਾਂ ਦਲ ਬਦਲੂ ਮੁੱਖ ਮੰਤਰੀ ਦੀ ਕੁਰਸੀ ਤੱਕ ਪਹੁੰਚੇ।

ਹਰਿਆਣਾ ਵਿਚ ਇੰਨੇ ਵੱਡੇ ਪੈਮਾਨੇ 'ਤੇ ਦਲ ਬਦਲ ਨੇ ਇਸ ਸਬੰਧ ਵਿਚ ਕਿਸੇ ਕਾਨੂੰਨ ਦੀ ਲੋੜ ਮਹਿਸੂਸ ਕੀਤੀ ਅਤੇ ਅਖ਼ੀਰ ਕਾਫ਼ੀ ਕੋਸ਼ਿਸ਼ਾਂ ਬਾਅਦ ਸਾਲ 1985 ਵਿਚ 52ਵੀਂ ਸੰਵਾਧਾਨਿਕ ਸੋਧ ਨਾਲ ਦਲ ਬਦਲੀ ਕਾਨੂੰਨ ਲਾਗੂ ਹੋ ਗਿਆ। ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ (ਸਪੁੱਤਰ ਇੰਦਰਾ ਗਾਂਧੀ) ਸਨ, ਜੋ 400 ਪਾਰਲੀਮੈਂਟਾਂ ਸੀਟਾਂ ਜਿੱਤ ਗਏ ਸਨ। ਇਸ ਗੱਲ ਦਾ ਖ਼ਦਸ਼ਾ ਪਾਲੀ ਬੈਠੇ ਸਨ ਕਿ ਉਨ੍ਹਾਂ ਦੀ ਪਾਰਟੀ 'ਚ ਭੰਨ-ਤੋੜ ਨਾ ਹੋ ਜਾਏ। ਇਸੇ ਕਰਕੇ ਉਨ੍ਹਾਂ ਨੇ ਦਲ ਬਦਲ ਰੋਕੂ ਕਾਨੂੰਨ ਬਣਾਉਣ ਲਈ ਤੇਜ਼ੀ ਵਰਤੀ।

1985 ਦੇ ਇਸ ਕਾਨੂੰਨ ਵਿਚ ਪ੍ਰਾਵਾਧਾਨ ਕੀਤਾ ਗਿਆ ਕਿ ਜੇਕਰ ਕੋਈ ਐੱਮ.ਐੱਲ.ਏ., ਐੱਮ.ਪੀ., ਆਪਣੀ ਪਾਰਟੀ ਛੱਡਕੇ ਕਿਸੇ ਹੋਰ ਪਾਰਟੀ 'ਚ ਸ਼ਾਮਲ ਹੁੰਦਾ ਹੈ, ਤਾਂ ਉਸਦੀ ਸਦਨ ਵਿਚ ਮੈਂਬਰੀ ਖ਼ਤਮ ਹੋ ਜਾਏਗੀ। ਪਰ ਜੇਕਰ ਉਸ ਪਾਰਟੀ ਦੇ ਇੱਕ ਤਿਹਾਈ ਮੈਂਬਰ ਵੱਖਰਾ ਗੁੱਟ ਬਣਾਕੇ ਪਾਰਟੀ ਛੱਡਦੇ ਹਨ, ਤਾਂ ਇਹ ਕਾਨੂੰਨ ਲਾਗੂ ਨਹੀਂ ਹੋਏਗਾ।

ਸਾਲ 2003 ਵਿਚ ਇਸ ਕਾਨੂੰਨ 'ਚ ਸੋਧ ਕਰ ਦਿੱਤੀ ਗਈ, ਜਿਸ ਅਨੁਸਾਰ ਇਹ ਗਿਣਤੀ ਦੋ ਤਿਹਾਈ ਕਰ ਦਿੱਤੀ ਗਈ। ਜਿਸ ਨਾਲ ਇਸ ਕਾਨੂੰਨ ਦੀ ਪ੍ਰਸੰਗਕਿਤਾ ਬਹੁਤ ਘੱਟ ਗਈ ਹੈ। ਹੁਣ ਨੇਤਾ, ਸਦਨ ਵਿਚੋਂ ਆਪਣੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੰਦੇ ਹਨ, ਦੂਜੀ ਪਾਰਟੀ ਵਿਚ ਨਹੀਂ ਜਾਂਦੇ, ਸਗੋਂ ਸਾਂਝੇ ਤੌਰ 'ਤੇ ਅਸਤੀਫ਼ਾ ਦੇ ਕੇ ਉਸ ਪਾਰਟੀ ਦਾ ਸਦਨ ਵਿਚੋਂ ਬਹੁਮਤ ਨੂੰ ਖ਼ਤਮ ਕਰ ਦਿੰਦੇ ਹਨ। ਸਾਲ 2018 'ਚ ਮੱਧ ਪ੍ਰਦੇਸ਼ ਵਿਚ ਵੀ ਇੰਜ ਹੀ ਵਾਪਰਿਆ।

2018 ਵਿਚ ਮੱਧ ਪ੍ਰਦੇਸ਼ ਦੇਸ਼ 'ਚ ਕਮਲ ਨਾਥ ਨੇ 114 ਸੀਟਾਂ ਜਿੱਤਕੇ ਸਰਕਾਰ ਬਣਾਈ। ਭਾਜਪਾ ਨੂੰ 109 ਸੀਟਾਂ ਮਿਲੀਆਂ। ਕਾਂਗਰਸ ਦੇ 22 ਵਿਧਾਇਕਾਂ ਨੇ ਅਸਤੀਫ਼ਾ ਦੇ ਦਿੱਤਾ। ਕਾਂਗਰਸ ਵਜ਼ਾਰਤ ਘੱਟ ਗਿਣਤੀ 'ਚ ਰਹਿ ਗਈ। ਭਾਜਪਾ ਦੀਆਂ ਸੀਟਾਂ ਕਾਂਗਰਸ ਨਾਲੋਂ ਵਧ ਗਈਆਂ। ਭਾਜਪਾ ਦੇ ਸ਼ਿਵਰਾਜ ਸਿੰਘ ਚੌਹਾਨ ਨੂੰ ਸਰਕਾਰ ਬਨਾਉਣ ਦਾ ਮੌਕਾ ਮਿਲ ਗਿਆ। ਫਿਰ ਅਸਤੀਫਾ ਦੇ ਚੁੱਕੇ 22 ਕਾਂਗਰਸੀ ਵਿਧਾਇਕਾਂ ਨੇ ਭਾਜਪਾ ਵਲੋਂ ਚੋਣ ਲੜੀ ਤੇ ਮੁੜ ਭਾਜਪਾ ਦੇ ਵਿਧਾਇਕ ਵਜੋਂ ਜਿੱਤਕੇ ਸਦਨ 'ਚ ਆ ਗਏ।

ਇਸੇ ਸਾਲ ਕਰਨਾਟਕ 'ਚ 224 ਮੈਂਬਰੀ ਸਦਨ ਵਿਚੋਂ ਕਾਂਗਰਸ 80, ਜਨਤਾ ਦਲ (ਸ) 37 ਅਤੇ ਭਾਜਪਾ ਨੇ 104 ਸੀਟਾਂ ਜਿੱਤੀਆਂ। ਕਾਂਗਰਸ ਤੇ ਜਨਤਾ ਦਲ (ਸ) ਦੇ ਗੱਠਜੋੜ ਨੇ ਸਰਕਾਰ ਬਣਾਈ। ਕੁਝ ਮਹੀਨਿਆਂ ਬਾਅਦ ਕਾਂਗਰਸ ਦੇ 13 ਅਤੇ ਜਨਤਾ ਦਲ ਦੇ 4 ਵਿਧਾਇਕ ਅਸਤੀਫ਼ਾ ਦੇ ਗਏ, ਵਜ਼ਾਰਤ ਟੁੱਟ ਗਈ। ਭਾਜਪਾ ਨੇ ਮੁੜ ਕੁਝ ਆਜ਼ਾਦ ਮੈਂਬਰਾਂ ਦੀ ਸਹਾਇਤਾ ਨਾਲ ਵਜ਼ਾਰਤ ਬਣਾ ਲਈ।

ਇਹ ਦਲ ਬਦਲੀ ਵਿਰੋਧੀ ਕਾਨੂੰਨ ਦੀ ਦੁਰਵਰਤੋਂ ਦੀਆਂ ਉਦਾਹਰਨਾਂ ਹਨ। ਦਲ ਬਦਲੀ ਵਿਰੋਧੀ ਕਾਨੂੰਨ ਤਾਂ ਇਸ ਕਰਕੇ ਲਿਆਂਦਾ ਗਿਆ ਸੀ ਕਿ ਭਾਰਤੀ ਲੋਕਤੰਤਰ ਮਜ਼ਬੂਤ ਹੋਵੇ ਤੇ ਕੁਝ ਸਵਾਰਥੀ ਲੋਕ ਲੋਕਤੰਤਰ ਦਾ ਮਜ਼ਾਕ ਨਾ ਬਣਾ ਦੇਣ ਜਿਵੇਂ ਕਿ ਹਕੂਮਤ ਪ੍ਰਾਪਤੀ ਲਈ ਇਸ ਸਮੇਂ ਵੀ ਹੋ ਰਿਹਾ ਹੈ। ਲੋਕਤੰਤਰਿਕ ਪ੍ਰਕਿਰਿਆ ਵਿਚ ਤਾਂ ਸਿਆਸੀ ਦਲਾਂ ਦੀ ਭੂਮਿਕਾ ਅਹਿਮ ਹੁੰਦੀ ਹੈ, ਉਹ ਸਿਧਾਂਤਕ ਤੌਰ 'ਤੇ, ਸਮੂਹਿਕ ਰੂਪ ਵਿਚ ਲੋਕ-ਹਿੱਤ ਵਿਚ ਫ਼ੈਸਲੇ ਲੈ ਕੇ ਲਾਗੂ ਕਰਨ ਲਈ ਜਾਣੇ ਜਾਂਦੇ ਹਨ।

ਪਰੰਤੂ ਆਜ਼ਾਦੀ ਦੇ ਕੁਝ ਸਾਲਾਂ ਬਾਅਦ ਹੀ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਸਿਆਸੀ ਦਲ ਲੋਕਾਂ ਦੇ ਵੋਟਾਂ 'ਚ ਦਿੱਤੇ ਫ਼ੈਸਲੇ ਦੀ ਅਣਦੇਖੀ ਕਰਨ ਲੱਗ ਪਏ ਸਨ ਅਤੇ ਵਿਧਾਇਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਜੋੜ-ਤੋੜ ਕਰਕੇ ਸਰਕਾਰਾਂ ਡੇਗਣ ਦੇ ਰਾਹ ਪੈ ਗਏ। ਕਾਂਗਰਸ ਰਾਜ ਵੇਲੇ ਇਹ ਵਰਤਾਰਾ ਸ਼ੁਰੂ ਹੋਇਆ, ਜੋ ਕਿ ਹੁਣ ਚਰਮ ਸੀਮਾਂ 'ਤੇ ਹੈ।

ਜਨਤਾ ਦਾ, ਜਨਤਾ ਲਈ ਅਤੇ ਜਨਤਾ ਰਾਹੀਂ ਸ਼ਾਸਨ ਹੀ ਲੋਕਤੰਤਰ ਹੈ। ਲੋਕਤੰਤਰ ਵਿਚ ਜਨਤਾ ਹੀ ਸੱਤਾਧਾਰੀ ਹੁੰਦੀ ਹੈ, ਉਸਦੀ ਪ੍ਰਵਾਨਗੀ ਨਾਲ ਹੀ ਸ਼ਾਸਨ ਚੱਲਦਾ ਹੈ। ਪਰ ਪਾਰਟੀਆਂ ਵਲੋਂ ਦਲ ਬਦਲੂਆਂ ਦੀ ਮਦਦ ਨਾਲ ਇਸ ਤੱਥ ਨੂੰ ਜਿਵੇਂ ਹੁਣ ਸਮੇਟ ਹੀ ਦਿੱਤਾ ਗਿਆ ਹੈ। ਹੁਣ ਸਥਿਤੀ ਤਾਂ ਇਹ ਹੈ ਕਿ ਸਿਆਸੀ ਦਲਾਂ 'ਚ ਨੇਤਾਵਾਂ ਦਾ ਸਖ਼ਸ਼ੀ ਉਭਾਰ ਅਤੇ ਪਰਿਵਾਰਵਾਦ ਭਾਰੂ ਹੋ ਗਿਆ ਹੈ।

ਪਾਰਟੀਆਂ ਵਿਚ ਉਪਰਲੇ ਦੋ ਚਾਰ ਨੇਤਾ ਹੀ ਪ੍ਰਭਾਵੀ ਰਹਿੰਦੇ ਹਨ। ਸਿਆਸੀ ਦਲ ਲੋਕਤੰਤਰਿਕ ਢੰਗ ਨਾਲ ਨਹੀਂ ਚੱਲ ਰਹੇ। ਨਾ ਹੀ ਪਾਰਟੀਆਂ 'ਚ ਲੋਕ ਮਸਲਿਆਂ ਬਾਰੇ ਗੰਭੀਰ ਚਰਚਾ ਹੁੰਦੀ ਹੈ। ਕਹਿਣ ਨੂੰ ਤਾਂ ਦੇਸ਼ ਵਿਚ ਸਿਆਸੀ ਲੋਕ, ਲੋਕ ਸੇਵਾ ਦੀ ਗੱਲ ਕਰਦੇ ਹਨ ਪਰ ਇਸ ਸਮੇਂ ਉਨ੍ਹਾਂ ਦੇ ਨਿੱਜੀ ਹਿੱਤ ਭਾਰੂ ਪਏ ਵਿਖਾਈ ਦਿੰਦੇ ਹਨ। ਇਸ ਲਈ ਉਨ੍ਹਾਂ ਦਾ ਇੱਕ ਦਲ ਛੱਡਕੇ ਦੂਜੇ ਦਲ ਵਿਚ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਰਹੀ। ਦਲ ਬਦਲ ਦਾ ਮੂਲ ਕਾਰਨ ਕੇਵਲ ਸੱਤਾ ਪ੍ਰਾਪਤੀ, ਅਹੁਦੇ ਦੀ ਭੁੱਖ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਸਿਧਾਂਤ ਜਾਂ ਨੀਤੀ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਹੀ ਨਹੀਂ ਰਿਹਾ। ਦਲ ਬਦਲ ਨੇ ਜਿਸ ਢੰਗ ਨਾਲ ਸਿਆਸੀ ਕਦਰਾਂ-ਕੀਮਤਾਂ ਅਤੇ ਲੋਕਤੰਤਰ ਨੂੰ ਢਾਅ ਲਾਈ ਹੈ, ਉਸ ਨਾਲ ਲੋਕਾਂ ਦਾ ਸਿਆਸਤਦਾਨਾਂ 'ਚ ਵਿਸ਼ਵਾਸ ਗੁਆਚ ਗਿਆ ਹੈ।


ਹੁਣ ਵਾਲਾ ਦਲ ਬਦਲ ਰੋਕੂ ਕਾਨੂੰਨ ਕੀ ਹੋਰ ਵੀ ਕੋਈ ਦਲ ਬਦਲ ਰੋਕੂ ਕਾਨੂੰਨ, ਉਦੋਂ ਤੱਕ ਸਾਰਥਿਕ ਨਹੀਂ ਹੋਏਗਾ, ਜਦੋਂ ਤੱਕ ਦੇਸ਼ ਦੇ ਨੇਤਾਵਾਂ ਅਤੇ ਸਿਆਸੀ ਪਾਰਟੀਆਂ ਦੀ ਸੋਚ, ਭਾਰਤੀ ਸੰਵਿਧਾਨ ਅਨੁਸਾਰ ਕੰਮ ਕਰਨ ਲਈ ਆਪਣੀ ਵਚਨਬੱਧਤਾ ਨਹੀਂ ਦਰਸਾਉਂਦੀ।


# ਡਾ. ਗੁਰਦੇਵ ਸਿੰਘ ਸਿੱਧੂ ਦੀ ਸੰਪਾਦਿਤ ਪੁਸਤਕ ਗਿਆਨੀ ਗੁਰਦਿੱਤ ਸਿੰਘ 'ਦਲੇਰ' ਸੁਤੰਤਰਤਾ ਸੰਗਰਾਮੀ ਦੀ ਕਹਾਣੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਡਾ. ਗੁਰਦੇਵ ਸਿੰਘ ਸਿੱਧੂ ਅਣਗੌਲੇ ਆਜ਼ਾਦੀ ਘੁਲਾਟੀਆਂ ਦੀਆਂ ਜੀਵਨੀਆਂ ਲਿਖਣ ਦੇ ਮਾਹਿਰ ਵਿਦਵਾਨ ਤੇ ਇਤਿਹਾਸਕਾਰ ਗਿਣੇ ਜਾਂਦੇ ਹਨ। ਜਾਣੇ-ਪਛਾਣੇ ਅਤੇ ਸਮਾਜ ਵਿਚ ਚਰਚਿਤ ਆਜ਼ਾਦੀ ਘੁਲਾਟੀਆਂ ਬਾਰੇ ਤਾਂ ਹਰ ਕੋਈ ਵਿਦਵਾਨ ਲਿਖਣ ਦਾ ਮਾਣ ਮਹਿਸੂਸ ਕਰਦਾ ਹੈ ਕਿਉਂਕਿ ਉਨ੍ਹਾਂ ਬਾਰੇ ਮੈਟਰ ਸੌਖਾ ਮਿਲ ਜਾਂਦਾ ਹੈ ਪ੍ਰੰਤੂ ਅਣਗੌਲੇ ਆਜ਼ਾਦੀ ਘੁਲਾਟੀਆਂ ਬਾਰੇ ਖੋਜ ਕਰਨ ਦਾ ਕੋਈ ਕਸ਼ਟ ਨਹੀਂ ਕਰਨਾ ਚਾਹੁੰਦਾ। ਅਣਗੌਲੇ ਆਜ਼ਾਦੀ ਘੁਲਾਟੀਆਂ ਦੀ ਖੋਜ ਕਰਕੇ ਉਨ੍ਹਾਂ ਬਾਰੇ ਲਿਖਣ ਦਾ ਸਿਹਰਾ ਡਾ. ਗੁਰਦੇਵ ਸਿੰਘ ਸਿੱਧੂ ਨੂੰ ਹੀ ਜਾਂਦਾ ਹੈ। ਉਸੇ ਲੜੀ ਵਿਚ ਉਨ੍ਹਾਂ 'ਅਣਗੌਲਿਆ ਆਜ਼ਾਦੀ ਘੁਲਾਟੀਆ ਗਿਆਨੀ ਗੁਰਦਿੱਤ ਸਿੰਘ ਦਲੇਰ' ਦੀ ਜੀਵਨੀ ਸੰਪਾਦਿਤ ਕੀਤੀ ਹੈ। ਜਦੋਂ ਗਿਆਨੀ ਗੁਰਦਿੱਤ ਸਿੰਘ 'ਦਲੇਰ' ਦੇ ਪੋਤਰੇ ਨਾਜ਼ਰ ਸਿੰਘ ਤੇ ਬਚਿੱਤਰ ਸਿੰਘ ਡਾ. ਗੁਰਦੇਵ ਸਿੰਘ ਸਿੱਧੂ ਕੋਲ ਗਿਆਨੀ ਜੀ ਦੀ ਜੀਵਨੀ ਲਿਖਣ ਬਾਰੇ ਬੇਨਤੀ ਕਰਨ ਆਏ, ਤਾਂ ਡਾ. ਗੁਰਦੇਵ ਸਿੰਘ ਸਿੱਧੂ ਨੂੰ ਉਨ੍ਹਾਂ ਦੀ ਗੱਲਾਂ ਸੁਣਨ ਤੋਂ ਬਾਅਦ ਸੰਤੁਸ਼ਟੀ ਨਾ ਹੋਈ। ਫਿਰ ਉਨ੍ਹਾਂ ਨੇ ਪੰਜਾਬ ਸਟੇਟ ਪੁਰਾਤਤਵ ਵਿਭਾਗ ਵਿਚ ਜਾ ਕੇ ਬੱਬਰ ਅਕਾਲੀਆਂ ਦਾ ਰਿਕਾਰਡ ਖੰਗਾਲਿਆ ਅਤੇ ਲੋੜੀਂਦੀ ਜਾਣਕਾਰੀ ਇਕੱਤਰ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸ. ਦਵਿੰਦਰਪਾਲ ਸਿੰਘ ਸੰਸਥਾਪਕ, ਪੰਜਾਬ ਡਿਜ਼ੀਟਲ ਲਾਇਬ੍ਰੇਰੀ ਚੰਡੀਗੜ੍ਹ ਦੇ ਰਿਕਾਰਡ ਤੋਂ ਵੀ ਤੱਥ ਪ੍ਰਾਪਤ ਕੀਤੇ। ਡਾ. ਗੁਰਦੇਵ ਸਿੰਘ ਨੇ ਖੋਜ ਕਰਕੇ ਤੱਥਾਂ ਦੀ ਸਾਰਥਿਕਤਾ ਜਾਨਣ ਤੋਂ ਬਾਅਦ ਹੀ ਪੁਸਤਕ ਸੰਪਾਦਤ ਕਰਨ ਦਾ ਫ਼ੈਸਲਾ ਕੀਤਾ। ਪੁਰਾਤਤਵ ਵਿਭਾਗ ਦੇ ਰਿਕਾਰਡ ਨੂੰ ਸੰਪਾਦਕ ਨੇ ਅੰਤਿਕਾ ਵਿਚ ਹੂਬਹੂ ਦਿੱਤਾ ਹੈ, ਤਾਂ ਜੋ ਪਾਠਕਾਂ ਅਤੇ ਖੋਜਾਰਥੀਆਂ ਦੇ ਕੰਮ ਆ ਸਕੇ। ਇਤਿਹਾਸ ਦੀ ਸਾਰਥਿਕਤਾ ਲਈ ਸਬੂਤਾਂ ਦਾ ਹੋਣਾ ਜ਼ਰੂਰੀ ਹੁੰਦਾ ਹੈ। ਇਹ ਖ਼ੂਬੀ ਡਾ. ਗੁਰਦੇਵ ਸਿੰਘ ਸਿੱਧੂ ਵਿਚ ਹੈ। ਇਸ ਪੁਸਤਕ ਨੂੰ ਉਸ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਜੀਵਨ ਕਹਾਣੀ ਗਿਆਨੀ ਗੁਰਦਿੱਤ ਸਿੰਘ 'ਦਲੇਰ', ਦੂਜੇ ਭਾਗ ਵਿਚ ਆਪਣੇ ਪਰਿਵਾਰ ਨੂੰ ਲਿਖੇ ਗਏ ਖਤ ਅਤੇ ਤੀਜੇ ਭਾਗ ਵਿਚ ਅੰਤਿਕਾ ਹੈ। ਗਿਆਨੀ ਗੁਰਦਿੱਤ ਸਿੰਘ ਦਲੇਰ ਦਾ ਜਨਮ ਪਿੰਡ ਮੰਢਾਲੀ ਵਿਚ 2 ਜੁਲਾਈ, 1903 ਨੂੰ ਮਾਤਾ ਰਲੀ ਅਤੇ ਪਿਤਾ ਮੰਗਲ ਸਿੰਘ ਦੇ ਗ੍ਰਹਿ ਵਿਖੇ ਹੋਇਆ। ਇਹ ਪਿੰਡ ਉਦੋਂ ਜਲੰਧਰ ਜ਼ਿਲ੍ਹੇ ਤੇ ਹੁਣ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਸਥਿਤ ਹੈ। ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਤੱਕ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਫਿਰ 1918 ਵਿਚ ਫ਼ੌਜ ਵਿਚ ਭਰਤੀ ਹੋ ਗਿਆ। ਫ਼ੌਜ ਵਿਚ ਨੌਕਰੀ ਸਮੇਂ ਵੀ ਉਹ ਫ਼ੌਜੀਆਂ ਦੀਆਂ ਸਹੂਲਤਾਂ ਲਈ ਜੱਦੋ-ਜਹਿਦ ਕਰਦਾ ਰਿਹਾ। ਫ਼ੌਜ ਦੇ ਗੁਰਦੁਆਰਾ ਸਾਹਿਬ ਵਿਚ ਸਿੱਖ ਪ੍ਰੰਪਰਾਵਾਂ ਅਤੇ ਰਹਿਤ ਮਰਿਆਦਾ ਲਈ ਉਦਮ ਕਰਦਾ ਰਿਹਾ। ਫ਼ੌਜ ਵਿਚ ਨੌਕਰੀ ਕਰਦੇ ਨੂੰ ਹੀ ਉਸ ਨੂੰ ਦੇਸ਼ ਭਗਤੀ ਦਾ ਜਨੂੰਨ ਪੈਦਾ ਹੋ ਗਿਆ। 1922 ਵਿਚ ਫ਼ੌਜ ਵਿਚੋਂ ਫਾਰਗ ਹੋ ਕੇ ਅਕਾਲੀ ਲਹਿਰ ਵਿਚ ਸ਼ਾਮਲ ਹੋ ਗਿਆ। ਅਗਸਤ 1922 ਵਿਚ ਗੁਰਦੁਆਰਾ ਗੁਰੂ ਕਾ ਬਾਗ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋ ਗਿਆ। 1924 ਵਿਚ ਜੈਤੋ ਤੇ ਭਾਈ ਫੇਰੂ ਮੋਰਚੇ ਵਿਚ ਹਿੱਸਾ ਲਿਆ। ਮੋਰਚਿਆਂ ਵਿਚ ਜਥੇ ਦੀ ਅਗਵਾਈ ਕਰਦੇ ਸਨ। ਉਹ ਸਿਰੜ ਅਤੇ ਸਿਦਕ ਦੇ ਮੁਜੱਸਮਾ ਸਨ। ਜਿਹੜਾ ਫ਼ੈਸਲਾ ਕਰ ਲੈਂਦੇ, ਉਸ ਦੀ ਪ੍ਰਾਪਤੀ ਤੋਂ ਬਿਨਾ ਪਿੱਛੇ ਨਹੀਂ ਮੁੜਦੇ ਸਨ। 1932 ਵਿਚ ਗੁਰੂ ਰਾਮ ਦਾਸ ਗਿਆਨੀ ਕਾਲਜ ਅੰਮ੍ਰਿਤਸਰ ਤੋਂ ਗਿਆਨੀ ਪਾਸ ਕੀਤੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿੱਖਿਆ। 1933 ਵਿਚ ਜੰਡਿਆਲਾ ਪਿੰਡ ਵਿਚ ਬਗਾਵਤੀ ਭਾਸ਼ਣ ਦੇਣ ਕਰਕੇ ਕੈਦ ਦੀ ਸਜ਼ਾ ਹੋ ਗਈ। 18 ਜੂਨ, 1936 ਨੂੰ ਇਕ ਪੁਲਿਸ ਮੁਖਬਰ ਅਨੂਪ ਸਿੰਘ ਤੇ ਉਸ ਦਾ ਪੁੱਤਰ ਮਲਕੀਤ ਸਿੰਘ, ਜਿਸਨੇ ਉਸ ਦੇ ਸਾਥੀਆਂ ਦੀ ਮੁਖਬਰੀ ਕੀਤੀ ਸੀ, ਦਾ ਕਤਲ ਕਰ ਦਿੱਤਾ। 15 ਦਸੰਬਰ ਨੂੰ ਉਹ ਗ੍ਰਿਫ਼ਤਾਰ ਹੋ ਗਏ ਅਤੇ 19 ਮਈ 1939 ਮੁਲਤਾਨ ਜੇਲ੍ਹ ਵਿਚ ਫ਼ਾਂਸੀ ਦਿੱਤੀ ਗਈ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਦੀ ਸਜ਼ਾ ਹੋਈ ਸੀ। ਇਕ ਵਾਰ ਉਨ੍ਹਾਂ 'ਤੇ ਡਾਕੇ ਦਾ ਮੁਕੱਦਮਾ ਵੀ ਬਣਾਇਆ ਗਿਆ। ਗ੍ਰਿਫ਼ਤਾਰੀ ਸਮੇਂ ਉਨ੍ਹਾਂ 'ਤੇ ਅੰਨ੍ਹਾ ਤਸ਼ੱਦਦ ਹੁੰਦਾ ਰਿਹਾ ਪ੍ਰੰਤੂ ਉਹ ਕਦੀ ਵੀ ਟੱਸ ਤੋਂ ਮੱਸ ਨਹੀਂ ਹੋਏ। ਫ਼ੌਜ ਵਿਚ ਕਾਲੀ ਦਸਤਾਰ ਬੰਨ੍ਹਣ ਅਤੇ ਗਾਤਰਾ ਪਾਉਣ ਲਈ ਹੜਤਾਲ ਕੀਤੀ। ਦੇਸ਼ ਸੇਵਕ ਅਖ਼ਬਾਰ ਦੇ ਸੰਪਾਦਕ ਵੀ ਰਹੇ।






ਪੁਸਤਕ ਦੇ ਦੂਜੇ ਭਾਗ ਵਿਚ ਆਪਣੇ ਪਰਿਵਾਰ ਨੂੰ ਲਿਖੇ ਖਤ ਹਨ। ਇਨ੍ਹਾਂ ਖਤਾਂ ਵਿਚ ਦੇਸ਼ ਭਗਤੀ ਦੀ ਪ੍ਰਵਿਰਤੀ ਠਾਠਾਂ ਮਾਰਦੀ ਨਜ਼ਰ ਆ ਰਹੀ ਹੈ। ਅਣਆਈ ਮੌਤ ਮਰਨ ਨਾਲੋਂ ਉਹ ਦੇਸ਼ ਤੇ ਕੌਮ ਲਈ ਸ਼ਹੀਦ ਹੋਣ ਨੂੰ ਬਿਹਤਰ ਸਮਝਦਾ ਹੈ। ਉਹ ਲਿਖਦਾ ਹੈ ਕਿ ਸਰੀਰ ਤਾਂ ਨਾਸ਼ਵਾਨ ਹੈ, ਕਿਸੇ ਬਿਮਾਰੀ ਨਾਲ ਮੌਤ ਵੀ ਆ ਸਕਦੀ ਹੈ, ਉਸ ਮੌਤ ਦਾ ਕੋਈ ਅਰਥ ਨਹੀਂ। ਦੇਸ਼ ਲਈ ਕੁਰਬਾਨੀ ਦੇਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੋਵੇਗੀ। ਮੌਤ ਇਕ ਅਟਲ ਸੱਚਾਈ ਹੈ ਪ੍ਰੰਤੂ ਇਸ ਦਾ ਸਮਾਂ ਨਿਸ਼ਚਿਤ ਹੁੰਦਾ ਹੈ, ਕਿਸੇ ਨੂੰ ਜਲਦੀ ਅਤੇ ਕਿਸੇ ਨੂੰ ਦੇਰੀ ਨਾਲ ਆ ਜਾਂਦੀ ਹੈ। ਪ੍ਰਮਾਤਮਾ ਦਾ ਭਾਣਾ ਮੰਨਣਾ ਚਾਹੀਦਾ ਹੈ। ਇਨ੍ਹਾਂ ਤਾਂ ਤੋਂ ਪਤਾ ਲੱਗਦਾ ਹੈ ਕਿ ਉਸ ਵਿਚ ਦਲੇਰੀ, ਬਹਾਦਰੀ, ਦ੍ਰਿੜ੍ਹਤਾ ਅਤੇ ਕੁਰਬਾਨੀ ਦੀ ਭਾਵਨਾ ਸਿੱਖ ਧਰਮ ਦੀ ਵਿਚਾਰਧਾਰਾ ਕਾਰਨ ਪੈਦਾ ਹੋਈ ਸੀ। ਪਤਨੀ ਨੂੰ ਉਹ ਆਪਣੀ ਨੂੰਹ ਨਾਲ ਸੱਸ ਵਾਲਾ ਵਿਵਹਾਰ ਨਹੀਂ, ਸਗੋਂ ਮਾਂ ਧੀ ਵਾਲਾ ਸੰਬੰਧ ਬਣਾਉਣ 'ਤੇ ਜ਼ੋਰ ਦਿੰਦਾ ਹੈ। ਇਸੇ ਤਰ੍ਹਾਂ ਆਪਣੀ ਲੜਕੀ ਸਤਵੰਤ ਕੌਰ ਨੂੰ ਵੀ ਆਪਣੇ ਸਹੁਰੇ ਘਰ ਜਾ ਕੇ ਸੱਸ ਨਾਲ ਧੀ ਵਾਲਾ ਸਲੂਕ ਕਰਨ ਦੀ ਪ੍ਰੇਰਨਾ ਦਿੰਦਾ ਹੈ। ਗਿਆਨੀ ਗੁਰਦਿੱਤ ਸਿੰਘ ਦਲੇਰ ਆਪਣੀ ਪਤਨੀ ਨੂੰ ਇਕ ਵਿਗੜੇ ਬੇਟੇ ਨੂੰ ਸਿੱਧੇ ਰਸਤੇ ਪਾਉਣ ਲਈ ਤਾਕੀਦ ਕਰਦਾ ਲਿਖਦਾ ਹੈ ਕਿ ਉਸ ਨੂੰ ਸੁਧਰਨ ਦਾ ਮੌਕਾ ਦਿੱਤਾ ਜਾਵੇ ਅਤੇ ਦੂਜੇ ਸਪੁੱਤਰਾਂ ਦੀ ਪਾਲਣ-ਪੋਸ਼ਣ ਸੁਚੱਜੇ ਢੰਗ ਨਾਲ ਕੀਤੀ ਜਾਵੇ। ਦੂਜਾ ਖਤ ਆਪਣੀ ਮਾਂ ਦੇ ਨਾਮ ਲਿਖਦਾ ਹੈ ਕਿ ਜ਼ਾਲਮ ਰਾਜ ਦੀਆਂ ਜੜ੍ਹਾਂ ਪੁੱਟਣ ਵਾਸਤੇ ਬੇਗੁਨਾਹਾਂ ਦਾ ਖ਼ੂਨ ਹੀ "ਜੜ੍ਹਾਂ ਉੱਤੇ ਗਰਮ ਤੇਲ" ਦਾ ਕੰਮ ਕਰਦਾ ਹੁੰਦਾ ਹੈ, ਸੋ ਅੱਜ ਆਪ ਦੀ ਉਲਾਦ ਦਾ ਹਿੱਸਾ ਇਸ ਵਿਚ ਸ਼ਾਮਲ ਹੁੰਦਾ ਹੈ। ਉਹ ਆਪਣੀ ਮਾਂ ਨੂੰ ਇਤਿਹਾਸ ਵਿਚੋਂ ਉਦਾਹਰਣਾਂ ਦੇ ਉਨ੍ਹਾਂ ਦੇ ਪੁੱਤਰਾਂ ਦੀਆਂ ਕੁਰਬਾਨੀਆਂ ਦੱਸ ਕੇ ਤਸੱਲੀ ਦਿਵਾਉਂਦਾ ਹੈ ਕਿ ਉਹ ਦੇਸ਼ ਕੌਮ ਲਈ ਚੰਗਾ ਕੰਮ ਕਰਨ ਜਾ ਰਿਹਾ ਹੈ। ਤੀਜਾ ਖਤ ਉਹ ਆਪਣੇ ਸਪੁੱਤਰ ਧੰਨਾ ਸਿੰਘ ਤੇ ਅਜ਼ੀਜ ਬੰਤਾ ਸਿੰਘ ਅਤੇ ਹੋਰ ਸਾਰਿਆਂ ਨੂੰ ਲਿਖਦਾ ਹੈ, ਜਿਸ ਵਿਚ ਉਸਨੂੰ ਆਪਣਾ ਅਤੇ ਆਪਣੇ ਭਰਾਵਾਂ ਦਾ ਧਿਆਨ ਰੱਖਣ ਦੀ ਪ੍ਰੇਰਨਾ ਦਿੰਦਾ ਹੋਇਆ ਆਪਣੀ ਮਾਂ ਦੇ ਕਹਿਣੇ ਵਿਚ ਰਹਿਣ ਅਤੇ ਵੱਡੀ ਸਲਾਹ ਲਈ ਆਪਣੇ ਤਾਇਆਂ ਤੋਂ ਅਗਵਾਈ ਲੈਣ ਦੀ ਸਲਾਹ ਦਿੰਦਾ ਹੈ। ਛੋਟੇ ਭਰਾਵਾਂ ਅਤੇ ਭੈਣ ਨੂੰ ਪੜ੍ਹਾਉਣ 'ਤੇ ਵੀ ਜ਼ੋਰ ਦਿੰਦਾ ਹੋਇਆ ਕਾਬਲ ਸਿੰਘ ਦੀ ਮੂਰਖਤਾਈ ਦਾ ਬਦਲਾ ਲੈਣ ਤੋਂ ਪ੍ਰਹੇਜ਼ ਕਰਨ ਬਾਰੇ ਕਹਿੰਦਾ ਹੈ। ਜਿਹੜੇ ਵਿਅਕਤੀਆਂ ਪਾਲ ਸਿੰਘ ਤੇ ਕਰਤਾਰ ਸਿੰਘ ਤੋਂ ਦੂਰੀ ਬਣਾਈ ਰੱਖਣ ਲਈ ਵੀ ਦੱਸਦਾ ਹੈ। ਪ੍ਰੰਤੂ ਉਨ੍ਹਾਂ ਨਾਲ ਲੜਾਈ ਕਰਨ ਤੋਂ ਵਰਜਦਾ ਹੈ। ਦੇਸ਼ ਕੌਮ ਦੇ ਜੇ ਕਦੇ ਕੰਮ ਆ ਸਕੋ, ਤਾਂ ਜ਼ਰੂਰ ਹਿੰਮਤ ਕਰਿਓ। ਇਸੇ ਤਰ੍ਹਾਂ ਚੌਥਾ ਤੇ ਆਪਣੇ ਵੱਡੇ ਭਰਾ ਰਤਨ ਸਿੰਘ ਨੂੰ ਲਿਖਦਾ ਹੈ, ਜਿਸ ਵਿਚ ਆਪਣੇ ਪਰਿਵਾਰ ਦੀ ਵੇਖ ਭਾਲ ਕਰਨ ਦੀ ਬੇਨਤੀ ਕਰਦਾ ਹੈ। ਉਹ ਰਤਨ ਸਿੰਘ ਨੂੰ ਦੇਸ਼ ਲਈ ਕੁਰਬਾਨੀ ਕਰਨ ਦੀ ਕਹਾਣੀ ਦੱਸਦਾ ਹੋਇਆ ਪਰਿਵਾਰਿਕ ਨਜ਼ਦੀਕੀਆਂ ਵੱਲੋਂ ਉਸ ਵਿਰੁੱਧ ਗਵਾਹ ਦੇਣ ਬਾਰੇ ਦੱਸਦਾ ਹੋਇਆ ਉਨ੍ਹਾਂ ਨਾਲ ਕਿਸੇ ਕਿਸਮ ਦਾ ਤਾਲਮੇਲ ਰੱਖਣ ਤੋਂ ਵਰਜਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਨਿੰਦਕਾਂ ਦੀ ਮੁਖ਼ਾਲਫ਼ਤ ਤੋਂ ਡਰ ਕੇ ਦੇਸ਼ ਭਗਤ ਕਦੇ ਵੀ ਆਪਣਾ ਕਦਮ ਸੇਵਾ ਵੱਲੋਂ ਨਹੀਂ ਰੋਕ ਸਕਦਾ।

ਅੰਤਿਕਾ ਵਿਚ ਉਨ੍ਹਾਂ ਚਾਰ ਅਜਿਹੇ ਵਿਅਕਤੀਆਂ ਦੀ ਹਰੀ ਸਿੰਘ ਜਲੰਧਰ, ਲਾਲ ਸਿੰਘ, ਮਾਸਟਰ ਕਾਬਲ ਸਿੰਘ ਗੋਬਿੰਦਪੁਰ ਅਤੇ ਅਮਰ ਸਿੰਘ ਤੇਗ ਦੀਆਂ ਸਰਗਰਮੀਆਂ ਬਾਰੇ ਵੀ ਦੱਸਿਆ ਹੈ। ਖਾਸ ਤੌਰ 'ਤੇ ਲਾਲ ਸਿੰਘ ਦੀ ਗਦਾਰੀ ਦਾ ਵਰਣਨ ਕੀਤਾ ਹੈ।

148 ਪੰਨਿਆਂ, 220 ਰੁਪਏ ਕੀਮਤ ਵਾਲੀ ਇਹ ਪੁਸਤਕ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤੀ ਹੈ।

# ਫੋਨਾਂ 'ਤੇ ਟੈਕਸਟਿੰਗ ਨੂੰ ਪਾਸੇ ਰੱਖ ਕੇ ਆਪਣੇ ਬੱਚਿਆਂ ਨਾਲ ਜਾਤੀ ਮੇਲ ਮਿਲਾਪ ਨੂੰ ਤਰਜੀਹ ਦਿਉ

## ਆਪਣੇ ਬੱਚੇ ਲਈ ਇੱਕ ਆਦਰਸ਼ ਪਰਿਵਾਰਕ ਮਾਹੌਲ ਬਣਾਉ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਤੁਹਾਡੇ ਕੋਲ ਆਪਣੇ ਬੱਚੇ ਦੀਆਂ ਖ਼ੂਬੀਆਂ ਅਤੇ ਕਮਜ਼ੋਰੀਆਂ ਨੂੰ ਸੱਚਮੁੱਚ ਸਮਝਣ ਦਾ ਮੌਕਾ ਹੁੰਦਾ ਹੈ। ਪਰ ਕੰਮਕਾਜ ਦੀ ਦੌੜ ਵਿਚ ਅਸੀਂ ਕਦੇ ਇਨ੍ਹਾਂ ਗੱਲਾਂ ਵੱਲ ਧਿਆਨ ਹੀ ਨਹੀਂ ਦਿੰਦੇ। ਜਿਥੇ ਕਿ ਬਿਨਾਂ ਕਿਸੇ ਨਿਰਣੇ ਦੇ ਹਰੇਕ ਖੇਤਰ ਵਿਚ ਉਨ੍ਹਾਂ ਦੇ ਵਿਕਾਸ ਲਈ ਬਰਾਬਰ ਸਹਾਇਤਾ ਪ੍ਰਦਾਨ ਕਰਦੇ ਹੋਏ, ਉਨ੍ਹਾਂ ਲਈ ਤੁਹਾਡਾ ਪਿਆਰ ਅਟੁੱਟ ਅਤੇ ਬੇਸ਼ਰਤ ਹੋਣਾ ਚਾਹੀਦਾ ਹੈ। ਵਿਦਿਅਕ, ਐਥਲੈਟਿਕ, ਵਿਗਿਆਨਕ, ਗਣਿਤਕ, ਕਲਾਤਮਕ ਅਤੇ ਹੋਰ ਬਹੁਤ ਕੁਝ ਜਿਸ ਬਾਰੇ ਤੁਸੀਂ ਉਨ੍ਹਾਂ ਨਾਲ ਸਾਂਝ ਪਾ ਸਕਦੇ ਹੋ।

ਸੱਚਮੁੱਚ! ਇਹ ਧਿਆਨ ਵਿਚ ਰੱਖਣਾ ਮਹੱਤਵਪੂਰਨ ਹੈ ਕਿ ਬੱਚੇ ਦੇ ਆਲੇ-ਦੁਆਲੇ ਦੇ ਮਾਹੌਲ ਦਾ ਉਨ੍ਹਾਂ 'ਤੇ ਬਹੁਤ ਪ੍ਰਭਾਵ ਹੁੰਦਾ ਹੈ। ਜੇ ਵਾਤਾਵਰਣ ਪਾਲਣ-ਪੋਸ਼ਣ, ਸਹਾਇਕ ਅਤੇ ਹਮਦਰਦ ਹੈ, ਤਾਂ ਉਹ ਇੱਕ ਸਵੈ-ਭਰੋਸੇਮੰਦ ਅਤੇ ਦਇਆਵਾਨ, ਕਾਮਯਾਬ ਸਫ਼ਲ ਵਿਅਕਤੀ ਬਣ ਸਕਦੇ ਹਨ।

ਇਸ ਤੋਂ ਇਲਾਵਾ, ਤੁਹਾਡੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ, ਉਨ੍ਹਾਂ ਨੂੰ ਸਮਾਜ ਦੇ ਨਕਾਰਾਤਮਕ ਪ੍ਰਭਾਵਾਂ ਤੋਂ ਬਚਾਉਣਾ ਜਦੋਂ ਤੱਕ ਉਨ੍ਹਾਂ ਵਿਚ ਉਨ੍ਹਾਂ ਦਾ ਸਾਹਮਣਾ ਕਰਨ ਲਈ ਲਚਕੀਲਾਪਣ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਨੂੰ ਨਸ਼ਿਆਂ ਅਤੇ ਧੱਕੇਸ਼ਾਹੀ ਦੇ ਮਾੜੇ ਪ੍ਰਭਾਵਾਂ ਤੋਂ ਮੁਕਤ, ਪਾਲਣ-ਪੋਸ਼ਣ ਵਾਲਾ ਬਚਪਨ ਪ੍ਰਦਾਨ ਕਰਨਾ ਮਹੱਤਵਪੂਰਨ ਹੈ। ਇਸ ਨਾਲ ਉਹ ਸਾਫ਼-ਸੁਥਰੇ ਅਤੇ ਸਿਹਤਮੰਦ ਵਾਤਾਵਰਨ ਵਿਚ ਵਿਕਸਤ ਹੋ ਸਕਣਗੇ, ਜਿੱਥੇ ਉਨ੍ਹਾਂ ਦੇ ਵਿਲੱਖਣ ਗੁਣਾਂ ਦੀ ਆਲੋਚਨਾ ਕਰਨ ਦੀ ਬਜਾਏ ਜਸ਼ਨ ਮਨਾਏ ਜਾਂਦੇ ਹਨ। ਆਪਣੇ ਬੱਚਿਆਂ ਲਈ ਇੱਕ ਸਕਾਰਾਤਮਕ ਮਿਸਾਲ ਕਾਇਮ ਕਰਨ ਲਈ ਆਪਣੇ ਘਰ ਵਿਚ ਸ਼ਰਾਬ-ਡਰੱਗ ਜਾਂ ਕਿਸੇ ਵੀ ਨਸ਼ੇ ਤੋਂ ਦੂਰ ਰਹਿਣਾ ਮਹੱਤਵਪੂਰਨ ਹੈ। ਜਦੋਂ ਉਹ ਢੁਕਵੀਂ ਉਮਰ 'ਤੇ ਪਹੁੰਚ ਜਾਂਦੇ ਹਨ, ਤਾਂ ਉਨ੍ਹਾਂ ਕੋਲ ਸ਼ਰਾਬ ਪੀਣ ਦਾ ਵਿਕਲਪ ਹੁੰਦਾ ਹੈ, ਜੇਕਰ ਉਹ ਚਾਹੁਣ ਤਾਂ।

ਹਾਲਾਂਕਿ, ਉਨ੍ਹਾਂ ਲਈ ਪ੍ਰਭਾਵ ਅਧੀਨ ਗੱਡੀ ਚਲਾਉਣ ਦੇ ਗੰਭੀਰ ਪ੍ਰਭਾਵਾਂ ਨੂੰ ਸਮਝਣਾ ਮਹੱਤਵਪੂਰਨ ਹੈ। ਉਨ੍ਹਾਂ ਨੂੰ ਸ਼ਰਾਬ ਤੇ ਡਰੱਗ ਦੇ ਸੇਵਨ ਕਾਰਨ ਹੋਏ ਕਾਰ ਹਾਦਸਿਆਂ ਦੀਆਂ ਤਸਵੀਰਾਂ ਦਿਖਾਉਣਾ ਸੰਭਾਵੀ ਖ਼ਤਰਿਆਂ ਨੂੰ ਦਰਸਾਉਣ ਵਿਚ ਮਦਦ ਕਰ ਸਕਦਾ ਹੈ। ਆਪਣੇ ਬੱਚਿਆਂ ਨੂੰ ਜ਼ਿੰਮੇਵਾਰ ਬਾਲਗ ਬਣਾਉਣ ਦੇ ਇਰਾਦੇ ਨਾਲ ਪਾਲੋ। ਸਮਰਪਣ ਅਤੇ ਪ੍ਰਮਾਤਮਾ ਦੀ ਕਿਰਪਾ ਨਾਲ, ਤੁਹਾਡੇ ਬੱਚੇ ਵੱਡੇ ਹੋ ਕੇ ਪੂਰੇ ਕਰੀਅਰ ਬਣਾਉਣਗੇ, ਜਿਸ ਬਾਰੇ ਉਹ ਭਾਵੁਕ ਹਨ।

ਸੱਚਮੁੱਚ! ਤੁਹਾਡੇ ਬੱਚੇ ਦੇ ਵਿਕਾਸ ਲਈ ਇੱਕ ਆਦਰਸ਼ ਪਰਿਵਾਰਕ ਮਾਹੌਲ ਬਹੁਤ ਜ਼ਰੂਰੀ ਹੈ। ਭਾਵਨਾਤਮਕ ਤੰਦਰੁਸਤੀ ਅਤੇ ਕਦਰਾਂ-ਕੀਮਤਾਂ ਅਤੇ ਅਨੁਸ਼ਾਸਨ ਪੈਦਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਪਰਿਵਾਰਕ ਇਕਾਈ ਤੁਹਾਡੇ ਬੱਚੇ ਦੇ ਭਵਿੱਖ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਮੇਰੇ ਤਜ਼ਰਬੇ ਦੇ ਆਧਾਰ 'ਤੇ, ਮੈਂ ਦੇਖਿਆ ਹੈ ਕਿ ਬੱਚਿਆਂ ਨੂੰ ਅਕਸਰ ਆਪਣੇ ਘਰਾਂ ਦੇ ਅੰਦਰ ਆਪਣੇ ਆਪ ਦੀ ਭਾਵਨਾ ਲੱਭਣ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਤੀਜੇ ਵਜੋਂ, ਉਹ ਸਕੂਲ ਦੇ ਮਾਹੌਲ ਜਾਂ ਦੂਜਿਆਂ ਦੇ ਘਰਾਂ ਵਿਚ ਆਰਾਮ ਅਤੇ ਸੁਰੱਖਿਆ ਦੀ ਭਾਵਨਾ ਦੀ ਭਾਲ ਕਰਦੇ ਹਨ। ਕਿਉਂ? ਕੁਝ ਪਰਿਵਾਰਾਂ ਨੂੰ ਹਿੰਸਾ ਦੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਦੋਂਕਿ ਦੂਸਰੇ ਅਪਮਾਨਜਨਕ ਭਾਸ਼ਾ, ਲੜਾਈ-ਝਗੜੇ, ਗਾਲੀ-ਗਲੋਚ ਵਾਲੇ ਮਹੌਲ ਵਿਚ ਵੱਡੇ ਹੋਣ ਤਾਂ ਉਨ੍ਹਾਂ ਦਾ ਨੇਚਰ ਰਵੱਈਆ ਵੀ ਚਿੜਚਿੜਾ ਹੋ ਜਾਂਦਾ ਹੈ। ਇਸ ਤੋਂ ਇਲਾਵਾ, ਕੁਝ ਪਰਿਵਾਰਾਂ ਨੂੰ ਮਾਨਸਿਕ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਦੂਜਿਆਂ ਨਾਲ ਸਿਹਤਮੰਦ ਰਿਸ਼ਤੇ ਬਣਾਉਣ ਦੀ ਉਨ੍ਹਾਂ ਦੀ ਯੋਗਤਾ ਨੂੰ ਪ੍ਰਭਾਵਤ ਕਰਦੇ ਹਨ।

ਤੁਹਾਡੇ ਪਰਿਵਾਰ ਦੇ ਅੰਦਰ ਇੱਕ ਪਾਲਣ-ਪੋਸ਼ਣ ਵਾਲਾ ਮਾਹੌਲ ਵਿਕਸਿਤ ਕਰਨ ਵਿਚ ਤੁਹਾਡੀ ਮਦਦ ਕਰਨ ਲਈ, ਮੈਂ ਕੁਝ ਸਭ ਤੋਂ ਮਹੱਤਵਪੂਰਨ ਕਾਰਕਾਂ ਦੀ ਇੱਕ ਸੂਚੀ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਤੁਸੀਂ ਧਿਆਨ ਵਿਚ ਰੱਖਣਾ ਚਾਹੋਗੇ:

ਜਿਵੇਂ ਕਿ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨ ਵਾਲੇ ਮਾਹੌਲ ਨੂੰ ਉਤਸ਼ਾਹਿਤ ਕਰਨ ਦੁਆਰਾ ਤੁਹਾਡੇ ਪਰਿਵਾਰ ਵਿਚ ਵਿਸ਼ਵਾਸ ਅਤੇ ਸਮਝ ਸਥਾਪਤ ਕਰਨਾ ਸੰਭਵ ਹੈ। ਜਦੋਂ ਬੱਚਿਆਂ ਨੂੰ ਨਿਰਣਾ ਕੀਤੇ ਜਾਣ ਦੇ ਡਰ ਤੋਂ ਬਿਨਾਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਚਿੰਤਾਵਾਂ ਨੂੰ ਸੰਚਾਰ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਆਪਣੀਆਂ ਮੁਸ਼ਕਲਾਂ ਸਾਂਝਿਆਂ ਕਰਨ ਵਿਚ ਕਾਫ਼ੀ ਸੁਰੱਖਿਅਤ ਮਹਿਸੂਸ ਹੁੰਦੀ ਹੈ ਤੇ ਉਹ ਬੇਝਿਜਕ ਮਾਂ-ਬਾਪ ਨਾਲ ਸਭ ਕੁੱਝ ਸਾਂਝਿਆਂ ਕਰਦੇ ਹਨ।

ਬੱਚਿਆਂ ਦੀਆਂ ਪ੍ਰਾਪਤੀਆਂ ਅਤੇ ਯਤਨਾਂ ਨੂੰ ਸਵੀਕਾਰ ਕਰਨਾ ਅਤੇ ਪ੍ਰਸ਼ੰਸਾ ਕਰਨਾ ਉਨ੍ਹਾਂ ਦੇ ਸਵੈ-ਮਾਣ ਅਤੇ ਮਨੋਬਲ ਨੂੰ ਵਧਾਉਂਦਾ ਹੈ। ਸਕਾਰਾਤਮਕ ਪੁਸ਼ਟੀ ਲੋੜੀਂਦੇ ਵਿਵਹਾਰ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਤੁਹਾਡੇ ਨੌਜਵਾਨ ਨੂੰ ਕਦਰ ਅਤੇ ਸਤਿਕਾਰ ਮਹਿਸੂਸ ਕਰਦੇ ਹੋਏ ਮਹਾਨਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ।

ਸਪੱਸ਼ਟ ਸੀਮਾਵਾਂ ਅਤੇ ਉਮੀਦਾਂ ਬੱਚਿਆਂ ਨੂੰ ਉਚਿਤ ਵਿਵਹਾਰ ਨੂੰ ਸਮਝਣ ਅਤੇ ਸੁਰੱਖਿਆ ਦੀ ਭਾਵਨਾ ਪ੍ਰਦਾਨ ਕਰਨ ਵਿਚ ਸਹਾਇਤਾ ਕਰਦੀਆਂ ਹਨ। ਪਿਆਰੀਆਂ ਯਾਦਾਂ ਨੂੰ ਬਣਾਉਣਾ ਅਤੇ ਪਰਿਵਾਰਕ ਸਬੰਧਾਂ ਨੂੰ ਡੂੰਘਾ ਕਰਨਾ ਅਰਥਪੂਰਨ ਪਰਿਵਾਰਕ ਸਮੇਂ ਦੇ ਨਤੀਜੇ ਹਨ। ਭੋਜਨ, ਸਾਹਸ ਅਤੇ ਖੇਡ ਸ਼ਾਮਾਂ ਲਈ ਇੱਕ ਪਰਿਵਾਰ ਦੇ ਰੂਪ ਵਿਚ ਇਕੱਠੇ ਹੋਣਾ ਸਾਰਿਆਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ। ਪਰਿਵਾਰਕ ਸਮਾਂ ਤੁਹਾਡੇ ਬੱਚੇ ਨੂੰ ਦਰਸਾਉਂਦਾ ਹੈ ਕਿ ਤੁਸੀਂ ਉਨ੍ਹਾਂ ਦੀ ਕਿੰਨੀ ਕਦਰ ਕਰਦੇ ਹੋ ਅਤੇ ਉਨ੍ਹਾਂ ਨੂੰ ਇੱਕ ਪਰਿਵਾਰਕ ਮੈਂਬਰ ਵਜੋਂ ਮੰਨਦੇ ਹੋ।

ਉਹ ਗਤੀਵਿਧੀਆਂ ਜੋ ਬੰਧਨ ਨੂੰ ਉਤਸ਼ਾਹਿਤ ਕਰਦੀਆਂ ਹਨ, ਜਿਵੇਂ ਕਿ ਇਕੱਠੇ ਪੜ੍ਹਨਾ, ਖੇਡਾਂ ਖੇਡਣਾ, ਇਕੱਠੇ ਖਾਣਾ ਪਕਾਉਣਾ, ਜਾਂ ਸਿਰਫ਼ ਚਰਚਾ ਕਰਨਾ, ਤੁਹਾਡੇ ਰਿਸ਼ਤੇ ਨੂੰ ਮਜ਼ਬੂਤ ਕਰਨ ਦੇ ਸਾਰੇ ਵਧੀਆ ਤਰੀਕੇ ਹਨ। ਦਿਖਾਉ ਕਿ ਤੁਸੀਂ ਉਨ੍ਹਾਂ ਦੇ ਸ਼ੌਕ ਅਤੇ ਰੁਚੀਆਂ ਵਿਚ ਦਿਲਚਸਪੀ ਰੱਖਦੇ ਹੋ, ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਜੀਵਨ ਵਿਚ ਇੱਕ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕਰੋ।

ਬੱਚਿਆਂ ਨੂੰ ਚੋਣ ਕਰਨ ਅਤੇ ਉਨ੍ਹਾਂ ਦੀ ਉਮਰ ਦੇ ਅਨੁਕੂਲ ਕਾਰਜ ਕਰਨ ਲਈ ਉਤਸ਼ਾਹਿਤ ਕਰਨਾ ਉਨ੍ਹਾਂ ਨੂੰ ਸੁਤੰਤਰਤਾ ਅਤੇ ਸਵੈ-ਵਿਸ਼ਵਾਸ ਵਿਕਸਿਤ ਕਰਨ ਵਿਚ ਮਦਦ ਕਰਦਾ ਹੈ। ਆਪਣੇ ਬੱਚੇ ਨੂੰ ਦਿਸ਼ਾ ਪ੍ਰਦਾਨ ਕਰਦੇ ਹੋਏ ਉਨ੍ਹਾਂ ਦੀਆਂ ਗਲਤੀਆਂ ਤੋਂ ਸਿੱਖਣ ਦੇ ਕੇ ਲਚਕੀਲੇਪਨ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵਿਕਸਿਤ ਕਰਨ ਵਿਚ ਮਦਦ ਕਰੋ।

ਲਗਾਤਾਰ ਦਿਆਲਤਾ, ਹਮਦਰਦੀ ਅਤੇ ਆਦਰ ਦਿਖਾ ਕੇ ਇੱਕ ਚੰਗੀ ਮਿਸਾਲ ਕਾਇਮ ਕਰੋ। ਉਹ ਵਿਵਹਾਰ ਦਿਖਾਉ ਜੋ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਰੀਸ ਕਰਨ। ਆਪਣੇ ਕੰਮਾਂ ਅਤੇ ਸ਼ਬਦਾਂ ਵਿਚ ਇਨ੍ਹਾਂ ਕੀਮਤਾਂ ਨੂੰ ਲਗਾਤਾਰ ਪ੍ਰਦਰਸ਼ਿਤ ਕਰਕੇ ਈਮਾਨਦਾਰੀ, ਜ਼ਿੰਮੇਵਾਰੀ ਅਤੇ ਹਮਦਰਦੀ ਦੀ ਮਹੱਤਤਾ 'ਤੇ ਜ਼ੋਰ ਦਿਉ।

ਆਪਣੇ ਬੱਚੇ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਦੀ ਸਮਝ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਭਾਲਣ ਲਈ ਉਤਸ਼ਾਹਿਤ ਕਰੋ। ਦੂਜਿਆਂ ਦੀਆਂ ਭਾਵਨਾਵਾਂ ਪ੍ਰਤੀ ਹਮਦਰਦੀ ਅਤੇ ਸਮਝ ਦੇ ਵਿਕਾਸ ਨੂੰ ਉਤਸ਼ਾਹਿਤ ਕਰੋ, ਕਿਉਂਕਿ ਇਹ ਸਕਾਰਾਤਮਕ ਅਤੇ ਅਰਥਪੂਰਨ ਸਬੰਧ ਪੈਦਾ ਕਰਨ ਲਈ ਜ਼ਰੂਰੀ ਜੀਵਨ ਹੁਨਰ ਹਨ।

ਅੰਤ ਵਿਚ, ਇਹ ਧਿਆਨ ਵਿਚ ਰੱਖੋ ਕਿ ਬੱਚੇ ਨਿਰੀਖਣ ਦੁਆਰਾ ਸਿੱਖਦੇ ਹਨ, ਇਸ ਲਈ ਤੁਹਾਡੇ ਲਈ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਬੱਚੇ ਵਿਚ ਉਹ ਵਿਵਹਾਰ ਅਤੇ ਕਦਰਾਂ-ਕੀਮਤਾਂ ਦਾ ਪ੍ਰਦਰਸ਼ਨ ਕਰੋ, ਜੋ ਤੁਸੀਂ ਆਪਣੇ ਬੱਚੇ ਵਿਚ ਪੈਦਾ ਕਰਨਾ ਚਾਹੁੰਦੇ ਹੋ। ਆਪਣੇ ਬੱਚੇ ਲਈ ਇੱਕ ਸਕਾਰਾਤਮਕ ਰੋਲ ਮਾਡਲ ਸਥਾਪਤ ਕਰਨ ਲਈ ਦੂਜਿਆਂ ਪ੍ਰਤੀ ਦਇਆ, ਇਮਾਨਦਾਰੀ ਅਤੇ ਵਿਚਾਰ ਦਿਖਾਉ।

ਪਾਲਣ ਪੋਸ਼ਣ ਇੱਕ ਬਹੁਤ ਹੀ ਚੁਣੌਤੀਪੂਰਨ ਕੋਸ਼ਿਸ਼ ਹੈ! ਤੁਹਾਡੀ ਘਰੇਲੂ ਸਿਹਤਮੰਦ ਜੀਵਨਸ਼ੈਲੀ, ਸਾਰੇ ਉਤਰਾਅ-ਚੜ੍ਹਾਅ ਦੇ ਦੌਰਾਨ, ਤੁਹਾਡੇ ਬੱਚੇ ਦੀ ਭਵਿੱਖ ਦੀ ਸਫਲਤਾ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਅਤੇ ਇਹ ਅਸਲ ਵਿਚ ਪ੍ਰਭਾਵਸ਼ਾਲੀ ਸੰਚਾਰ ਨਾਲ ਸ਼ੁਰੂ ਹੁੰਦਾ ਹੈ, ਫੋਨਾਂ ਤੇ ਟੈਕਸਟਿੰਗ ਨੂੰ ਪਾਸੇ ਰੱਖ ਕੇ ਉਨ੍ਹਾਂ ਨਾਲ ਜਾਤੀ ਮੇਲ ਮਿਲਾਪ ਨੂੰ ਤਰਜੀਹ ਦਿਉ।

## ਹਿਜ਼ਰਤਨਾਮਾ 77: ਮਾਈ ਅਜੀਤ ਕੌਰ

# 'ਨੀਲੀ ਬਾਰ ਅੱਜ ਵੀ ਮੇਰੇ ਚੇਤਿਆਂ ਵਿਚ ਵਸਦੀ ਏ'

"ਮੈਂ ਅਜੀਤ ਕੌਰ ਪਤਨੀ ਸ. ਜਗੀਰ ਸਿੰਘ ਸਪੁੱਤਰ ਭਾਈ ਨਰੈਣ ਸਿੰਘ (ਜੋ ਕਿ '47 ਦੇ ਆਰ-ਪਾਰ ਇਲਾਕੇ ਦੇ ਨਾਮੀ ਇਮਾਰਤਸਾਜ ਰਹੇ), ਪਿੰਡ ਚਾਨੀਆਂ ਜ਼ਿਲ੍ਹਾ ਜਲੰਧਰ ਤੋਂ ਬੋਲ ਰਹੀਂ ਆਂ। ਮੇਰਾ ਪੇਕਾ ਪਿੰਡ ਜਲੰਧਰ ਜ਼ਿਲ੍ਹੇ ਦਾ ਹੀ, ਨਵਾਂ ਪਿੰਡ ਦੋਨਾਂ ਏ। ਦੋਨਾਂ ਪੱਟੀ ਵਿਚ ਬਹੁਤਾਤ ਗਿਣਤੀ ਕੰਬੋਅ ਸਿੱਖਾਂ ਦੀ ਏ। ਉਨ੍ਹਾਂ 'ਚੋਂ ਵੀ ਬਹੁਤੇ ਵੰਡ ਵੇਲੇ ਬਾਰਾਂ 'ਚੋਂ ਹੀ ਉਜੜ ਕੇ ਆਏ ਹੋਏ ਨੇ। ਨਵਾਂ ਪਿੰਡ 'ਚ ਮੈਂ ਤਿੰਨ ਭਰਾਵਾਂ ਮੁਖਤਿਆਰ ਸਿੰਘ, ਮੇਲਾ ਸਿੰਘ ਅਤੇ ਪੰਜਾਬ ਦੇ ਮਸ਼ਹੂਰ ਢਾਡੀ/ਸਾਰੰਗੀ ਮਾਸਟਰ ਰਹੇ ਅਜੀਤ ਸਿੰਘ ਦੀ ਇੱਕੋ ਇਕ ਭੈਣ ਹਾਂ। ਪਿਤਾ ਜੀ ਦਾ ਨਾਮ ਵਧਾਵਾ ਸਿੰਘ ਉਨ੍ਹਾਂ ਦੇ ਦੋ ਭਰਾ ਮਈਆ ਸਿੰਘ ਅਤੇ ਸੁੰਦਰ ਸਿੰਘ ਸਨ। ਮੰਗਲ ਸਿੰਘ ਸਾਡਾ ਬਾਬਾ ਹੋਇਐ।

ਮੇਰੀ ਮਾਂ ਸੰਤ ਕੌਰ (ਪੇਕਾ ਪਿੰਡ ਲਾਲ ਗੜ੍ਹ-ਗੰਗਾਨਗਰ) ਦੇ ਦੱਸਣ ਮੁਤਾਬਿਕ:

ਜਦ ਕੋਇਟਾ-ਬਲੋਚਿਸਤਾਨ 'ਚ ਭੂਚਾਲ (1935) ਆਇਆ, ਤਾਂ ਤਦੋਂ ਮੈਂ ਕਰੀਬ ਦੋ ਕੁ ਸਾਲ ਦੀ ਸਾਂ। ਇਸ ਤਰ੍ਹਾਂ ਮੇਰਾ ਜਨਮ ਕੋਈ 1933 ਕੁ ਦਾ ਬਣਦਾ ਐ। ਕੋਇਟਾ ਦੀ ਘਟਨਾ ਸਾਡੇ ਪਰਿਵਾਰ ਲਈ ਤਾਂ ਜ਼ਿਕਰ ਵਾਲੀ ਹੈ, ਕਿਉਂਜੋ ਉਸ ਘਟਨਾ ਵਿਚ ਮੇਰੇ ਪਿਤਾ ਜੀ ਦੇ ਮਾਮਾ ਜੀ ਦੀ ਬੇਟੀ ਦਰੋਪਤੀ ਜੋ ਕੋਇਟਾ ਵਿਖੇ ਰਿਹਾਇਸ਼ ਰੱਖਦੀ ਸੀ, ਮਾਰੀ ਗਈ।



ਇੱਧਰ ਨਵਾਂ ਪਿੰਡ ਵਿਚ ਪਿਤਾ ਜੀ ਆਪਣੇ ਭਾਈਆਂ ਅਤੇ ਆਪਣੇ ਪਿਤਾ ਜੀ ਨਾਲ 'ਕੱਠੇ ਹੀ ਮਿਲ ਕੇ ਪਿਤਾ ਪੁਰਖੀ ਕਿੱਤਾ ਸੰਦੂਕ, ਗੱਡੇ ਬਣਾ ਕੇ ਵੇਚਣ/ਮੁਰੰਮਤ ਕਰਨ ਦਾ ਕਰਦੇ। ਕੋਇਟਾ ਗਰਕਣ ਤੋਂ ਬਾਅਦ ਪਿਤਾ ਵਧਾਵਾ ਸਿੰਘ ਜੀ ਨੂੰ, ਨੀਲੀ ਬਾਰ ਦੇ ਚੱਕ 48/ਆਰ ਸੈਣੀ ਸਿੱਖਾਂ, ਤਸੀਲ ਉਕਾੜਾ ਜ਼ਿਲ੍ਹਾ ਮਿੰਟਗੁਮਰੀ ਦੇ ਸਰਦਾਰ ਰਾਮ ਸਿੰਘ ਸੈਣੀ (ਪਿਛਲਾ ਪਿੰਡ ਉੱਚਾ ਝਿੱਕਾ-ਜਲੰਧਰ) ਨੇ ਸੁਨੇਹਾ ਭੇਜ ਕੇ, ਆਪਣੇ ਖੇਤੀਬਾੜੀ ਸੰਦਾਂ ਦੀ ਲੋੜ/ਮੁਰੰਮਤ ਨੂੰ ਪੂਰਾ ਕਰਨ ਲਈ ਬੁਲਾ ਲਿਆ। 1946 ਵਿਚ, ਜਦ ਮੈਂ ਵੀ ਘਰੇਲੂ ਕੰਮਾਂ 'ਚ ਹੱਥ ਵਟਾਉਣ ਲੱਗ ਪਈ, ਤਾਂ ਪਿਤਾ ਜੀ ਰੋਟੀਆਂ ਪਕਾਉਣ ਲਈ ਮੈਨੂੰ ਵੀ ਲੈ ਗਏ। ਇਸ ਤਰ੍ਹਾਂ ਮੈਂ ਵੀ ਨੀਲੀ ਬਾਰ 'ਚ ਕੁੱਝ ਸਮਾਂ ਬਸਰ ਕੀਤੈ। ਮੇਰੇ ਬਚਪਨ ਦੀਆਂ ਕਈ ਮਿੱਠੀਆਂ ਅਤੇ ਤਲਖ਼ ਯਾਦਾਂ ਜੁੜੀਆਂ ਹੋਈਆਂ ਨੇ।

ਰਾਮ ਸਿੰਘ ਦਾ ਘਰ/ਹਵੇਲੀ ਬਹੁਤ ਖੁੱਲ੍ਹਾ ਡੁੱਲ੍ਹਾ ਸੀ।

ਫ਼ਿਰੰਗੀ ਵਲੋਂ ਉਸ ਨੂੰ ਘੋੜੀ ਪਾਲ ਮੁਰੱਬਾ ਅਲਾਟ ਸੀ। ਉਹਦੇ ਘਰੋਂ ਮਾਈ ਉਤਮ ਕੌਰ ਬੜੀ ਭਲੀ ਔਰਤ ਸੀ। ਉਸ ਨੇ ਮੈਨੂੰ ਕਦੇ ਵੀ 'ਕੱਲਤਾ ਦਾ ਅਹਿਸਾਸ ਨਾ ਹੋਣ ਦਿੱਤਾ। ਹਰ ਕੰਮ ਵਿਚ ਮੇਰੀ ਸਹਾਇਤਾ ਅਤੇ ਅਗਵਾਈ ਕਰਦੀ। ਤੀਰਥ, ਜਸਵੰਤ, ਜਗੀਰ ਅਤੇ ਗੁਰਦਿਆਲ ਉਸ ਦੇ ਚਾਰ ਬੇਟੇ ਹੁੰਦੇ। ਉਸ ਦੀ ਬੇਟੀ ਕਰਤਾਰੀ ਜਲੰਧਰ ਬਚਨ ਸਿੰਹੁ ਨੂੰ ਵਿਆਹੀ ਹੋਈ ਸੀ, ਜੋ ਬਿਜਲੀ ਦੀ ਦੁਕਾਨ ਕਰਦਾ। ਗੁਰਦਿਆਲ ਉਸੇ ਕੋਲ ਰਹਿ ਕੇ ਪੜ੍ਹਦਾ। ਰਾਮ ਸਿੰਘ ਦੀਆਂ ਦੋ ਨੂੰਹਾਂ ਜੱਸ ਕੌਰ, ਬਚਨ ਕੌਰ ਅਤੇ ਦੋ ਪੋਤੀਆਂ ਪ੍ਰੀਤੋ ਵਗੈਰਾ ਸਨ। ਉਹੋ ਮੇਰੀਆਂ ਸਹੇਲੀਆਂ ਹੁੰਦੀਆਂ। ਅਸੀਂ ਖੇਡਦੀਆਂ, ਇਕ ਦੂਜੇ ਨਾਲ ਕੰਮ ਵਿਚ ਹੱਥ ਵਟਾਉਂਦੀਆਂ। ਤਦੋਂ ਆਮ ਪਿੰਡਾਂ ਵਿਚ ਕੁੜੀਆਂ ਨੂੰ ਸਕੂਲ ਭੇਜਣ ਦਾ ਰਿਵਾਜ਼ ਨਹੀਂ ਸੀ। ਰਾਮ ਸਿੰਘ ਨੇ ਆਪਣੇ ਘਰ ਇਕ ਪਾਸੇ ਹਾਤੇ ਵਿਚ ਹੀ ਪਿਤਾ ਜੀ ਨੂੰ ਵੀ ਕਾਫ਼ੀ ਥਾਂ ਦਿੱਤਾ। ਸੋ ਪਿਤਾ ਜੀ ਉਥੇ ਹੀ ਰਿਹਾਇਸ਼ ਰੱਖਦੇ ਅਤੇ ਆਪਣਾ ਕਾਰੋਬਾਰ ਵੀ ਉਥੇ ਹੀ ਕਰਦੇ।

ਰੋਟੀ-ਟੁੱਕ ਮੈਂ ਕਰ ਲੈਂਦੀ। ਕਿਉਂ ਜੋ ਮਾਤਾ ਜੀ ਓਧਰ ਨਹੀਂ ਗਏ।

ਓਧਰ ਸਾਡੇ ਪਿੰਡ ਦੇ ਗੁਆਂਢੀ ਪਿੰਡਾਂ ਵਿਚ ਨਜ਼ਦੀਕੀ ਪਿੰਡ ਮਲਗੱਧਾ ਮੂਲ ਨਿਵਾਸੀ ਮੁਸਲਿਮ ਜਾਂਗਲੀਆਂ ਦਾ ਪਿੰਡ ਸੁਣੀਂਦਾ। ਜਿਥੇ ਚੋਰ ਉਚੱਕੇ ਅਤੇ ਲੁੱਟ ਖੋਹ ਦੀ ਬਿਰਤੀ ਕਰਨ ਵਾਲਿਆਂ ਦਾ ਵਾਸ ਸੀ। ਇਕ ਹੋਰ 47 ਚੱਕ ਕੰਬੋਅ ਸਿੱਖਾਂ ਦਾ ਵੱਜਦਾ। 46 ਅਤੇ 49 ਚੱਕ ਵੀ ਨਜ਼ਦੀਕ ਹੀ ਸੁਣੀਂਦੇ। 47-48 ਚੱਕ ਵਿਚਕਾਰ ਨਹਿਰ ਵਗਦੀ। ਉਸੇ ਨਹਿਰ ਦਾ ਪਾਣੀ ਖੇਤਾਂ ਨੂੰ ਲੱਗਦਾ। ਵਾਧੂ ਪਾਣੀ ਨਾਲ ਪਿੰਡ ਦੀਆਂ ਢਾਬਾਂ ਨੂੰ ਭਰ ਲਿਆ ਜਾਂਦਾ। ਉਹ ਪਾਣੀ ਪਸ਼ੂ, ਕੱਪੜੇ, ਨਹੌਣ-ਧੌਣ ਲਈ ਵਰਤਦੇ।

ਪਿੰਡ ਵਿਚਕਾਰ ਇੱਕ ਖ਼ੂਹ ਹੁੰਦਾ, ਇਕ ਦਰਜ਼ੀ ਦੀ ਦੁਕਾਨ। ਸਕੂਲ 47-48 ਚੱਕ ਦੇ ਵਿੱਚਕਾਰ ਦੋਹੇਂ ਪਿੰਡਾਂ ਦਾ ਸਾਂਝਾ ਸੀ।

'ਟੇਸ਼ਣ ਸਾਨੂੰ ਉਕਾੜਾ ਲੱਗਦਾ, ਜੋ ਪਿੰਡੋਂ ਖਾਸਾ ਦੂਰ ਕਰੀਬ 7 ਕੋਹ ਪੈਂਦਾ। ਤੁਰ ਕੇ ਉਥੋਂ ਹੀ ਗੱਡੀ ਚੜ੍ਹਦੇ।

ਚੜ੍ਹਦੇ ਮਾਰਚ ਨੂੰ ਦੰਗੇ ਫ਼ਸਾਦਾਂ ਸ਼ੁਰੂ ਹੋ ਗਏ। ਪਰ ਇਧਰ ਨੀਲੀ ਬਾਰ ਇਲਾਕੇ ਵਿਚ ਉਸ ਦਾ ਸੇਕ ਹਾਲਾਂ ਪਹੁੰਚਿਆ ਨਹੀਂ ਸੀ। ਇਧਰੋਂ ਨਵੇਂ ਪਿੰਡੋਂ ਮਾਂ ਦੀਆਂ ਪਿਤਾ ਦੇ ਨਾਮ ਪੁਰ ਚਿੱਠੀਆਂ ਆਉਂਦੀਆਂ, ਜਿਸ ਵਿਚ ਬਾਰ ਛੱਡ ਕੇ ਵਾਪਸ ਪਿੰਡ ਆਉਣ ਲਈ ਤਾਕੀਦ ਹੁੰਦੀ। ਪਰ ਪਿਤਾ ਜੀ ਬਾਰ ਤੋਂ ਵਾਪਸ ਜਾਣ ਦਾ ਨਾਮ ਨਾਂ ਲੈਂਦੇ। ਅਖ਼ੀਰ ਮਾਤਾ ਨੇ ਸਖ਼ਤ ਸ਼ਬਦਾਂ 'ਚ ਰੋਹ ਭਰੀ ਚਿੱਠੀ ਲਿਖੀ। ਲਿਖਿਓਸ, "ਤੂੰ ਨਾ ਆ, ਬਾਰ ਨੂੰ ਸਰ ਕਰਕੇ ਆਈਂ, ਪਰ ਮੇਰੇ ਬੱਚੇ ਭੇਜਦੇ।" ਤਾਂ ਪਿਤਾ ਜੀ ਵਾਪਸ ਆਉਣ ਨੂੰ ਮਜਬੂਰ ਹੋ ਗਏ। ਉਨ੍ਹਾਂ ਸਰਦਾਰ ਰਾਮ ਸਿੰਘ ਨਾਲ ਵੀ ਸਲਾਹ ਕੀਤੀ। ਕੁੱਝ ਦਿਨਾਂ ਵਿਚ ਹੀ ਤਿਆਰੀ ਫੜ ਲਈ। ਚੜ੍ਹਦੇ ਜੇਠ ਮੈਂ, ਮੁਖਤਿਆਰ ਅਤੇ ਮੇਲਾ ਮੇਰੇ ਭਰਾ, ਪਿਤਾ ਜੀ, ਰਾਮ ਸਿੰਘ ਅਤੇ ਉਸ ਦਾ ਬੇਟਾ ਗੁਰਦਿਆਲ ਜੋ ਜਲੰਧਰੋਂ ਬਾਰ 'ਚ ਛੁੱਟੀ ਕੱਟਣ ਗਿਆ ਸੀ, ਸਾਰੇ ਤਿਆਰ ਹੋ ਕੇ ਹਲਕੇ-ਫੁਲਕੇ ਸਮਾਨ ਦੀਆਂ ਗਠੜੀਆਂ ਬੰਨ੍ਹ, ਉਕਾੜਾ ਟੇਸ਼ਣ ਲਈ ਸਿਰਾਂ 'ਤੇ ਰੱਖ ਲਈਆਂ। ਉਥੋਂ ਫਿਰੋਜ਼ਪੁਰ ਲਈ ਰੇਲਗੱਡੀ ਫੜੀ। ਫਿਰੋਜ਼ਪੁਰ ਇਕ ਸਰਾਂ ਵਿਚ ਰਾਤ ਰਹੇ। ਨਾਲ ਲਿਆਂਦੀਆਂ ਰੋਟੀਆਂ ਗੁੜ੍ਹ ਨਾਲ ਖਾਧੀਆਂ। ਸਵੇਰ ਨੂੰ ਲੋਹੀਆਂ ਵਾਲੀ ਗੱਡੀ ਫੜੀ। ਲੋਹੀਆਂ ਤੋਂ ਤੁਰ ਕੇ ਨਵਾਂ ਪਿੰਡ ਪਹੁੰਚੇ। ਮਾਂ ਨੇ ਤੇਲ ਚੋਅ, ਮੱਥੇ ਚੁੰਮ-ਚੁੰਮ ਕੇ ਸਾਡਾ ਸਵਾਗਤ ਕੀਤਾ। ਰਾਮ ਸਿੰਘ ਅਤੇ ਗੁਰਦਿਆਲ ਸਿੰਘ ਦੋ ਰਾਤਾਂ ਸਾਡੇ ਘਰ ਰਹੇ, ਉਪਰੰਤ ਉਹ ਆਪਣੇ ਜੱਦੀ ਪਿੰਡ ਚਲੇ ਗਏ। ਕਿਉਂ ਜੋ ਮਾਰ-ਧਾੜ ਨੇ ਹਾਲਾਂ ਜ਼ੋਰ ਨਹੀਂ ਫੜਿਆ ਸੀ, ਸੋ ਅਸੀਂ ਸੁੱਖ ਸਬੀਲੀ ਆਣ ਪਹੁੰਚੇ। ਪਰ ਰਾਮ ਸਿੰਘ ਦੇ ਵੱਡੇ ਤਿੰਨ ਬੇਟੇ ਆਪਣੇ ਟੱਬਰਾਂ ਨਾਲ ਹਾਲੇ ਉਥੇ ਹੀ ਡਟੇ ਹੋਏ ਸਨ। ਹੁਣ ਰੌਲੇ ਬਹੁਤ ਵੱਧ ਗਏ। ਆਲੇ-ਦੁਆਲੇ ਪਿੰਡਾਂ ਉਪਰ ਹਮਲੇ ਹੋਏ। 47 ਚੱਕ 'ਤੇ ਦੰਗਈਆਂ ਨੇ ਬਲੋਚ ਮਿਲਟਰੀ ਦੀ ਸਹਾਇਤਾ ਨਾਲ ਸਾਰਾ ਪਿੰਡ ਹੀ ਮਾਰ ਸੁੱਟਿਆ। ਕੇਵਲ 10 ਕੁ ਪ੍ਰਤੀਸ਼ਤ ਲੋਕ ਹੀ ਦੌੜ-ਭੱਜ ਜਾਂ ਲੁੱਕ-ਛਿਪ ਕੇ ਬਚ ਸਕੇ। ਸੁਨਿਆਂ ਮੁਟਿਆਰਾਂ ਤਾਈਂ ਚੁੱਕ ਕੇ ਲੈ ਗਏ। ਬਜ਼ੁਰਗਾਂ ਦੇ ਦੱਸਣ ਮੁਤਾਬਿਕ ਮਿਸਾਲ ਵਜੋਂ, ਪ੍ਰਾਇਮਰੀ ਸਕੂਲ ਦਾ ਹੈੱਡਮਾਸਟਰ ਸਾਈਂ ਦਿੱਤਾ, ਜੋ 47 ਚੱਕ ਤੋਂ ਹੀ ਸੀ, ਸਮੇਤ ਭੀੜ ਵਲੋਂ ਪਿੱਛਿਓਂ ਟੁਰਨਾ ਦੋਨਾਂ ਪਿੰਡ ਦੇ ਜ਼ੈਲਦਾਰ ਵਧਾਵਾ ਸਿੰਘ, ਜ਼ੈਲਦਾਰ ਕਿਸ਼ਨ ਸਿੰਘ ਦੇ ਪਰਿਵਾਰ ਦੇ 31 ਮੈਂਬਰ, ਫੁੰਮਣ ਸਿੰਘ ਭੱਟੀਆਂ-ਫਿਲੌਰ ਦੇ 28 ਮੈਂਬਰ ਮਾਰੇ ਗਏ। ਪਿੰਡ ਦੇ ਮੁਖੀਏ ਜ਼ੈਲਦਾਰ ਵਧਾਵਾ ਸਿੰਘ ਦਾ ਭੀੜ ਨੇ ਸਿਰ ਕਲਮ ਕਰਕੇ, ਨੇਜ਼ੇ 'ਤੇ ਟੰਗ ਕੇ ਪਿੰਡ ਵਿਚ ਜੇਤੂ ਜਲੂਸ ਕੱਢਿਆ।


ਮੁਲਾਕਾਤੀ: ਸਤਵੀਰ ਸਿੰਘ ਚਾਨੀਆਂ
92569-73526
(Punjab Mail USA)




48 ਚੱਕ ਵਿਚ ਰਾਮ ਸਿੰਘ ਇਧਰ ਆ ਕੇ ਫਿਰ ਵਾਪਸ ਮੁੜ ਗਿਆ। ਉਸ ਦੇ ਘਰੋਂ, ਬੇਟੇ ਤੀਰਥ, ਜਸਵੰਤ ਅਤੇ ਜਗੀਰ ਬੜੀ ਮੁਸ਼ਕਲ ਨਾਲ ਬਚ ਕੇ ਆਏ। ਤੀਰਥ ਦੇ ਘਰੋਂ ਜੱਸ ਕੌਰ ਬਚ ਰਹੀ। ਜਸਵੰਤ ਦੇ ਘਰੋਂ ਬਚਨ ਕੌਰ ਪਿੰਡ ਉਪਰ ਹੋਏ ਹਮਲੇ ਸਮੇਂ ਇਕ ਹੋਰ ਵਿਆਂਦੜ ਨਾਲ ਨਹਿਰ ਵਿਚ ਛਾਲ ਮਾਰਕੇ ਜਾਨ ਦੇ ਗਈਆਂ। ਜਗੀਰ ਦੇ ਘਰੋਂ ਤਦੋਂ ਆਪਣੇ ਪੇਕੇ ਘਰ ਗਈ ਹੋਣ ਕਾਰਨ, ਬਚ ਰਹੀ।

ਇੱਧਰ ਨਵਾਂ ਪਿੰਡ ਉਪਰ ਵੀ ਆਲੇ-ਦੁਆਲੇ ਪਿੰਡਾਂ ਵਲੋਂ ਕੱਠੇ ਹੋ ਕੇ ਮੁਸਲਮਾਨਾਂ ਦੀ ਲੁੱਟ-ਮਾਰ ਕਰਨ ਦੀ ਨੀਅਤ ਨਾਲ ਹਮਲਾ ਕਰ ਦਿੱਤਾ। ਸਮਾਨ ਲੁੱਟ ਲਿਆ, ਕਈ ਜਵਾਨ ਔਰਤਾਂ ਤਾਈਂ ਉਠਾਕੇ ਲੈ ਗਏ। ਉਠਾਈਆਂ ਔਰਤਾਂ ਵਿਚ ਤੇਲੀਆਂ ਦੀ ਇਕ ਨੂੰਹ ਅਤੇ ਇਕ ਧੀ ਸ਼ਾਮਲ ਸੀ (ਇਨ੍ਹਾਂ ਤੇਲੀਆਂ ਦੀ ਹੀ ਸਈਨਾ ਨਾਮੇ ਕੁੜੀ ਚਾਨੀਆਂ ਦੇ ਮੁਸਲਿਮ ਤੇਲੀ ਜਮਾਲੀ ਵਲਦ ਨਾਨਕ ਨੂੰ ਵਿਆਹੀ ਹੋਈ ਸੀ। ਨਾਨਕ ਦਾ ਵੇਦ ਪਾਲ ਅਰੋੜਾ ਵਾਲਾ ਘਰ ਹੁੰਦਾ)।

ਮੁਸਲਿਮ ਘੁਮਿਆਰਾਂ ਨੇ ਮਿੱਟੀ ਦੇ ਭਾਂਡਿਆਂ ਦੀ ਸਸਤੇ 'ਚ ਸੇਲ ਲਾ'ਤੀ। ਮੇਰੀ ਮਾਂ ਨੇ ਦਮੜੀ ਦਿੰਦਿਆਂ ਮੈਨੂੰ ਕਿਹਾ, "ਜਾਹ ਤੂੰ ਵੀ ਇਕ ਚਾਟੀ ਲੈ ਆ"। ਬਾਹਰ ਨਿੱਕਲੀ ਤਾਂ ਗਲੀ ਦੇ ਮੋੜ 'ਤੇ ਮੇਰਾ ਭਰਾ ਮੇਲਾ ਸਿੰਘ ਅਤੇ ਉਦਾ ਦੋਸਤ ਭਜਨ ਸਿੰਘ ਕੰਬੋਅ, ਲਾਠੀਆਂ ਲਈ ਪਹਿਰੇ ਉਤੇ ਸਨ। ਉਨ੍ਹਾਂ ਮੈਨੂੰ ਰੋਕ ਕੇ ਇਕ ਦਮ ਪਿੱਛੇ ਮੁੜਨ ਲਈ ਕਿਹਾ, ਤਾਂ ਮੈਂ ਉਵੇਂ ਹੀ ਮੁੜ ਆਈ। ਉਪਰੋਕਤ ਸਾਰੀ ਤਲਖ਼ ਹਕੀਕਤ ਇਕ ਬੁਰੇ ਸੁਪਨੇ ਵਾਂਗ ਅੱਜ ਵੀ ਮੇਰੇ ਚੇਤਿਆਂ ਵਿਚ ਹੈ, ਜੋ ਭੁਲਾਇਆਂ ਵੀ ਨਹੀਂ ਭੁੱਲਦੀ।"

# ਇੱਕ ਪਤੀਵਰਤਾ ਔਰਤ ਦੀ ਬੇਮਿਸਾਲ ਕਹਾਣੀ ਹੈ ਫ਼ਿਲਮ "ਬੁੱਕਲ਼ ਦੇ ਸੱਪ"

ਹਰ ਕਲਾ ਇੱਕ ਸਾਧਨਾ ਅਤੇ ਮਿਹਨਤ ਦੀ ਮੰਗ ਕਰਦੀ ਹੈ। ਜਦ ਸਾਧਨਾ, ਹਿੰਮਤ ਅਤੇ ਮਿਹਨਤ ਇੱਕਜੁੱਟ ਹੋ ਤੁਰਦੀਆਂ ਹਨ, ਤਾਂ ਉਥੇ ਆਸਾਂ ਨੂੰ ਬੂਰ ਵੀ ਪੈਂਦਾ ਹੈ ਅਤੇ ਮਿਹਨਤ ਦਾ ਮੁੱਲ ਵੀ ਮੁੜਦਾ ਹੈ। ਦੂਜੀ ਗੱਲ ਇਹ ਵੀ ਧਿਆਨ ਮੰਗਦੀ ਹੈ ਕਿ ਜਿਤਨੀ ਦੇਰ ਕਿਰਤ ਅਤੇ ਫ਼ਿਲਮ ਨਿਰਦੇਸ਼ਕ 'ਇੱਕ ਜੋਤ' ਨਹੀਂ ਹੁੰਦੇ, ਨਾ ਦਰਸ਼ਕ ਅਤੇ ਨਾ ਬਣਾਉਣ ਵਾਲ਼ੇ ਨੂੰ ਸੰਤੁਸ਼ਟੀ ਨਸੀਬ ਹੋਵੇਗੀ। ਇਸ ਫ਼ਿਲਮ ਦੇ ਵਿਸ਼ੇ ਬਾਰੇ, ਜਾਂ ਕਹਾਣੀ ਬਾਰੇ ਮੈਂ ਬਹੁਤਾ ਵਿਸਥਾਰਪੂਰਵਕ ਚਾਨਣਾ ਨਹੀਂ ਪਾਵਾਂਗਾ, ਕਿਉਂਕਿ ਜੇ ਦਰਸ਼ਕ ਖ਼ੁਦ ਮੂਵੀ ਦੇਖ ਕੇ ਕਹਾਣੀ ਅਤੇ ਵਿਸ਼ੇ ਦੀ ਪੜਚੋਲ਼ ਕਰੇ ਅਤੇ ਫ਼ੈਸਲਾ ਦੇਵੇ, ਤਾਂ ਇਹ ਗੀਤ ਸੋਨੇ 'ਤੇ ਸੁਹਾਗੇ ਦਾ ਕਾਰਜ ਕਰੇਗੀ। ਫ਼ਿਲਮ ਦਾ 'ਅਸਲ ਜੱਜ' ਤਾਂ ਦਰਸ਼ਕ ਹੀ ਹੋਣਾ ਚਾਹੀਦਾ ਹੈ, ਕਿਉਂਕਿ ਅੱਜ-ਕੱਲ੍ਹ ਦੇ 'ਵਿਕਾਊ ਜ਼ਮਾਨੇ' ਵਿਚ ਸਮੀਖਿਆ ਤਾਂ ਖਰੀਦੀ ਵੀ ਜਾ ਸਕਦੀ ਹੈ। ਅੱਜਕੱਲ੍ਹ ਉਹ 'ਮਾਣ' ਵੀ ਰੱਖੇ ਜਾਂਦੇ ਨੇ ਕਿ ਅੱਧੀ ਤੇਰੀਆਂ ਮੁਲ੍ਹਾਜੇਦਾਰਾ, ਵੇ ਅੱਧੀ ਆਂ ਗ਼ਰੀਬ ਜੱਟ ਦੀ...। ਵਿਦੇਸ਼ਾਂ ਵਿਚੋਂ ਮਿਲ਼ਦੀ 'ਸਬਸਿਡੀ' ਸਾਡੀਆਂ ਪੰਜਾਬੀ ਫ਼ਿਲਮਾਂ ਨੂੰ ਘੁਣ ਬਣ ਕੇ ਚਿੰਬੜ ਚੁੱਕੀ ਹੈ ਅਤੇ ਦੈਂਤ ਵਾਂਗ ਨਿਘਾਰ ਵੱਲ ਧੂਹ ਰਹੀ ਹੈ।

'ਬਦਲਾ ਜੱਟੀ ਦਾ' ਅਤੇ 'ਜੱਟ ਜਿਉਣਾ ਮੌੜ' ਵਰਗੀਆਂ ਬਹੁ-ਚਰਚਿਤ ਪੰਜਾਬੀ ਫ਼ਿਲਮਾਂ ਦੇ ਸਿਰਮੌਰ ਨਿਰਦੇਸ਼ਕ ਬਾਈ ਰਵਿੰਦਰ ਰਵੀ ਦੇ ਨਿਰਦੇਸ਼ਨ ਅਧੀਨ ਅਤੇ ਬਾਈ ਜੀਤ ਸਿੰਘ ਸੰਧੂ ਦੇ ਚਰਚਿਤ ਨਾਵਲ 'ਤੇ ਅਧਾਰਿਤ ਬਣੀ ਫ਼ਿਲਮ "ਬੁੱਕਲ਼ ਦੇ ਸੱਪ" ਮੈਂ ਯੂ-ਟਿਊਬ 'ਤੇ ਦੋ ਵਾਰ ਦੇਖੀ।



-ਸ਼ਿਵਚਰਨ ਜੱਗੀ ਕੁੱਸਾ
jaggikussa@yahoo.de
(Punjab Mail USA)




ਇਸ ਫ਼ਿਲਮ ਦੀ ਨਾਇਕਾ ਕੰਵਲ (ਜੋਤ ਚਾਹਲ) ਆਪਣੇ ਪਤੀ ਰਣਜੀਤ (ਸੋਨਪ੍ਰੀਤ ਜਵੰਧਾ) ਨੂੰ ਬੇਪਨਾਂਹ ਮੁਹੱਬਤ ਕਰਦੀ ਹੈ। ਪਰ ਉਸ ਨੂੰ ਆਪਣੇ ਆਪ ਉੱਪਰ ਇੱਕ ਸ਼ਿਕਵਾ ਅਤੇ ਰੋਸਾ ਵੀ ਹੈ ਕਿ ਉਹ ਢਿੱਡੋਂ ਨਹੀਂ ਫੁੱਟੀ ਅਤੇ ਆਪਣੇ ਪਤੀ ਨੂੰ ਕੋਈ ਬੱਚਾ ਨਹੀਂ ਦੇ ਸਕੀ। ਰਿਸ਼ਤੇ ਪ੍ਰਤੀ ਇਮਾਨਦਾਰੀ ਅਤੇ ਫ਼ਰਜ਼ ਨੂੰ ਸਮਝਦਿਆਂ ਉਸ ਦੀ ਰੀਝ ਹੀ ਇਹ ਹੈ ਕਿ ਉਨ੍ਹਾਂ ਦੇ ਵਿਹੜੇ ਵਿਚ ਕੋਈ ਬਾਲ ਚਾਂਭੜ੍ਹਾਂ ਪਾਵੇ।

ਆਖਰ ਕੰਵਲ ਦੀ ਇਹ ਰੀਝ ਇੱਕ 'ਜਨੂੰਨ' ਅਤੇ ਫ਼ਿਰ 'ਪਾਗਲਪਨ' ਦਾ ਰੂਪ ਧਾਰਨ ਕਰ ਲੈਂਦੀ ਹੈ। ਉਹ ਆਪਣੇ ਪਤੀ ਉੱਪਰ ਦੂਜਾ ਵਿਆਹ ਕਰਵਾਉਣ ਲਈ ਦਬਾਅ ਪਾਉਣ ਲੱਗਦੀ ਹੈ। ਪਰ ਉਸ ਦਾ ਪਤੀ ਭਵਿੱਖ ਪ੍ਰਤੀ ਸੁਚੇਤ ਹੈ। ਉਹ ਭਲੀ-ਭਾਂਤ ਜਾਣੂੰ ਹੈ ਕਿ ਉਸ ਦਾ ਦੂਜਾ ਵਿਆਹ ਉਸ ਦੀ ਪਹਿਲੀ ਪਤਨੀ ਕੰਵਲ ਦੀ ਖ਼ੁਸ਼ਹਾਲ ਜ਼ਿੰਦਗੀ 'ਨਰਕ' ਬਣਾ ਦੇਵੇਗਾ। ਅਖ਼ੀਰ ਹੁੰਦਾ ਓਹੀ ਕੁਝ ਹੈ, ਜਿਸ ਦਾ ਕੰਵਲ ਦੇ ਪਤੀ ਰਣਜੀਤ ਨੂੰ ਡਰ ਸੀ। ਆਪਣੀ ਪਹਿਲੀ ਪਤਨੀ ਦੀ ਜ਼ਿੱਦ ਅੱਗੇ ਹਾਰ ਕੇ ਬੇਵੱਸ ਅਤੇ ਲਾਚਾਰ ਰਣਜੀਤ ਦੂਜਾ ਵਿਆਹ ਕਰਵਾ ਲੈਂਦਾ ਹੈ। ਫ਼ਿਰ 'ਸੌਂਕਣ' ਬਣੀ ਰਣਜੀਤ ਦੀ ਦੂਜੀ ਪਤਨੀ ਸਮੁੰਦਰੋਂ (ਕੁਲਵਿੰਦਰ ਕੌਰ) ਉਸ ਦੀ ਪਹਿਲੀ ਪਤਨੀ ਕੰਵਲ ਦਾ ਜਿਉਣਾ ਕਿਵੇਂ ਦੁੱਭਰ ਕਰਦੀ ਹੈ, ਫ਼ਿਲਮ ਦੇਖ ਕੇ ਹੀ ਪਤਾ ਲੱਗਦਾ ਹੈ। ਫ਼ਿਲਮ ਦੀ ਕਹਾਣੀ ਉਸ ਵੇਲ਼ੇ ਜ਼ਬਰਦਸਤ ਮੋੜ ਕੱਟਦੀ ਹੈ, ਜਦ ਰਣਜੀਤ ਦੀ ਦੂਜੀ ਪਤਨੀ ਦਾ ਰਿਸ਼ਤੇਦਾਰ 'ਬਲੌਰੀ' (ਨੀਟੂ ਪੰਧੇਰ) ਜਮਦੂਤ ਬਣ, ਸ਼ਾਂਤ ਮਾਹੌਲ ਵਿਚ ਆ ਡਿੱਗਦਾ ਅਤੇ "ਮਾਣਸ-ਬੂ - ਮਾਣਸ-ਬੂ" ਕਰਦਾ ਫ਼ਿਰਦਾ ਹੈ। ਇਸ ਫ਼ਿਲਮ ਵਿਚ ਸ਼ਰੀਕੇਬਾਜ਼ੀ ਦਾ ਸਿਖ਼ਰ ਬਲੌਰੀ ਦੀ ਕਮੀਨਗੀ ਭਰੀ ਕਾਰਗੁਜ਼ਾਰੀ ਹੈ। ਰਣਜੀਤ ਦੀ ਦੂਜੀ ਪਤਨੀ ਸਮੁੰਦਰੋ ਚੁੜੇਲ ਬਿਰਤੀ ਵਾਲ਼ੀ ਕੁਪੱਤੀ ਔਰਤ ਹੈ। ਚਤਰ ਅਤੇ ਕਮੀਨਾਂ ਬਲੌਰੀ ਕਿਵੇਂ ਉਸ ਨੂੰ ਆਪਣੇ ਜਾਲ਼ ਵਿਚ ਫ਼ਸਾ ਕੇ ਜਿਸਮਾਨੀ ਅਤੇ ਆਰਥਿਕ ਤੌਰ 'ਤੇ ਵਰਤਦਾ ਹੈ, ਇਹ ਸ਼ਰੀਕੇਬਾਜ਼ੀ ਅਤੇ ਕਮੀਨਗੀ ਦੀ 'ਹੱਦ' ਹੈ।






ਕਲਾਕਾਰ ਕਿਸੇ ਵੀ ਫ਼ਿਲਮ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਫ਼ਿਲਮ ਵਿਚ ਸਾਰੇ ਕਲਾਕਾਰ ਠੂੰਹੇਂ ਦੇ ਡੰਗ ਵਰਗੇ ਨੇ। ਸਾਰੀ ਫ਼ਿਲਮ ਸੋਨਪ੍ਰੀਤ ਜਵੰਧਾ ਅਤੇ ਜੋਤ ਚਾਹਲ ਦੁਆਲ਼ੇ ਘੁੰਮਦੀ ਹੈ ਅਤੇ ਬਿਨਾ ਸ਼ੱਕ ਉਨ੍ਹਾਂ ਨੇ ਇਨ੍ਹਾਂ ਕਿਰਦਾਰਾਂ ਵਿਚ ਜਾਨ ਪਾ ਦਿੱਤੀ। ਕਾਮਰੇਡ ਦਾ ਰੋਲ ਹੌਬੀ ਧਾਲ਼ੀਵਾਲ਼ ਅਤੇ ਉਸ ਦੀ ਪਤਨੀ ਦਾ ਕਿਰਦਾਰ ਮੈਡਮ ਕੁਲਵੰਤ ਖੁਰਮੀਂ ਨੇ ਬਾ-ਕਮਾਲ ਨਿਭਾਅ ਕੇ ਆਪਣੀ ਪ੍ਰਤਿਭਾ ਦਾ ਸਬੂਤ ਦਿੱਤਾ। ਬਲੌਰੀ ਦਾ ਕਿਰਦਾਰ ਨੀਟੂ ਪੰਧੇਰ ਨੇ ਬਾਖ਼ੂਬੀ ਨਿਭਾਇਆ ਹੈ। ਇੱਕ ਗੱਲ ਨੀਟੂ ਪੰਧੇਰ ਬਾਰੇ ਜ਼ਰੂਰ ਲਿਖਾਂਗਾ। ਨੀਟੂ ਪੰਧੇਰ ਪੰਜਾਬੀ ਫ਼ਿਲਮਾਂ ਦਾ 'ਗੱਬਰ ਸਿੰਘ' ਹੈ। ਉਸ ਦੀ ਕਲਾ ਬਾ-ਕਮਾਲ ਅਤੇ ਸ਼ਾਨਦਾਰ ਹੈ। ਉਹ ਆਪਣੇ ਕਿਰਦਾਰ ਨੂੰ ਜਿਉਂਦਾ ਹੈ। ਪਰ ਬੇਹੱਦ ਅਫ਼ਸੋਸ ਨਾਲ਼ ਕਹਿਣਾ ਪੈ ਰਿਹਾ ਹੈ ਕਿ ਉਸ ਦੀ ਕਲਾ ਦੀ ਪੰਜਾਬੀ ਫ਼ਿਲਮ ਇੰਡਸਟਰੀ ਨੇ ਉੱਕਾ ਕਦਰ ਨਹੀਂ ਪਾਈ। ਜੇ ਹਿੰਦੀ ਅਤੇ ਪੰਜਾਬੀ ਫ਼ਿਲਮ ਇੰਡਸਟਰੀ ਨੀਟੂ ਪੰਧੇਰ ਨੂੰ ਮੌਕਾ ਦੇਵੇ, ਤਾਂ ਮੈਂ ਦਾਅਵੇ ਨਾਲ਼ ਕਹਿਣ ਨੂੰ ਤਿਆਰ ਹਾਂ ਕਿ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਵਿਚ ਉਹ ਪੂਰਾ ਸਮਰੱਥ ਕਲਾਕਾਰ ਹੈ। ਫ਼ਿਲਮ ਵਿਚ ਸੀਰੀ ਦਾ ਭਾਵਨਾਤਮਿਕ ਕਿਰਦਾਰ ਕੁਲਦੀਪ ਨਿਆਮੀਂ ਨੇ ਨਿਭਾਅ ਕੇ ਆਪਣੀ ਕਲਾ ਦਾ ਲੋਹਾ ਮੰਨਵਾਇਆ। ਪਰ ਸਭ ਤੋਂ ਅਲੱਗ ਤਰ੍ਹਾਂ ਦਾ ਰੋਲ ਨੀਟੂ ਪੰਧੇਰ ਨੇ 'ਬਲੌਰੀ' ਦਾ ਅਤੇ ਕੁਲਵਿੰਦਰ ਕੌਰ ਨੇ 'ਸਮੁੰਦਰੋ' ਦਾ ਕਰਕੇ ਇਹ ਦਰਸਾ ਦਿੱਤਾ ਕਿ ਇੱਕ ਰਵਾਇਤੀ ਕਲਾਕਾਰੀ ਨਾਲ਼ੋਂ 'ਸੁਭਾਇਕੀ' ਕੀਤੀ ਕਲਾਕਾਰੀ ਕਿੰਨੀ ਜਾਨਦਾਰ ਅਤੇ ਵਜ਼ਨਦਾਰ ਹੁੰਦੀ ਹੈ।

ਫ਼ਿਲਮ "ਬੁੱਕਲ਼ ਦੇ ਸੱਪ" ਯੂ-ਟਿਊਬ ਉੱਪਰ ਉਪਲੱਬਧ ਹੈ। ਪਰ ਇਹ ਗੱਲ ਕਹਿਣ ਤੋਂ ਵੀ ਸੰਕੋਚ ਨਹੀਂ ਕਰਾਂਗਾ ਕਿ ਇਹ ਫ਼ਿਲਮ ਤੁਸੀਂ ਆਪਣੇ ਪ੍ਰੀਵਾਰ ਨਾਲ ਬੈਠ ਕੇ ਨਹੀਂ ਦੇਖ ਸਕਦੇ, ਕਿਉਂਕਿ ਇਸ ਵਿਚ ਕੁਝ 'ਬੋਲਡ' ਅਤੇ ਕੁਝ ਇਤਰਾਜ਼ਯੋਗ ਦ੍ਰਿਸ਼ ਪਾਏ ਗਏ ਹਨ। ਫ਼ਿਲਮ ਦਾ ਨਿਚੋੜ ਤਾਂ ਇਹ ਦਰਸਾਉਂਦਾ ਹੈ ਕਿ ਜਦ ਆਫ਼ਰੇ ਸ਼ਰੀਕ, ਗਲ਼ ਥਾਣੀਂ ਪਜਾਮਾ ਲਾਹੁੰਣੋਂ ਬਾਜ ਨਾ ਆਉਣ, ਤਾਂ ਆਖਰ ਹਥਿਆਰ ਨੂੰ ਹੱਥ ਪਾਉਣ ਤੋਂ ਇਲਾਵਾ ਬੰਦੇ ਕੋਲ਼ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਇੱਕ ਘਾਗ ਨਿਰਦੇਸ਼ਕ ਰਵਿੰਦਰ ਰਵੀ ਦੇ ਪੀਠੇ ਦਾ ਛਾਨਣਾ ਕੀ...? ਬਾਈ ਰਵਿੰਦਰ ਰਵੀ ਅਤੇ ਨਿਰਮਾਤਾ ਸਵਰਨ ਸਿੰਘ ਵਧਾਈ ਦੇ ਪਾਤਰ ਹਨ, ਜਿਨ੍ਹਾਂ ਨੇ ਇੱਕ ਵੱਖਰਾ ਵਿਸ਼ਾ ਲੈ ਕੇ ਫ਼ਿਲਮ ਬਣਾਉਣ ਲਈ ਦਿਲ ਕੱਢਿਆ।

## 1 ਮਈ ਨੂੰ ਬਰਸੀ 'ਤੇ ਵਿਸ਼ੇਸ਼

# ਪੰਜਾਬੀ ਸਾਹਿਤ ਦੇ ਮਹਾਨ ਸਪੂਤ ਬੇਦੀ ਲਾਲ ਸਿੰਘ ਸਾਹਿਤਕਾਰ

-ਦਿਲਜੀਤ ਸਿੰਘ ਬੇਦੀ
(Punjab Mail USA)



ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਬਜ਼ੁਰਗ ਦਾਨਸ਼ਵਰ ਬੇਦੀ ਲਾਲ ਸਿੰਘ ਜੀ ਸਾਹਿਤਕਾਰ 1 ਮਈ, 2000 ਦੀ ਅੱਧੀ ਰਾਤ ਨੂੰ, ਇਸ ਫਾਨੀ ਸੰਸਾਰ ਨੂੰ ਸਦੀਵੀਂ ਅਲਵਿਦਾ ਕਹਿ ਗਏ। ਦਸੰਬਰ 1910 ਵਿਚ ਜਨਮੇ ਬੇਦੀ ਲਾਲ ਸਿੰਘ ਨੇ ਗੁਰਬਾਣੀ, ਗੁਰਮਤਿ, ਸਾਹਿਤ ਤੇ ਇਤਿਹਾਸ ਬਾਰੇ ਪੁਸਤਕਾਂ ਰਚਣ ਤੋਂ ਇਲਾਵਾ ਪੱਤਰਕਾਰੀ, ਸਾਹਿਤਕਾਰੀ ਤੇ ਇਤਿਹਾਸਕਾਰੀ ਲਈ ਬਹੁਤ ਸਾਰਾ ਪ੍ਰਮਾਣਿਕ ਕੰਮ ਕੀਤਾ। ਉਹ ਅੰਗਰੇਜ਼ੀ, ਅਰਬੀ, ਫ਼ਾਰਸੀ, ਸੰਸਕ੍ਰਿਤ, ਬ੍ਰਿਜ, ਪੰਜਾਬੀ, ਹਿੰਦੀ ਤੇ ਉਰਦੂ ਦੇ ਵਿਦਵਾਨ ਸਨ। ਆਪਣੀ ਇਸ ਬਹੁਭਾਸ਼ਾਈ ਯੋਗਤਾ ਦੀ ਵਰਤੋਂ ਕਰਦਿਆਂ ਉਨ੍ਹਾਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੀਆਂ ਅਮਰ ਰਚਨਾਵਾਂ ਨੂੰ ਭਾਸ਼ਾਈ ਵਿਕਾਸ, ਭਾਸ਼ਾਗਤ ਵਖਰੇਵੇਂ ਅਤੇ ਭਾਸ਼ਾਈ ਸੁਹਜ-ਸ਼ਾਸਤਰੀ ਦ੍ਰਿਸ਼ਟੀ ਤੋਂ ਵਿਚਾਰਦੇ ਹੋਏ, ਯਾਦਗਾਰੀ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਪ੍ਰਸਿੱਧ ਪੁਸਤਕ 'ਭਾਰਤ ਦਰਸ਼ਨ' ਚਾਣਕੀਆਂ ਰਾਜਨੀਤੀ, ਕਾਫ਼ੀ ਚਰਚਾ ਦਾ ਵਿਸ਼ਾ ਰਹੀਆਂ ਭਾਰਤ ਦਰਸ਼ਨ ਵਿਚ ਵੱਖ-ਵੱਖ ਸ਼ਹਿਰਾਂ, ਇਮਾਰਤਾਂ, ਸੱਭਿਆਚਾਰਾਂ ਤੇ ਵਰਤਾਰਿਆਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ ਅਤੇ ਨਾਵਾਂ-ਥਾਵਾਂ ਦੀ ਵਿਉਂਤਪਤੀ ਬਾਰੇ ਜਿੰਨੀ ਬਾਰੀਕੀ ਨਾਲ ਉਹ ਪਰਖ ਪੜਚੋਲ ਕਰਦੇ ਹਨ, ਉਹ ਆਪਣੇ ਆਪ ਵਿਚ ਇਕ ਨਾਦਰ ਨਮੂਨਾ ਅਤੇ ਅਨੂਠਾ ਅਨੁਭਵ ਹੈ। ਛੋਟੇ-ਛੋਟੇ ਟ੍ਰੈਕਟਾਂ ਨੂੰ ਵੱਖ-ਵੱਖ ਇਤਿਹਾਸਕ ਦਿਹਾੜਿਆਂ ਉਤੇ ਛਾਪ ਕੇ ਫ੍ਰੀ ਵੰਡਣ ਦੀ ਪ੍ਰਵਿਰਤੀ ਤਹਿਤ ਉਨ੍ਹਾਂ ਨੇ ਸਾਧਾਰਨ ਮਨ ਵਿਚ ਸਮਾਜਿਕ ਜਾਗ੍ਰਤੀ ਪੈਦਾ ਕਰਨ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਹ ਅਜਿਹੇ ਸਿਰੜੀ, ਸਿਦਕੀ, ਸੰਜਮੀ ਤੇ ਖੁਸ਼ ਰਹਿਣ ਵਾਲੇ ਵਿਅਕਤੀ ਸਨ ਕਿ ਉਨ੍ਹਾਂ ਨੇ ਲਗਾਤਾਰ ਸੱਠ ਸਾਲ ਸਾਹਿਤ ਰਚਨਾ ਕੀਤੀ। ਰਾਜ ਪੱਧਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਸਭਾਵਾਂ ਤੇ ਸੰਸਥਾਵਾਂ ਨੇ ਉਨ੍ਹਾਂ ਨੂੰ ਬੇਅੰਤ ਮਾਨ-ਸਨਮਾਨ ਦਿੱਤੇ। ਸਿੱਖਿਆ ਵਿਭਾਗ ਤੋਂ ਸੇਵਾਮੁਕਤ ਹੋਣ ਉਪਰੰਤ ਉਨ੍ਹਾਂ ਨੇ ਬਹੁਤ ਸਾਰੇ ਸਪਤਾਹਿਕ, ਪੰਦਰਾਂ ਰੋਜ਼ਾ ਤੇ ਮਾਸਿਕ ਪੱਤਰਾਂ ਦੀ ਸੰਪਾਦਨਾ ਕੀਤੀ। ਚੀਫ਼ ਖਾਲਸਾ ਦੀਵਾਨ ਦੀ ਖਾਲਸਾ ਟ੍ਰੈਕਟ ਸੁਸਾਇਟੀ ਦੇ 'ਨਿਰਗੁਣੀਆਰਾ' ਪੱਤਰ ਦੀ ਉਨ੍ਹਾਂ ਨੇ ਢਾਈ ਦਹਾਕੇ ਸੰਪਾਦਨਾ ਹੀ ਨਹੀਂ ਕੀਤੀ, ਸਗੋਂ ਇਸ ਦੀ ਦਿੱਖ, ਦੱਖ ਤੇ ਮੈਟਰ ਨੂੰ ਵਿਉਂਤਣ ਤੇ ਪ੍ਰਸਤੁਤ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਜੀ ਦੇ ਗੁਰਬਾਣੀ ਕੋਸ਼ ਨੂੰ ਦੋ ਵਾਰ ਪੁਨਰ ਪ੍ਰਕਾਸ਼ਿਤ ਕਰਵਾ ਕੇ, ਗੁਰਬਾਣੀ ਪ੍ਰੇਮੀਆਂ ਦੀਆਂ ਦੁਬਿਧਾਵਾਂ ਸਰਲ ਕਰਨ ਵਿਚ ਆਪਣਾ ਹਿੱਸਾ ਪਾਇਆ। ਹਿੰਦ-ਪਾਕਿ ਵੰਡ ਦੀ ਤ੍ਰਾਸਦੀ ਝੱਲਦੇ ਹੋਏ, ਅਗਸਤ 1947 ਵਿਚ ਉਹ ਬੱਦੋਮੱਲੀ ਤੋਂ ਆਪਣੇ ਜਿਸਮ 'ਤੇ ਬਰਛੀਆਂ ਦੇ ਦਰਜਨਾਂ ਜ਼ਖ਼ਮ ਲੈ ਕੇ ਅੰਮ੍ਰਿਤਸਰ ਪਹੁੰਚੇ, ਜੋ ਬਾਅਦ ਵਿਚ ਭਾਵੇਂ ਉਨ੍ਹਾਂ ਦੇ ਜਿਸਮ ਦਾ ਅਟੁੱਟ ਤੇ ਅਕੱਟ ਭਾਗ ਬਣ ਗਏ ਪਰ ਇਸ ਕਰਮਯੋਗੀ ਵਿਅਕਤੀ ਨੇ ਕਦੀ ਭੂਤ-ਸਿਮਰਨ ਕਰਕੇ ਉਦਾਸੀ ਜਾਂ ਨਫ਼ਰਤ ਦਾ ਪ੍ਰਗਟਾਵਾ ਨਹੀਂ ਸੀ ਕੀਤਾ, ਸਗੋਂ ਚੰਗੇਰੇ ਕੱਲ੍ਹ ਦੀ ਸਿਰਜਣਾ ਵਿਚ ਯਤਨਸ਼ੀਲ ਰਹੇ। ਨਾਮਧਾਰੀ ਦਰਬਾਰ ਨੇ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ। ਉਨ੍ਹਾਂ ਦੀ ਲੇਖਣੀ ਵਿਚ ਖੂਬਸੂਰਤ ਸ਼ਬਦਾ ਦਾ ਪ੍ਰਗਟਾਅ ਹੁੰਦਾ ਸੀ।


ਉਨ੍ਹਾਂ ਦੀਆਂ ਲਿਖਤਾਂ ਕਿਉਂਕਿ ਅੰਧ-ਵਿਸ਼ਵਾਸ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਦੀਆਂ ਸਨ, ਇਸ ਲਈ ਉਨ੍ਹਾਂ ਨੇ ਵਿਵਾਦਾਂ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਸਦਾ ਇਕ ਖੁਸ਼ ਰਹਿਣੇ, ਮੁਹੱਬਤੀ ਤੇ ਦਿਲਆਵੇਜ਼ ਸ਼ਖ਼ਸ ਵਾਂਗ ਜੀਵਨ ਬਤੀਤ ਕੀਤਾ। ਉਹ ਅਜਿਹੀ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਸਨ ਕਿ ਜਿਹੜਾ ਸ਼ਖ਼ਸ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ, ਉਹ ਉਨ੍ਹਾਂ ਦੀ ਮੋਹ ਦੀ ਗੁਰੂਤਾ ਵਿਚੋਂ ਬਾਹਰ ਨਾ ਨਿਕਲ ਸਕਦਾ। ਉਨ੍ਹਾਂ ਦੇ ਛੋਟੇ ਭਰਾਤਾ ਬੇਦੀ ਖੁਸ਼ਹਾਲ ਸਿੰਘ ਜੀ ਵੈਦਰਾਜ ਨੇ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਯੂਰਵੇਦ ਤੇ ਨਿੱਜੀ ਅਨੁਭਵ 'ਤੇ ਆਧਾਰਿਤ ਪੁਸਤਕਾਂ ਦੀ ਰਚਨਾ ਕੀਤੀ। ਉਨ੍ਹਾਂ ਤੋਂ ਪ੍ਰੇਰਿਤ ਉਨ੍ਹਾਂ ਦੇ ਸ. ਕੁਲਵੰਤ ਸਿੰਘ ਸੂਫੀ ਚੰਗੇ ਵਕਤਾ, ਸ. ਹਰਜੀਤ ਸਿੰਘ ਬੇਦੀ ਚੰਗੇ ਕਹਾਣੀਕਾਰ ਸਨ, ਪ੍ਰੋਫੈਸਰ ਹਰਚੰਦ ਸਿੰਘ ਬੇਦੀ ਨੇ ਸਾਹਿਤ-ਆਲੋਚਨਾ, ਸਿੱਖ ਇਤਿਹਾਸ ਤੇ ਪਰਵਾਸੀ ਸਾਹਿਤ ਦੇ ਖੇਤਰ ਵਿਚ ਵੱਡਾ ਨਾਂ ਕਮਾਇਆ ਹੈ। ਦਾਸ ਦਿਲਜੀਤ ਸਿੰਘ ਬੇਦੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਸਕੱਤਰ ਅਹੁਦੇ ਤੋਂ ਸੇਵਾਮੁਕਤ ਹੋਏ ਗੁਰਮਤਿ ਸਾਹਿਤ ਤੇ ਇਤਿਹਾਸ ਨਾਲ ਸਬੰਧਤ ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ। ਸ਼੍ਰੋਮਣੀ ਕਮੇਟੀ ਦੇ ਮਾਸਕ ਪੱਤਰਾਂ ਦੇ ਲੰਮਾਂ ਸਮਾਂ ਪਬਲੀਸ਼ਿਰ ਤੇ ਸੰਪਾਦਕ ਵੀ ਰਹੇ। ਬੇਦੀ ਲਾਲ ਸਿੰਘ ਜੀ ਦੀ ਸ਼ਖ਼ਸੀਅਤ ਦਾ ਇਕ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਨੂੰ ਫਿਲਬਦੀਹ ਸ਼ੇਅਰ ਕਹਿਣ ਤੇ ਉਨ੍ਹਾਂ ਪ੍ਰਤੀ ਵਿਚਾਰ ਪੈਦਾ ਕਰਨ ਦੀ ਬੜੀ ਸਮਝ ਸੀ। ਏਸੇ ਲਈ ਵੱਡੀਆਂ-ਵੱਡੀਆਂ ਮਹਿਫ਼ਲਾਂ ਵਿਚ, ਉਹ ਵਿਦਵਾਨਾਂ ਨਾਲ ਸੰਵਾਦ ਰਚਾਉਂਦੇ ਤੇ ਉਨ੍ਹਾਂ ਨੂੰ ਨਿਰਉਤਰ ਕਰ ਦੇਂਦੇ ਸਨ।

ਸਾਨੂੰ ਯਾਦ ਹੈ ਕਿ ਬਹੁਤ ਸਮਾਂ ਪਹਿਲਾਂ ਮਾਸਟਰ ਤਾਰਾ ਸਿੰਘ ਨੇ ਇਕ ਵਾਰ ਕਾਸ਼ਤੀਵਾਲ ਵਿਖੇ ਇਕ ਵੱਡੀ ਕਾਨਫਰੰਸ ਕੀਤੀ, ਜਿਸ ਦੇ ਰੂਹੇ-ਰਵਾਂ ਬੇਦੀ ਲਾਲ ਸਿੰਘ ਜੀ ਸਨ। ਬੱਸ ਉਸ ਦਿਨ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਪੰਜਾਬੀ ਦਾ ਸ਼ਾਇਦ ਹੀ ਕੋਈ ਅਖ਼ਬਾਰ ਜਾਂ ਰਸਾਲਾ ਹੋਵੇ, ਜਿਸ ਨੇ ਬੇਦੀ ਸਾਹਿਬ ਦੀਆਂ ਰਚਨਾਵਾਂ ਨੂੰ ਆਦਰ ਸਹਿਤ ਨਾ ਛਾਪਿਆ ਹੋਵੇ। ਉਨ੍ਹਾਂ ਬਾਰੇ ਛਪੇ ਅਭਿਨੰਦਨ ਗ੍ਰੰਥ ਵਿਚ ਸਵਰਗਵਾਸੀ ਡਾ: ਪਿਆਰ ਸਿੰਘ ਨੇ ਲਿਖਿਆ ਕਿ ਬੇਦੀ ਸਾਹਿਬ ਦੀ ਥਾਂ ਜੇਕਰ ਕੋਈ ਹੋਰ ਹੁੰਦਾ, ਤਾਂ ਉਹ ਆਪਣੀ ਪਿਛਲੀ ਕੌਮੀ ਸੇਵਾ ਅਤੇ ਘੱਲੂਘਾਰੇ ਵਿਚ ਹੋਏ ਜਾਨੀ ਤੇ ਮਾਲੀ ਨੁਕਸਾਨ ਨੂੰ ਵਰਤ ਕੇ ਰਾਜਨੀਤੀ ਵਿਚ ਆਪਣੀ ਥਾਂ ਬਣਾ ਲੈਂਦਾ, ਪਰ ਇਥੇ ਤਾਂ ਉਹ ਚਤੁਰ ਰਾਜਨੀਤਿਕ ਨਹੀਂ, ਇਕ ਨਿਰਮਾਣ ਸੇਵਕ ਸੀ। ਸੋ ਉਹ ਤਾਂ ਆਦਰਸ਼ ਕੀਮਤਾਂ ਰੱਖਣ ਵਾਲਾ ਸਾਹਿਤਕਾਰ, ਦੁਨੀਆਂਦਾਰੀ ਤੋਂ ਅਭਿੱਜ ਸਾਹਿਤਕਾਰ। ਬੇਦੀ ਸਾਹਿਬ ਆਪਣੇ ਆਪ ਵਿਚ ਇਕ ਸਦੀ ਦਾ ਇਤਿਹਾਸ ਸਨ, ਉਨ੍ਹਾਂ ਨੇ ਆਪਣੀਆਂ ਯਾਦਾਂ ਨੂੰ ਭਾਵੇਂ ਵਿਧੀਵਤ ਰੂਪ ਵਿਚ ਤਾਂ ਪ੍ਰਕਾਸ਼ਿਤ ਨਹੀਂ ਕਰਵਾਇਆ ਪਰ ਉਹ ਮੂਲ ਰੂਪ ਵਿਚ ਇਕ ਨਿਸ਼ਠਾਵਾਨ ਸਿੱਖ ਸਨ, ਜਿਨ੍ਹਾਂ ਨੇ ਬਾਣੀ ਦੇ ਮਹਾਤਮ ਨੂੰ ਕੇਵਲ, ਸਮਕਾਲੀ ਪ੍ਰਸਥਿਤੀਆਂ ਵਿਚ ਹੀ ਨਹੀਂ, ਸਗੋਂ ਤ੍ਰੈਕਾਲੀ ਦ੍ਰਿਸ਼ਟੀ ਬਿੰਦੂ ਤੋਂ ਵਾਚਣ ਦੀ ਕੋਸ਼ਿਸ਼ ਕੀਤੀ। ਬੇਦੀ ਸਾਹਿਬ ਦੀਆਂ ਦਰਜਨਾਂ ਪੁਸਤਕਾਂ ਤੇ ਸੈਂਕੜੇ ਟ੍ਰੈਕਟ ਛੱਪੇ ਹਨ। ਅਖ਼ਬਾਰਾਂ ਵਿਚ ਛਪੇ ਆਰਟੀਕਲਾਂ ਦੇ ਮਾਧਿਅਮ ਰਾਹੀਂ ਢੇਰਾਂ ਦੋਸਤੀਆਂ ਉਨ੍ਹਾਂ ਨੇ ਬਣਾਈਆਂ। ਉਨ੍ਹਾਂ ਦੀ ਸਾਫ਼ਗੋਈ ਤੇ ਖੁਸ਼ਲਿਬਾਸੀ ਦੁਸ਼ਮਣਾਂ ਦਾ ਹੀ ਦਿਲ ਮੋਹ ਲੈਂਦੀ ਸੀ। ਉਨ੍ਹਾਂ ਦਾ ਦੁਸ਼ਮਣ ਕੋਈ ਨਹੀ ਸੀ, ਲੋਕ ਉਨ੍ਹਾਂ ਨਾਲ ਕਦੀ-ਕਦੀ ਹਸਦ ਕਰਦੇ ਸਨ। ਉਹ ਹਮੇਸ਼ਾਂ ਦੂਜਿਆਂ ਦੇ ਕੰਮ ਆਉਣ ਲਈ ਤਤਪਰ ਰਹਿੰਦੇ ਸਨ।

ਬੇਦੀ ਸਾਹਿਬ ਦੀ ਸ਼ਖ਼ਸੀਅਤ ਦਾ ਇਕ ਹੋਰ ਮੀਰੀ ਗੁਣ ਇਹ ਸੀ ਕਿ ਉਨ੍ਹਾਂ ਦੀ ਰਫ਼ਤਾਰ, ਗੁਫਤਾਰ ਤੇ ਦਸਤਾਰ ਰਲ ਕੇ ਇਕ ਭਾਵਪੂਰਤ ਕਿਰਦਾਰ ਸਿਰਜਦੀਆਂ ਸਨ। ਰਫ਼ਤਾਰ ਉਨ੍ਹਾਂ ਦੀ ਹਮੇਸ਼ਾਂ ਤੇਜ਼, ਗੁਫ਼ਤਾਰ ਸੰਜਮੀ ਤੇ ਪ੍ਰਭਾਵੀ, ਦਸਤਾਰ ਬੰਨਣ ਦੀ ਸ਼ੈਲੀ ਅਸਲੋਂ ਵੱਖਰੀ ਤੇ ਨਿਵੇਕਲੀ। ਦਗ-ਦਗ ਕਰਦਾ ਚਿਹਰਾ, ਰੌਸ਼ਨ ਅੱਖਾਂ, ਖਿੜਿਆ ਮਨ ਤੇ ਹੁਲਾਸ ਨਾਲ ਭਰਿਆ ਵਿਹਾਰ। ਉਨ੍ਹਾਂ ਦੀ ਜ਼ਿੰਦਗੀ ਵਿਚ ਤਿੰਨ ਐਕਸੀਡੈਂਟ ਵੀ ਹੋਏ ਅਤੇ ਉਨ੍ਹਾਂ ਨੇ ਹਮੇਸ਼ਾਂ ਆਪਣੇ ਆਤਮਬਲ ਦੇ ਸਹਾਰੇ ਛੇਤੀ ਨਿਰੋਗ ਹੋ ਕੇ ਡਾਕਟਰਾਂ ਤੇ ਸਬੰਧੀਆਂ ਨੂੰ ਅਚੰਭਿਤ ਕੀਤਾ। ਉਨ੍ਹਾਂ ਨੇ ਲੰਬਾਂ ਸਮਾਂ ਆਪਣੀਆਂ ਅੱਖਾਂ ਗੁਆ ਚੁੱਕੀ ਪਤਨੀ ਦੀ ਆਦਰਸ਼ਕ ਪੱਧਰ 'ਤੇ ਸੇਵਾ ਕੀਤੀ। ਉਨ੍ਹਾਂ ਨੇ ਇਨ੍ਹਾਂ ਮਾਨਵੀ ਤੇ ਦਿਆਲੂ ਸੁਭਾਅ ਕਰਕੇ ਹੀ ਉਨ੍ਹਾਂ ਦੇ ਪ੍ਰਸ਼ੰਸਕਾਂ ਤੇ ਪਿਆਰਿਆਂ ਦਾ ਘੇਰਾ ਹਮੇਸ਼ਾਂ ਵਸੀਹ ਹੁੰਦਾ ਗਿਆ। ਉਨ੍ਹਾਂ ਦੀ ਸ਼ਖਸੀਅਤ ਹੀ ਇੰਨੀ ਪਿਆਰੀ ਸੀ ਕਿ ਬਹੁਤੇ ਕਲਮਕਾਰ ਉਨ੍ਹਾਂ ਪਾਸੋਂ ਸਿੱਖਿਆ ਦੀਖਿਆ ਲੈਣ ਲਈ ਨਿਰੰਤਰ ਉਨ੍ਹਾਂ ਕੋਲ ਆਪਣਾ ਡੇਰਾ ਜਮਾਈ ਰੱਖਦੇ ਸਨ।

ਅੰਤਿਮ ਛਿਣਾਂ ਵਿਚ ਉਨ੍ਹਾਂ ਨੇ ਕਾਗਜ਼ 'ਤੇ ਲਿਖ ਕੇ ਦਿੱਤਾ ਕਿ ਸਾਡਾ ਹੁਣ ਅੰਤਮ ਸਮਾਂ ਆ ਗਿਆ ਹੈ। ਇਸ ਉਪਰੰਤ ਉਨ੍ਹਾਂ ਪਾਣੀ ਦਾ ਸੇਵਨ ਕੀਤਾ ਤੇ ਇਸ ਫ਼ਾਨੀ ਸੰਸਾਰ ਨੂੰ ਤਿਆਗ ਗਏ। ਅਜਿਹੇ ਕਰਮਯੋਗੀ ਤੇ ਪੁਰਸ਼ਾਰਥ ਨਾਲ ਭਰਪੂਰ ਵਿਅਕਤੀਆਂ ਦੀ ਜ਼ਿੰਦਗੀ ਜਿਥੇ ਪ੍ਰੇਰਨਾ ਦਾ ਸੋਮਾ ਬਨਦੀ ਹੈ, ਉਥੇ ਅਨੁਕਰਣ ਦਾ ਹੀ ਸਬੱਬ ਬਣਦੀ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਹਮੇਸ਼ਾਂ ਜ਼ਾਲਮ, ਜ਼ੁਲਮ ਤੇ ਮਜ਼ਲੂਮ ਵਿਚ ਤਮੀਜ਼ ਕਰਨ ਦੀ ਜਾਂਚ ਦੱਸੀ। ਉਹ ਸ਼ਬਦਾਂ ਦੇ ਰੂਪਾਂਤ੍ਰਣ ਨਾਲ ਮਨੁੱਖੀ ਮਾਨਸਿਕਤਾ ਵਿਚ ਹੋ ਰਹੀ ਤਬਦੀਲੀ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਪਰਮਾਰਥ, ਪੁਰਸ਼ਾਰਥ, ਪਦਾਰਥ ਤੇ ਸਵਾਰਥ ਨੂੰ ਇਕ ਅਜਿਹੀ ਦ੍ਰਿਸ਼ਟੀ ਵਾਂਗ ਗ੍ਰਹਿਣ ਕੀਤਾ, ਜੋ ਸਵਾਰਥ ਦੇ ਚਰਿੱਤਰ ਤੋਂ ਵਿੱਥ ਰੱਖ ਕੇ ਵਿਚਰਦੀ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਭਾਵੇਂ ਉਹ ਆਪਣੇ ਪਿੱਛੇ ਪੰਜ ਪੁੱਤਰ ਤੇ ਦੋ ਧੀਆਂ ਛੱਡ ਗਏ ਸਨ, ਜੋ ਆਪੋ ਆਪਣੇ ਖੇਤਰਾਂ ਵਿਚ ਪ੍ਰਸਿਧੀ ਪ੍ਰਾਪਤ ਕਰ ਚੁੱਕੇ ਤੇ ਕਰ ਰਹੇ ਹਨ ਪਰ ਉਨ੍ਹਾਂ ਦੀ ਪ੍ਰੇਰਣਾਦਾਇਕ ਸ਼ਖ਼ਸੀਅਤ ਅਤੇ ਉਨ੍ਹਾਂ ਵੱਲੋਂ ਸਿਰਜੇ ਗਏ ਬੇਸ਼ਕੀਮਤੀ ਪ੍ਰਬੰਧ ਹੀ, ਅਜਿਹੀ ਕੁੰਜੀ ਹੈ, ਜੋ ਅੱਜ ਚੰਗੇਰੇ ਸਮਾਜ ਦੀ ਸਿਰਜਣਾ ਲਈ ਸਾਰਥਿਕ ਤੇ ਮੁੱਲਵਾਨ ਭੂਮਿਕਾ ਨਿਭਾ ਸਕਦੀ ਹੈ। ਪਹਿਲਾਂ ਉਨ੍ਹਾਂ ਨੇ ਦੇਸ਼ ਸੇਵਕ ਦਲ ਬਣਾਇਆ, ਜੋ ਜਨ ਸੇਵਾ ਨੂੰ ਸਮਰਪਿਤ ਸੀ। ਫਿਰ ਉਨ੍ਹਾਂ ਨੇ ਥਾਣਿਆਂ ਤੇ ਕਾਨੂੰਨ ਤੋਂ ਵਿੱਥ ਥਾਪ ਕੇ ਸਮਾਜਿਕ ਨਿਆਂ ਲਈ, ਭਾਈਚਾਰਕ ਕਚਹਿਰੀਆਂ ਬਣਾਈਆਂ ਤੇ ਭਾਈਬੰਦੀ ਦੇ ਨੇਮਾਂ ਅਨੁਸਾਰ ਝਗੜੇ ਦੇ ਨਿਪਟਾਰੇ ਕੀਤੇ। ਮਜ਼ਦੂਰਾਂ ਦੀਆਂ ਆਬਾਦੀਆਂ ਵਿਚ ਰਹਿ ਕੇ ਉਨ੍ਹਾਂ ਨੇ ਜਾਗਰੂਕਤਾ ਤੇ ਸ਼ਊਰ ਪੈਦਾ ਕੀਤਾ। ਉਨ੍ਹਾਂ ਦੀ ਸ਼ਖ਼ਸੀਅਤ ਨੂੰ ਸ਼ਬਦਾਂ ਵਿਚ ਪਕੜ ਸਕਣਾ ਸੰਭਵ ਨਹੀਂ, ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਅਜਿਹੇ ਵਿਅਕਤੀ ਨੂੰ ਬਿਰਤਾਂਤ ਵਿਚ ਢਾਲਣ ਲੱਗਿਆਂ ਭਾਸ਼ਾ ਵੀ ਊਣੀ-ਊਣੀ ਤੇ ਸੱਖਣੀ-ਸੱਖਣੀ ਮਹਿਸੂਸ ਕਰਦੀ ਹੈ।

ਬੇਦੀ ਜੀ ਦੇ ਅਕਾਲ ਚਲਾਣੇ ਬਾਰੇ ਸੁਣ ਕੇ, ਉਨ੍ਹਾਂ ਦੇ ਸੁਨੇਹੀਆਂ ਨੂੰ ਵਿਸ਼ਵਾਸ ਨਹੀਂ ਸੀ ਆਉਂਦਾ ਕਿਉਂਕਿ ਉਹ ਨਿਰੰਤਰ ਉਨ੍ਹਾਂ ਨੂੰ ਜੀਵਨ ਦੇ ਕਿਸੇ ਨਾ ਕਿਸੇ ਮੋੜ 'ਤੇ ਹੱਸਦੇ ਖੇਡਦੇ, ਅਸੀਸਾਂ ਦੇਂਦੇ ਮਿਲੇ ਸਨ। ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਡਾ: ਬਲਬੀਰ ਸਿੰਘ ਵਰਗੇ ਚਿੰਤਕ ਸਾਹਿਤਕਾਰਾਂ ਦੀ ਉਤਰਕਾਲੀ ਪੀੜ੍ਹੀ ਵਿਚੋਂ ਬੇਦੀ ਜੀ ਉਹ ਵਿਦਵਾਨ ਸਨ, ਜਿਨ੍ਹਾਂ ਨੇ ਸਾਰੀ ਉਮਰ ਨਿਰਸਵਾਰਥ ਹੋ ਕੇ ਸਾਹਿਤ ਸਾਧਨਾ ਕੀਤੀ ਅਤੇ ਕਦੀ ਇਸ ਸਾਧਨਾ ਲਈ ਕਿਸੇ ਲਾਭ ਦੀ ਇੱਛਾ ਨਹੀਂ ਕੀਤੀ। 01 ਮਈ, 2000 ਨੂੰ ਉਹ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।



ਬੇਦੀ ਲਾਲ ਸਿੰਘ ਸਾਹਿਤਕਾਰ

ਉਨ੍ਹਾਂ ਦੀਆਂ ਲਿਖਤਾਂ ਕਿਉਂਕਿ ਅੰਧ-ਵਿਸ਼ਵਾਸ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਦੀਆਂ ਸਨ, ਇਸ ਲਈ ਉਨ੍ਹਾਂ ਨੇ ਵਿਵਾਦਾਂ ਨੂੰ ਵੀ ਜਨਮ ਦਿੱਤਾ। ਉਨ੍ਹਾਂ ਨੇ ਸਦਾ ਇਕ ਖੁਸ਼ ਰਹਿਣੇ, ਮੁਹੱਬਤੀ ਤੇ ਦਿਲਆਵੇਜ਼ ਸ਼ਖ਼ਸ ਵਾਂਗ ਜੀਵਨ ਬਤੀਤ ਕੀਤਾ। ਉਹ ਅਜਿਹੀ ਮਿਕਨਾਤੀਸੀ ਸ਼ਖ਼ਸੀਅਤ ਦੇ ਮਾਲਕ ਸਨ ਕਿ ਜਿਹੜਾ ਸ਼ਖ਼ਸ ਵੀ ਉਨ੍ਹਾਂ ਦੇ ਸੰਪਰਕ ਵਿਚ ਆਉਂਦਾ, ਉਹ ਉਨ੍ਹਾਂ ਦੀ ਮੋਹ ਦੀ ਗੁਰੂਤਾ ਵਿਚੋਂ ਬਾਹਰ ਨਾ ਨਿਕਲ ਸਕਦਾ। ਉਨ੍ਹਾਂ ਦੇ ਛੋਟੇ ਭਰਾਤਾ ਬੇਦੀ ਖੁਸ਼ਹਾਲ ਸਿੰਘ ਜੀ ਵੈਦਰਾਜ ਨੇ ਵੀ ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਆਯੂਰਵੇਦ ਤੇ ਨਿੱਜੀ ਅਨੁਭਵ 'ਤੇ ਆਧਾਰਿਤ ਪੁਸਤਕਾਂ ਦੀ ਰਚਨਾ ਕੀਤੀ।

# ਅਲਵਿਦਾ! ਸਿੱਖੀ ਸੋਚ ਨੂੰ ਪ੍ਰਣਾਈ ਕਵਿਤਰੀ ਗੁਰਦੇਵ ਕੌਰ ਖ਼ਾਲਸਾ ਯੂ.ਐੱਸ.ਏ.

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਜ਼ਿੰਦਗੀ ਜੱਦੋ-ਜਹਿਦ ਦਾ ਦੂਜਾ ਨਾਮ ਹੈ। ਹਰ ਇਨਸਾਨ ਨੂੰ ਜ਼ਿੰਦਗੀ ਦੀਆਂ ਤਲਖ਼ ਸੱਚਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਹੜਾ ਇਨਸਾਨ ਸਮੱਸਿਆਵਾਂ 'ਤੇ ਕਾਬੂ ਪਾਉਣ ਵਿਚ ਸਫਲ ਹੋ ਜਾਂਦਾ ਹੈ, ਉਹ ਹਮੇਸ਼ਾ ਸੱਚ ਉਪਰ ਪਹਿਰਾ ਦੇਣ ਨੂੰ ਤਰਜੀਹ ਦਿੰਦਾ ਹੈ। ਬੀਬੀ ਗੁਰਦੇਵ ਕੌਰ ਖ਼ਾਲਸਾ ਯੂ.ਐੱਸ.ਏ. ਇੱਕ ਅਜਿਹੀ ਸ਼ਖ਼ਸੀਅਤ ਸੀ, ਜਿਹੜੀ ਆਪਣੀ ਹਿੰਮਤ ਅਤੇ ਹੌਂਸਲੇ ਨਾਲ ਗੁਰਬੱਤ ਦੀ ਜ਼ਿੰਦਗੀ ਨੂੰ ਵੀ ਸੁਖਾਲਾ ਬਣਾਉਣ ਵਿਚ ਸਫਲ ਹੋਈ। ਉਸ ਨੇ ਜ਼ਮੀਨੀ ਹਕੀਕਤਾਂ ਦਾ ਮੁਕਾਬਲਾ ਕਰਦਿਆਂ ਗੁਰਬਾਣੀ ਨੂੰ ਆਪਣਾ ਮਾਰਗ ਦਰਸ਼ਕ ਬਣਾਇਆ, ਜਿਸ ਦੇ ਨਾਲ ਉਸ ਨੇ ਸਬਰ ਤੇ ਸੰਤੋਖ਼ ਦਾ ਪੱਲਾ ਫੜਕੇ ਗ਼ਮੀ ਨੂੰ ਖ਼ੁਸ਼ੀ ਵਿਚ ਬਦਲਣ ਦੇ ਸਮਰੱਥ ਹੋਈ। ਉਸ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਢਕੋਵਾਲ ਵਿਖੇ ਰਾਮਗੜ੍ਹੀਆ ਗੁਰਸਿੱਖ ਅੰਮ੍ਰਿਤਧਾਰੀ ਪਰਿਵਾਰ ਵਿਚ ਹਰਨਾਮ ਸਿੰਘ ਅਤੇ ਮਾਤਾ ਹਰਬੰਸ ਕੌਰ ਦੇ ਘਰ ਹੋਇਆ। ਉਸ ਦਾ ਪਿਤਾ ਪਹਿਲਾਂ ਫ਼ੌਜ ਅਤੇ ਬਾਅਦ ਵਿਚ ਨੰਗਲ ਡੈਮ ਅਤੇ ਦੇਸ਼ ਦੇ ਬਹੁਤ ਸਾਰੇ ਰਾਜਾਂ ਵਿਚ ਸੇਵਾ ਕਰਦੇ ਰਹੇ ਸਨ। ਇਸ ਲਈ ਗੁਰਦੇਵ ਕੌਰ ਖ਼ਾਲਸਾ ਨੂੰ ਵੀ ਪਰਿਵਾਰ ਦੇ ਨਾਲ ਹੀ ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਵਿਚਰਨ ਦਾ ਮੌਕਾ ਮਿਲਦਾ ਰਿਹਾ, ਜਿਸ ਕਰਕੇ ਉਸ ਦੀ ਜਾਣਕਾਰੀ 'ਚ ਕਾਫੀ ਵਾਧਾ ਹੋਇਆ। ਉਸ ਦੇ ਪੇਕਿਆਂ ਦਾ ਦਿਹਾਤੀ ਪਰਿਵਾਰ ਵਿਚੋਂ ਹੋਣ ਕਰਕੇ ਉਸ ਦੀ ਰੋਜ਼ਾਨਾ ਜ਼ਿੰਦਗੀ ਵਿਚ ਪੁਰਾਤਨ ਪ੍ਰੰਪਰਾਵਾਂ ਅਤੇ ਵਿਚਾਰਾਂ ਵਿਚ ਨੈਤਿਕਤਾ ਦਾ ਗਹਿਰਾ ਪ੍ਰਭਾਵ ਵਿਖਾਈ ਦਿੰਦਾ ਸੀ। ਉਹ ਮਿਡਲ ਤੋਂ ਬਾਅਦ ਪਰਿਵਾਰਿਕ ਮਜਬੂਰੀਆਂ ਅਤੇ ਜ਼ਿੰਮੇਵਾਰੀਆਂ ਕਰਕੇ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕੀ। ਉਸ ਦਾ ਵਿਆਹ ਅੱਲ੍ਹੜ ਉਮਰ ਵਿਚ ਹੀ ਚੱਬੇਵਾਲ ਦੇ ਕੋਲ ਬਿਹਾਲਾ ਪਿੰਡ ਦੇ ਅਜੀਤ ਸਿੰਘ ਨਾਲ ਹੋ ਗਿਆ ਸੀ। ਗੁਰਦੇਵ ਕੌਰ ਖ਼ਾਲਸਾ ਦੇ ਤਿੰਨ ਧੀਆਂ ਅਤੇ ਇੱਕ ਲੜਕਾ ਪੈਦਾ ਹੋਇਆ, ਲੜਕਾ ਬਚਪਨ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ। ਉਦਾਸੀ ਦੇ ਆਲਮ ਵਿਚ ਉਸ ਨੇ ਜ਼ਿੰਦਗੀ ਬਸਰ ਕਰਨੀ ਸ਼ੁਰੂ ਕੀਤੀ ਪ੍ਰੰਤੂ ਜਲਦੀ ਹੀ ਗੁਰਬਾਣੀ ਦੇ ਲੜ ਲੱਗਣ ਕਰਕੇ ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਨੂੰ ਪ੍ਰਵਾਨ ਕਰ ਲਿਆ। ਵਿਵਾਹਿਕ ਜ਼ਿੰਦਗੀ ਵਿਚ ਉਸ ਨੂੰ ਸਾਂਝੇ ਪਰਿਵਾਰ ਦੀਆਂ ਖ਼ੁਸ਼ੀਆਂ-ਗ਼ਮੀਆਂ ਅਤੇ ਦੁੱਖ-ਸੁੱਖ ਸਹਿਣ ਕਰਨ ਦਾ ਗਹਿਰਾ ਤਜ਼ਰਬਾ ਪ੍ਰਾਪਤ ਹੋਇਆ, ਜਿਹੜਾ ਹਰ ਪੰਜਾਬੀ ਪਰਿਵਾਰ ਦੀ ਵਿਰਾਸਤ ਦੀ ਤਰ੍ਹਾਂ ਬਣ ਜਾਂਦਾ ਹੈ। ਜ਼ਿੰਦਗੀ ਦੇ ਅਜਿਹੇ ਕੌੜੇ-ਮਿੱਠੇ ਤਜ਼ਰਬੇ ਹੀ ਇਨਸਾਨ ਨੂੰ ਸਮਾਜ ਵਿਚ ਅਜਿਹਾ ਕੁਝ ਕਰਨ ਲਈ ਪ੍ਰੇਰਦੇ ਹਨ, ਜਿਸ ਨਾਲ ਉਹ ਉਸਾਰੂ ਸੋਚ ਅਪਣਾ ਕੇ ਕਾਬਲੇ-ਤਾਰੀਫ ਯੋਗਦਾਨ ਪਾਉਣ ਦੇ ਸਮਰੱਥ ਹੁੰਦਾ ਹੈ। ਫਿਰ ਇਨਸਾਨ ਨੂੰ ਉਸ ਦੀ ਜ਼ਿੰਦਗੀ ਨੂੰ ਜ਼ੋਖ਼ਮ ਵਿਚ ਪਾਉਣ ਵਾਲੇ ਲੋਕਾਂ ਦੇ ਕਿਰਦਾਰਾਂ ਨੂੰ ਨਾ ਚਾਹੁੰਦਿਆਂ ਵੀ ਬਰਦਾਸ਼ਤ ਕਰਨ ਦੀ ਸ਼ਕਤੀ ਮਿਲ ਜਾਂਦੀ ਹੈ। ਅਜਿਹੇ ਹਾਲਾਤ ਉਸ ਨੂੰ ਚੰਗੇ ਰਸਤੇ ਪਾਉਣ ਦਾ ਕਾਰਨ ਬਣਦੇ ਹਨ। ਪਰਿਵਾਰ ਦੀਆਂ ਇਨ੍ਹਾਂ ਦਿਲ ਨੂੰ ਹਲੂਣਨ ਵਾਲੀਆਂ ਪ੍ਰਸਥਿਤੀਆਂ ਨੇ ਗੁਰਦੇਵ ਕੌਰ ਖਾਲਸਾ ਨੂੰ ਕਵਿਤਾਵਾਂ ਲਿਖਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਹਾਲਾਤਾਂ ਨੂੰ ਹੀ ਉਸ ਨੇ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਸੀ। ਪਰਿਵਾਰ ਵਿਚੋਂ ਸੱਸ-ਸਹੁਰੇ ਵੱਲੋਂ ਦੁੱਖ ਦੇ ਸੰਤਾਪ ਮੌਕੇ ਸਹਿਯੋਗ ਵੀ ਬਥੇਰਾ ਮਿਲਿਆ।

ਬੀਬੀ ਗੁਰਦੇਵ ਕੌਰ ਖ਼ਾਲਸਾ ਸਿੱਖੀ ਸੋਚ ਨੂੰ ਪ੍ਰਣਾਈ ਹੋਈ ਕਵਿਤਰੀ ਸੀ। ਸਿੱਖੀ ਦੇ ਮਾਹੌਲ ਅਤੇ ਵਾਤਵਰਨ ਵਿਚ ਜੰਮੀ ਪਲੀ ਅਤੇ ਪ੍ਰਪੱਕ ਹੋਣ ਕਰਕੇ ਉਹ ਸਿੱਖ ਇਤਿਹਾਸ ਦੀ ਭਰਪੂਰ ਜਾਣਕਾਰੀ ਰੱਖਦੀ ਸੀ। ਇਸ ਕਰਕੇ ਉਹ ਸਿੱਖੀ ਸੰਕਲਪ, ਵਿਚਾਰਧਾਰਾ, ਪ੍ਰੰਪਰਾਵਾਂ ਅਤੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੀਆਂ ਕਵਿਤਾਵਾਂ ਲਿਖਦੀ ਸੀ, ਜਿਹੜੀਆਂ ਸਿੱਖ ਧਰਮ ਦੇ ਅਨੁਆਈਆਂ ਨੂੰ ਸੋਚਣ ਲਈ ਮਜਬੂਰ ਕਰ ਦਿੰਦੀਆਂ ਹਨ। ਉਸ ਦੀਆਂ ਕਵਿਤਾਵਾਂ ਖਾਸ ਤੌਰ 'ਤੇ ਸਿੱਖੀ ਸੋਚ ਨੂੰ ਤਿਆਗ ਕੇ ਡੇਰਿਆਂ ਦੇ ਮਗਰ ਲੱਗਣ ਵਾਲੇ ਸਿੱਖਾਂ ਨੂੰ ਹਲੂਨਣ ਵਾਲੀਆਂ ਹਨ, ਤਾਂ ਜੋ ਧਰਮ ਦੇ ਨਾਂ 'ਤੇ ਸਥਾਪਤ ਕੀਤੀਆਂ ਦੁਕਾਨਦਾਰੀਆਂ ਲੋਕਾਂ ਨੂੰ ਗੁਮਰਾਹ ਕਰਨ ਵਿਚ ਸਫਲ ਨਾ ਹੋ ਸਕਣ। ਇਸ ਤੋਂ ਇਲਾਵਾ ਉਨ੍ਹਾਂ ਲੋਕ ਮਸਲਿਆਂ ਨਾਲ ਸੰਬੰਧਤ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ, ਜਿਹੜੀਆਂ ਧਾਰਮਿਕ ਸਟੇਜਾਂ ਖਾਸ ਤੌਰ 'ਤੇ ਸਿੱਖ ਸਿਧਾਂਤਾਂ ਨਾਲ ਸੰਬੰਧਤ ਤਿੱਥ ਤਿਓਹਾਰਾਂ ਦਾ ਸ਼ਿੰਗਾਰ ਬਣਨ ਲੱਗੀਆਂ। ਉਸ ਦੀਆਂ ਕਵਿਤਾਵਾਂ ਵਿਚੋਂ ਆਪ ਮੁਹਾਰੇ ਸ਼ੂਕਦੇ ਦਰਿਆ ਦੀਆਂ ਲਹਿਰਾਂ ਦੀ ਤਰ੍ਹਾਂ ਮਨ ਦੀਆਂ ਤਰੰਗਾਂ ਉਠਦੀਆਂ ਹੋਈਆਂ ਸਰਸਰਾਹਟ ਪੈਦਾ ਕਰਦੀਆਂ ਹਨ ਅਤੇ ਸਮਾਜਿਕ ਦਰਦ ਦੇ ਵਿਛੋੜੇ ਦਾ ਪ੍ਰਗਟਾਵਾ ਵੀ ਕਰਦੀਆਂ ਹਨ। ਅਜਿਹੇ ਹਾਲਾਤ ਦਾ ਸਾਹਮਣਾ ਕਰਦਿਆਂ ਹੀ ਉਸ ਦੀ ਕਲਪਨਾ ਨੇ ਕਵਿਤਾ ਦਾ ਰੂਪ ਧਾਰਨ ਕਰ ਲਿਆ ਸੀ। ਸ਼ੁਰੂ ਵਿਚ ਉਹ ਆਪਣੀਆਂ ਕਵਿਤਾਵਾਂ ਪਰਿਵਾਰ ਤੋਂ ਛੁਪਾ ਕੇ ਰੱਖਦੀ ਰਹੀ ਅਤੇ ਆਪਣਾ ਦੁੱਖ ਵੀ ਉਸ ਸਮੇਂ ਜ਼ਾਹਰ ਨਾ ਕਰ ਸਕਦੀ, ਕਿਉਂਕਿ ਉਹ ਜ਼ਮਾਨਾ ਇਸਤਰੀਆਂ ਦੀ ਗ਼ੁਲਾਮੀ ਦਾ ਸੀ ਜਾਂ ਇਉਂ ਕਹਿ ਲਵੋ ਸ਼ਿਸ਼ਟਾਚਾਰ ਕਰਕੇ ਸਾਂਝੇ ਪਰਿਵਾਰਾਂ ਵਿਚ ਆਪਣੀਆਂ ਭਾਵਨਾਵਾਂ ਦਾ ਇਸਤਰੀਆਂ ਪ੍ਰਗਟਾਵਾ ਕਰਨ ਤੋਂ ਝਿਜਕਦੀਆਂ ਰਹਿੰਦੀਆਂ ਸਨ। ਬੀਬੀ ਖਾਲਸਾ ਸੰਤਾਪ ਦੀ ਪੀੜਾ ਨੂੰ ਅੰਦਰੋਂ-ਅੰਦਰ ਰੱਖ ਕੇ ਕੁੜ੍ਹਦੀ ਰਹਿੰਦੀ ਸੀ। ਸੱਸ-ਸਹੁਰੇ ਦੀ ਆਸ਼ੀਰਵਾਦ ਵੀ ਕਵਿਤਾਵਾਂ ਵਿਚੋਂ ਝਲਕਦੀ ਹੈ। ਗੁਰਦੇਵ ਕੌਰ ਖਾਲਸਾ ਦੀਆਂ ਕਵਿਤਾਵਾਂ ਦੀ ਕਮਾਲ ਇਹ ਸੀ ਕਿ ਉਹ ਸਮਾਜ ਵਿਚ ਵਾਪਰ ਰਹੀਆਂ ਸਮਾਜਿਕ, ਮਾਨਸਿਕ ਅਤੇ ਭਾਵਨਾਤਮਿਕ ਜ਼ਿਆਦਤੀਆਂ ਨੂੰ ਵੀ ਰੋਮਾਂਟਿਕ ਢੰਗ ਨਾਲ ਪ੍ਰਗਟਾਉਣ ਦੀ ਥਾਂ ਗੁਰਮਤਿ ਦੀ ਚਾਸ਼ਣੀ ਵਿਚ ਡੋਬ ਕੇ ਗੁਰਬਾਣੀ ਦੀ ਓਟ ਲੈਂਦੀ ਹੋਈ, ਉਸ ਪਰਮ ਪਰਮਾਤਮਾ ਅੱਗੇ ਅਜਿਹੀਆਂ ਪੀੜਾਂ ਅਤੇ ਦੁੱਖਾਂ-ਕਲੇਸ਼ਾਂ ਦਾ ਮੁਕਾਬਲਾ ਕਰਨ ਦੀ ਹਿੰਮਤ ਮੰਗਣ ਵਾਲੀਆਂ ਕਵਿਤਾਵਾਂ ਲਿਖਦੀ ਰਹੀ। 18 ਸਾਲ ਦੀ ਉਮਰ ਤੋਂ ਲਿਖਣਾ ਸ਼ੁਰੂ ਕਰਕੇ 80 ਸਾਲ ਦੀ ਉਮਰ ਤੱਕ ਲਗਾਤਾਰ ਧਾਰਮਿਕ ਰੰਗਤ ਵਾਲੀਆਂ ਕਵਿਤਾਵਾਂ ਲਿਖਦੀ ਆ ਰਹੀ ਸੀ। ਉਹ ਮਹਿਸੂਸ ਕਰਦੀ ਸੀ ਕਿ ਗੁਰਬਾਣੀ ਇਕੱਲਤਾ ਦਾ ਸਹਾਰਾ ਹੈ, ਇਸ ਲਈ ਨਾਮ ਜਪਕੇ ਜ਼ਿੰਦਗੀ ਖ਼ੁਸ਼ੀ-ਖ਼ੁਸ਼ੀ ਜਿਓਣੀ ਚਾਹੀਦੀ ਹੈ ਕਿਉਂਕਿ ਇਨਸਾਨੀ ਜੀਵਨ ਇੱਕ ਵਾਰ ਹੀ ਮਿਲਦਾ ਹੈ। ਇਸਦਾ ਆਨੰਦ ਮਾਨਣਾ ਚਾਹੀਦਾ ਹੈ, ਝੁਰ-ਝੁਰ ਕੇ ਜੀਵਨ ਜਿਓਣ ਦੀ ਲੋੜ ਨਹੀਂ। ਆਪਣੀ ਸੋਚ ਉਸਾਰੂ ਰੱਖਣੀ ਚਾਹੀਦੀ ਹੈ, ਤਾਂ ਹੀ ਇਨਸਾਨ ਸਿਰਜਣਾਤਮਕ ਕੰਮ ਕਰ ਸਕਦਾ ਹੈ। ਧਾਰਮਿਕ ਕਵਿਤਾਵਾਂ ਲਿਖਣਾ ਵੀ ਉਸਾਰੂ ਕੰਮ ਹੈ, ਜਿਸ ਨਾਲ ਦੁਨੀਆਂ ਨੂੰ ਸਿੱਧੇ ਰਸਤੇ ਪਾਇਆ ਜਾ ਸਕਦਾ ਹੈ। ਇਨਸਾਨ ਦੀ ਸੋਚ ਨਾਕਾਰਾਤਮਿਕ ਨਹੀਂ ਹੋਣੀ ਚਾਹੀਦੀ। ਸੱਚ ਦਾ ਮਾਰਗ ਸਫਲਤਾ ਦੀ ਕੁੰਜੀ ਹੈ। ਇੱਕ ਝੂਠ ਨੂੰ ਛੁਪਾਉਣ ਲਈ ਅਨੇਕ ਵਾਰ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਇਨਸਾਨ ਨੂੰ ਗੁਰੂ ਦੇ ਲੜ ਲੱਗਣ ਨਾਲ ਚੜ੍ਹਦੀ ਕਲਾ 'ਚ ਰਹਿਣ ਦੀ ਸ਼ਕਤੀ ਮਿਲਦੀ ਹੈ। ਇਨ੍ਹਾਂ ਕਵਿਤਾਵਾਂ ਨੂੰ ਉਹ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੀਆਂ ਸਟੇਜਾਂ ਅਤੇ ਰੇਡੀਓਜ਼ ਤੋਂ ਪੜ੍ਹਦੀ ਆ ਰਹੀ ਸੀ।



ਤਸਵੀਰ: ਗੁਰਦੇਵ ਕੌਰ ਖਾਲਸਾ

ਉਸ ਦੀਆਂ ਧੀਆਂ ਸੁਖਵਿੰਦਰ ਕੌਰ ਚਾਨਾ ਅਤੇ ਪਰਵਿੰਦਰ ਕੌਰ, ਉਸ ਦੀ ਜ਼ਿੰਦਗੀ ਵਿਚ ਸਹਾਈ ਹੋ ਰਹੀਆਂ ਸਨ। ਉਸ ਦੀ ਧੀ ਸੁਖਵਿੰਦਰ ਕੌਰ ਚਾਨਾ ਅਤਿ ਮੁਸ਼ਕਲ ਪਰਿਵਾਰਿਕ ਦਰਦ ਦੀ ਚੀਸ ਨੂੰ ਮਹਿਸੂਸ ਕਰਦੀ ਹੋਈ, 25 ਸਾਲ ਪਹਿਲਾਂ ਆਪਣੀ ਮਾਂ ਨੂੰ ਅਮਰੀਕਾ ਲੈ ਗਈ ਸੀ। ਸੁਖਵਿੰਦਰ ਕੌਰ ਚਾਨਾ ਨੇ ਗੁਰਦੇਵ ਕੌਰ ਖਾਲਸਾ ਦੇ ਸਾਰੇ ਦੁੱਖ ਪੁੱਤਰ ਤੋਂ ਵੀ ਵੱਧ ਪਿਆਰ, ਸਤਿਕਾਰ ਅਤੇ ਸੇਵਾ ਕਰਕੇ ਦੂਰ ਕੀਤੇ। ਉਸ ਦੀ ਹਰ ਖਾਹਸ਼ ਪੂਰੀ ਕੀਤੀ। ਹੁਣ ਉਸ ਲਈ ਆਧੁਨਿਕ ਸਹੂਲਤਾਂ ਵਾਲੀ ਕੋਠੀ ਹੁਸ਼ਿਆਰਪੁਰ ਵਿਖੇ ਖਰੀਦ ਕੇ ਦਿੱਤੀ ਸੀ, ਪ੍ਰੰਤੂ ਪ੍ਰਮਾਤਮਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਇਸ ਕੋਠੀ ਵਿਚ ਰਹਿਣ ਦਾ ਆਨੰਦ ਸਿਰਫ 6 ਮਹੀਨੇ ਹੀ ਮਾਣ ਸਕੀ। ਭਾਵੇਂ ਉਹ ਕਾਫੀ ਸਮਾਂ ਅਮਰੀਕਾ ਵਿਚ ਕੈਲੀਫੋਰਨੀਆ ਰਾਜ ਦੇ ਬੇਅ ਏਰੀਆ ਵਿਚ ਸਨੀਵੇਲ ਸ਼ਹਿਰ ਵਿਚ ਆਪਣੀ ਧੀ ਦੇ ਪਰਿਵਾਰ ਨਾਲ ਰਹੀ। ਪ੍ਰੰਤੂ ਪੰਜਾਬ ਦੀ ਜਨਮ ਤੇ ਕਰਮ ਭੂਮੀ ਦੀ ਮਿੱਟੀ ਦਾ ਮੋਹ ਉਸ ਨੂੰ ਪੰਜਾਬ ਖਿੱਚ ਲਿਆਉਂਦਾ ਰਿਹਾ। ਪਿਛਲੇ 6 ਮਹੀਨੇ ਤੋਂ ਉਹ ਹੁਸ਼ਿਆਰਪੁਰ ਵਿਖੇ ਰਹਿ ਰਹੀ ਸੀ। ਉਸ ਦੀ ਸਿਹਤ ਵੀ ਨਾਸਾਜ਼ ਚੱਲ ਰਹੀ ਸੀ। ਸੁਖਵਿੰਦਰ ਕੌਰ ਚਾਨਾ ਆਪਣੀ ਮਾਂ ਦੀ ਮਿਜ਼ਾਜ਼ਪੁਰਸ਼ੀ ਲਈ ਅਮਰੀਕਾ ਤੋਂ ਆਈ ਸੀ ਪ੍ਰੰਤੂ ਉਸ ਦੇ ਵਾਪਸ ਅਮਰੀਕਾ ਜਾਣ ਤੋਂ ਬਾਅਦ ਬੀਬੀ ਗੁਰਦੇਵ ਕੌਰ ਖਾਲਸਾ 11 ਅਪ੍ਰੈਲ, 2024 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਸਵਰਗ ਸਿਧਾਰ ਗਏ ਹਨ। ਸਵਰਗਵਾਸ ਹੋਣ ਤੋਂ ਥੋੜ੍ਹਾ ਸਮਾਂ ਪਹਿਲਾਂ ਹੀ ਉਸ ਦਾ ਕਾਵਿ ਸੰਗ੍ਰਹਿ 'ਮੇਰੇ ਬੁਲੰਦ ਸੁਨੇਹੇ' ਪ੍ਰਕਾਸ਼ਤ ਹੋਇਆ ਹੈ।

ਉਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦਾ ਭੋਗ ਅਤੇ ਕੀਰਤਨ 21 ਅਪ੍ਰੈਲ, 2024 ਦਿਨ ਐਤਵਾਰ ਨੂੰ ਕਲਗੀਧਰ ਗੁਰਦੁਆਰਾ ਸਾਹਿਬ ਹੁਸ਼ਿਆਰਪੁਰ ਵਿਖੇ ਹੋਇਆ।

# ਵਧੇ ਹੋਏ ਕੋਲੈਸਟ੍ਰੌਲ ਦੇ ਪੱਧਰ ਨੂੰ ਹਰਾਉਣ ਲਈ ਭੋਜਨ

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਕੋਲੈਸਟ੍ਰੋਲ ਦੇ ਪੱਧਰਾਂ ਨੂੰ ਕੰਟਰੋਲ ਵਿਚ ਰੱਖਣਾ ਨਾ ਸਿਰਫ਼ ਤੁਹਾਨੂੰ ਜਲਦੀ ਮੌਤ ਦੇ ਖ਼ਤਰੇ ਤੋਂ ਬਚਾ ਸਕਦਾ ਹੈ, ਸਗੋਂ ਤੁਹਾਡੇ ਰੋਜ਼ਾਨਾ ਜੀਵਨ ਵਿਚ ਵਧੇਰੇ ਊਰਜਾ ਅਤੇ ਖੁਸ਼ੀ ਵੀ ਭਰ ਸਕਦਾ ਹੈ। ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਕੋਲੈਸਟ੍ਰੋਲ ਆਪਣੇ ਆਪ ਵਿਚ ਬੁਰਾ ਨਹੀਂ ਹੈ ਅਤੇ ਲਚਕਦਾਰ ਪਦਾਰਥ ਸੈੱਲਾਂ ਨੂੰ ਬਣਾਉਣ ਅਤੇ ਕੁਝ ਹਾਰਮੋਨ ਪੈਦਾ ਕਰਨ ਵਿਚ ਸਹਾਇਤਾ ਕਰਦਾ ਹੈ। ਹਾਲਾਂਕਿ, ਸਾਡੀਆਂ ਆਧੁਨਿਕ ਜੀਵਨਸ਼ੈਲੀ ਦੀਆਂ ਚੋਣਾਂ ਦੇ ਕਾਰਨ, ਅਸੀਂ ਆਪਣੀਆਂ ਮਾੜੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਇੱਕ ਸਰਗਰਮ ਜੀਵਨਸ਼ੈਲੀ ਦੀ ਘਾਟ ਕਾਰਨ ਇਸ ਨੂੰ ਆਪਣੇ ਸਰੀਰ ਵਿਚ ਬਹੁਤ ਜ਼ਿਆਦਾ ਇਕੱਠਾ ਕਰ ਰਹੇ ਹਾਂ। ਸਰੀਰ ਵਿਚ ਉੱਚ ਕੋਲੈਸਟ੍ਰੋਲ ਦੇ ਪੱਧਰ ਸਾਨੂੰ ਦਿਲ ਦੀ ਬਿਮਾਰੀ, ਸਟ੍ਰੋਕ, ਹਾਈ ਬਲੱਡ ਪ੍ਰੈਸ਼ਰ ਦੇ ਖਤਰੇ ਵਿਚ ਪਾ ਸਕਦੇ ਹਨ, ਜੋ ਕਿ ਸਾਡੇ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰ ਸਕਦੇ ਹਨ ਅਤੇ ਘਾਤਕ ਵੀ ਸਾਬਤ ਹੋ ਸਕਦੇ ਹਨ।

ਖਾਸ ਤੌਰ 'ਤੇ ਭਾਰਤੀਆਂ ਲਈ ਵਧੇ ਕੋਲੈਸਟ੍ਰੋਲ ਵਾਲੀ ਖ਼ੁਰਾਕ ਵਿਚ, ਬਹੁਤ ਸਾਰੇ ਫਲ, ਸਬਜ਼ੀਆਂ, ਸਾਬਤ ਅਨਾਜ (ਜਿਵੇਂ ਕਿ ਬਰਾਊਨ ਚੌਲ ਅਤੇ ਕਣਕ), ਫਲੀਦਾਰ (ਜਿਵੇਂ ਦਾਲ ਅਤੇ ਛੋਲੇ), ਗਿਰੀਦਾਰ, ਬੀਜ ਅਤੇ ਸਿਹਤਮੰਦ ਚਰਬੀ (ਜਿਵੇਂ ਕਿ ਗਿਰੀਦਾਰਾਂ ਵਿਚੋਂ ਬੀਜ ਅਤੇ ਐਵੋਕਾਡੋ) ਦੇ ਸੇਵਨ 'ਤੇ ਧਿਆਨ ਕੇਂਦਰਿਤ ਕਰੋ। ਪ੍ਰੋਟੀਨ ਦੇ ਪਤਲੇ ਸਰੋਤਾਂ ਦੀ ਚੋਣ ਕਰੋ, ਜਿਵੇਂ ਚਮੜੀ ਰਹਿਤ ਪੋਲਟਰੀ, ਮੱਛੀ ਅਤੇ ਘੱਟ ਚਰਬੀ ਵਾਲੀ ਡੇਅਰੀ। ਤਲੇ ਹੋਏ ਭੋਜਨਾਂ, ਪ੍ਰੋਸੈਸਡ ਸਨੈਕਸ, ਘਿਓ, ਮੱਖਣ, ਅਤੇ ਮੀਟ ਦੇ ਚਰਬੀ ਦੇ ਕੱਟਾਂ ਵਿਚ ਪਾਈ ਜਾਣ ਵਾਲੀ ਸੰਤ੍ਰਿਪਤ ਅਤੇ ਟਰਾਂਸਫੈਟ ਦੀ ਮਾਤਰਾ ਨੂੰ ਸੀਮਤ ਕਰੋ। ਰਿਫਾਇੰਡ ਕਾਰਬੋਹਾਈਡਰੇਟ ਜਿਵੇਂ ਕਿ ਚਿੱਟੇ ਚੌਲ ਅਤੇ ਰਿਫਾਇੰਡ ਆਟੇ ਦੇ ਉਤਪਾਦਾਂ ਦੀ ਖਪਤ ਨੂੰ ਘਟਾਓ। ਮਿੱਠੇ ਭੋਜਨ ਅਤੇ ਪੀਣ ਵਾਲੇ ਪਦਾਰਥਾਂ ਦਾ ਸੇਵਨ ਘੱਟ ਤੋਂ ਘੱਟ ਕਰੋ। ਖਾਣਾ ਪਕਾਉਣ ਦੇ ਤਰੀਕਿਆਂ ਦੀ ਚੋਣ ਕਰੋ, ਜਿਵੇਂ ਕਿ ਸਟੀਮਿੰਗ, ਪਕਾਉਣਾ, ਗਰਿੱਲ ਕਰਨਾ ਜਾਂ ਘੱਟ ਤੋਂ ਘੱਟ ਤੇਲ ਨਾਲ ਹਿਲਾ-ਤਲਣਾ। ਕੋਲੈਸਟ੍ਰੋਲ ਨੂੰ ਘੱਟ ਕਰਨ ਵਾਲੇ ਭੋਜਨ ਜਿਵੇਂ ਕਿ ਓਟਸ, ਲਸਣ, ਮੇਥੀ ਦੇ ਬੀਜ ਅਤੇ ਗ੍ਰੀਨ ਟੀ ਨੂੰ ਨਿਯਮਤ ਤੌਰ 'ਤੇ ਆਪਣੀ ਖ਼ੁਰਾਕ ਵਿਚ ਸ਼ਾਮਲ ਕਰੋ। ਕੋਲੈਸਟ੍ਰੋਲ ਦੇ ਪੱਧਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਵਿਚ ਮਦਦ ਕਰਨ ਲਈ ਭਾਗਾਂ ਦੇ ਆਕਾਰ ਦਾ ਧਿਆਨ ਰੱਖੋ ਅਤੇ ਸੰਤੁਲਿਤ, ਵਿਭਿੰਨ ਖ਼ੁਰਾਕ ਦਾ ਟੀਚਾ ਰੱਖੋ।

ਜਦਕਿ ਕੋਲੈਸਟ੍ਰੋਲ ਇੱਕ ਲਿਪਿਡ ਮਿਸ਼ਰਣ ਹੈ, ਜੋ ਸਰੀਰ ਦੇ ਵੱਖ-ਵੱਖ ਟਿਸ਼ੂਆਂ ਵਿਚ ਮੌਜੂਦ ਹੁੰਦਾ ਹੈ। ਕਿਸੇ ਚੀਜ਼ ਦੀ ਗੁਣਵੱਤਾ ਨੂੰ ਉਦੋਂ ਤੱਕ ਨਕਾਰਾਤਮਕ ਨਹੀਂ ਮੰਨਿਆ ਜਾਂਦਾ ਹੈ, ਜਦੋਂ ਤੱਕ ਇਸਦੀ ਬਹੁਤ ਜ਼ਿਆਦਾ ਮਾਤਰਾ ਨਾ ਹੋਵੇ। ਮਨੁੱਖੀ ਸਰੀਰ ਨੂੰ ਸੈੱਲ ਵਿਕਾਸ, ਵਿਟਾਮਿਨ ਸੰਸਲੇਸ਼ਣ ਅਤੇ ਹਾਰਮੋਨ ਦੇ ਉਤਪਾਦਨ ਦੀ ਸਹੂਲਤ ਲਈ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਲੋੜ ਹੁੰਦੀ ਹੈ। ਹਾਲਾਂਕਿ, ਕੋਲੈਸਟ੍ਰੋਲ ਦੀ ਬਹੁਤ ਜ਼ਿਆਦਾ ਮਾਤਰਾ ਇੱਕ ਸੰਭਾਵੀ ਸਮੱਸਿਆ ਪੇਸ਼ ਕਰ ਸਕਦੀ ਹੈ।

ਚਰਬੀ ਅਤੇ ਮਿੱਠੇ ਖਾਣਯੋਗ ਪਦਾਰਥਾਂ ਦੇ ਸਿਹਤਮੰਦ ਵਿਕਲਪਾਂ ਨੂੰ ਸ਼ਾਮਲ ਕਰਨ ਲਈ ਆਪਣੀ ਖ਼ੁਰਾਕ ਨੂੰ ਸੋਧਣਾ ਸਮੁੱਚੀ ਤੰਦਰੁਸਤੀ ਅਤੇ ਤੁਹਾਡੇ ਕੋਲੈਸਟ੍ਰੋਲ ਦੇ ਪੱਧਰਾਂ ਨੂੰ ਘਟਾਉਣ ਵੱਲ ਪਹਿਲਾ ਕਦਮ ਹੈ। ਐਵੋਕਾਡੋ, ਗਿਰੀਦਾਰ ਅਤੇ ਜੈਤੂਨ ਦੇ ਤੇਲ ਵਰਗੇ ਦਿਲ ਲਈ ਸਿਹਤਮੰਦ ਚਰਬੀ ਦੀ ਚੋਣ ਕਰਨ ਤੋਂ ਲੈ ਕੇ ਪ੍ਰੋਸੈਸਡ ਭੋਜਨਾਂ ਅਤੇ ਟਰਾਂਸ ਫੈਟ ਤੋਂ ਦੂਰ ਰਹਿਣ ਤੱਕ, ਕੋਲੈਸਟ੍ਰੋਲ ਦੇ ਪੱਧਰਾਂ ਨੂੰ ਨਿਯੰਤਰਣ ਵਿਚ ਰੱਖਣ ਲਈ ਕੋਈ ਕੀ ਕਰ ਸਕਦਾ ਹੈ।

## ਅਲਸੀ ਦੇ ਦਾਣੇ

ਅਲਸੀ ਦੇ ਬੀਜਾਂ ਵਿਚ ਅਲਫ਼ਾ-ਲਿਨੋਲੇਨਿਕ ਐਸਿਡ, ਇੱਕ ਜ਼ਰੂਰੀ ਓਮੇਗਾ-3 ਫੈਟੀ ਐਸਿਡ ਹੁੰਦਾ ਹੈ, ਜੋ ਐੱਲ.ਡੀ.ਐੱਲ. ਕੋਲੈਸਟ੍ਰੋਲ ਦੇ ਨਾਲ-ਨਾਲ ਟ੍ਰਾਈਗਲਾਈਸਰਾਈਡਸ ਦੇ ਪੱਧਰ ਨੂੰ ਘੱਟ ਕਰਦਾ ਹੈ। ਤੁਸੀਂ ਆਪਣੇ ਨਾਸ਼ਤੇ ਦੇ ਸੀਰੀਅਲ, ਸੈਂਡਵਿਚ ਜਾਂ ਦਹੀਂ ਵਿਚ ਫਲੈਕਸਸੀਡ ਸ਼ਾਮਲ ਕਰ ਸਕਦੇ ਹੋ। ਜੇ ਤੁਸੀਂ ਬੇਕਿੰਗ ਦੇ ਸ਼ੌਕੀਨ ਹੋ, ਤਾਂ ਤੁਸੀਂ ਉਨ੍ਹਾਂ ਨੂੰ ਆਪਣੀਆਂ ਕੂਕੀਜ਼, ਮਫ਼ਿਨ ਅਤੇ ਹੋਰ ਬੇਕਡ ਸਮਾਨ ਵਿਚ ਸ਼ਾਮਲ ਕਰ ਸਕਦੇ ਹੋ।

## ਮੱਛੀ ਦਾ ਤੇਲ

ਮੱਛੀ ਦਾ ਤੇਲ ਓਮੇਗਾ-3 ਫੈਟੀ ਐਸਿਡ ਦਾ ਵਧੀਆ ਸਰੋਤ ਹੈ। ਮੱਛੀ ਦੇ ਰੂਪ ਵਿਚ ਇਨ੍ਹਾਂ ਫੈਟੀ ਐਸਿਡਾਂ ਦਾ ਨਿਯਮਤ ਸੇਵਨ ਜਿਵੇਂ ਕਿ ਮੈਕਰੇਲ, ਸਾਲਮਨ, ਲੇਕ ਟਰਾਊਟ, ਸਾਰਡੀਨ ਅਤੇ ਹੈਲੀਬਟ ਕੋਲੇਸਟ੍ਰੋਲ ਦੇ ਪੱਧਰ ਨੂੰ ਘੱਟ ਕਰਨ ਵਿਚ ਮਦਦ ਕਰਦਾ ਹੈ ਅਤੇ ਕਾਰਡੀਓਵੈਸਕੁਲਰ ਬਿਮਾਰੀਆਂ ਦੇ ਵਿਕਾਸ ਦੇ ਜ਼ੋਖਮ ਵਿਚ ਮਦਦ ਕਰਦਾ ਹੈ।

## ਲਸਣ

ਲਸਣ ਵਿਚ ਐਲੀਸਿਨ ਦੀ ਵੱਡੀ ਮਾਤਰਾ ਹੁੰਦੀ ਹੈ, ਇੱਕ ਗੰਧਕ ਵਾਲਾ ਮਿਸ਼ਰਣ ਜੋ ਕੁੱਲ ਅਤੇ ਐੱਲ.ਡੀ.ਐੱਲ. ਕੋਲੈਸਟ੍ਰੋਲ ਨੂੰ ਮਹੱਤਵਪੂਰਣ ਰੂਪ ਵਿਚ ਘਟਾਉਣ ਲਈ ਜਾਣਿਆ ਜਾਂਦਾ ਹੈ। ਸਵੇਰੇ ਅਤੇ ਸੌਂਦੇ ਸਮੇਂ ਲਸਣ ਦੀਆਂ ਕੁਝ ਲੌਂਗਾਂ ਨੂੰ ਨਿਯਮਿਤ ਰੂਪ ਨਾਲ ਚਬਾਓ। ਕੱਚਾ ਲਸਣ ਪਕਾਏ ਹੋਏ ਲਸਣ ਨਾਲੋਂ ਵਧੀਆ ਕੰਮ ਕਰਦਾ ਹੈ। ਤੁਸੀਂ ਉਨ੍ਹਾਂ ਨੂੰ ਆਪਣੇ ਸਵਾਦ ਅਤੇ ਪੌਸ਼ਣ ਲਈ ਆਪਣੀ ਕੜੀ ਵਿਚ ਵੀ ਸ਼ਾਮਲ ਕਰ ਸਕਦੇ ਹੋ।

## ਪੱਤੇਦਾਰ ਸਾਗ

ਹਾਲਾਂਕਿ ਸਾਰੀਆਂ ਸਬਜ਼ੀਆਂ ਤੁਹਾਡੇ ਦਿਲ ਲਈ ਚੰਗੀਆਂ ਹੁੰਦੀਆਂ ਹਨ, ਪੱਤੇਦਾਰ ਸਾਗ ਖਾਸ ਤੌਰ 'ਤੇ ਲਾਭਦਾਇਕ ਹੁੰਦੇ ਹਨ। ਗੂੜ੍ਹੇ ਪੱਤੇਦਾਰ ਸਾਗ, ਜਿਵੇਂ ਕਿ ਕਾਲੇ ਅਤੇ ਪਾਲਕ, ਵਿਚ ਲੂਟੀਨ ਅਤੇ ਹੋਰ ਕੈਰੋਟੀਨੋਇਡ ਹੁੰਦੇ ਹਨ, ਜੋ ਦਿਲ ਦੀ ਬਿਮਾਰੀ ਦੇ ਘੱਟ ਜ਼ੋਖਮ ਨਾਲ ਜੁੜੇ ਹੁੰਦੇ ਹਨ।

## ਫਲੀਦਾਰ

ਫਲੀਦਾਰਾਂ ਵਿਚ ਬਹੁਤ ਸਾਰੇ ਫਾਈਬਰ, ਖਣਿਜ ਅਤੇ ਪ੍ਰੋਟੀਨ ਹੁੰਦੇ ਹਨ। ਆਪਣੀ ਖ਼ੁਰਾਕ ਵਿਚ ਕੁਝ ਸ਼ੁੱਧ ਅਨਾਜ ਅਤੇ ਪ੍ਰੋਸੈਸਡ ਮੀਟ ਨੂੰ ਫਲੀਦਾਰਾਂ ਨਾਲ ਬਦਲਣ ਨਾਲ ਤੁਹਾਡੇ ਦਿਲ ਦੀ ਬਿਮਾਰੀ ਦੇ ਜ਼ੋਖਿਮ ਨੂੰ ਘੱਟ ਕੀਤਾ ਜਾ ਸਕਦਾ ਹੈ। ਫਲੀਆਂ ਦਾ ਆਨੰਦ ਲੈਣ ਲਈ ਦਾਲ-ਚਾਵਲ, ਚੀਲਾ, ਡੋਸਾ ਜਾਂ ਸੂਪ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਦੋਸਤ ਬਣਾਉ।

# ਔਰਤ ਬਨਾਮ ਔਰਤ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 9888940211
(Punjab Mail USA





ਗੱਲ 50-55 ਸਾਲ ਪਿੱਛੋਂ ਸ਼ੁਰੂ ਕਰਦੇ ਹਾਂ, ਜਦੋਂ ਭਿੰਦਰ ਕੌਰ ਸੁਰਜਨ ਨਾਲ ਵਿਆਹੀ ਆਈ ਸੀ। ਥੋੜ੍ਹੀ ਜਿਹੀ ਵਾਹੀਯੋਗ ਜ਼ਮੀਨ ਅਤੇ 2 ਮਕਾਨ ਪਾਏ ਹੋਏ ਸਨ। ਵਿਆਹ ਤੋਂ 2 ਸਾਲਾਂ ਬਾਅਦ ਉਨ੍ਹਾਂ ਦੇ ਘਰ ਕੁੜੀ ਦਾ ਜਨਮ ਹੋਇਆ ਅਤੇ 5-6 ਸਾਲਾਂ ਬਾਅਦ ਇੱਕ ਚੰਨ ਵਰਗੇ ਮੁੰਡੇ ਦਾ ਜਨਮ ਹੋਇਆ, ਜਿਸ ਤੋਂ 2 ਕੁ ਸਾਲਾਂ ਬਾਅਦ ਦੀ ਇੱਕ ਕੁਲਹਿਣੀ ਸਵੇਰ ਨੂੰ ਤੜਕੇ-ਤੜਕੇ ਸਾਈਕਲ 'ਤੇ ਖੇਤ ਜਾਂਦੇ ਸੁਰਜਨ ਨੂੰ ਕੋਈ ਟਰੱਕ ਫੇਟ ਮਾਰ ਗਿਆ। ਭਿੰਦਰ ਕੌਰ 'ਤੇ ਮੁਸੀਬਤਾਂ ਦਾ ਪਹਾੜ ਟੁੱਟ ਗਿਆ। ਭਰ ਜਵਾਨੀ 'ਚ ਦੋ ਬੱਚਿਆਂ ਦੀ ਜ਼ਿੰਮੇਵਾਰੀ ਤੇ ਉੱਪਰੋਂ ਵਿਧਵਾ ਹੋਣ ਦਾ ਸੰਤਾਪ। 2-3 ਮਹੀਨੇ ਤਾਂ ਉਸ ਨੂੰ ਕੋਈ ਉੱਘ-ਸੁੱਘ ਹੀ ਨਾ ਰਹੀ। ਵਾਰੀ-ਵਾਰੀ ਰਿਸ਼ਤੇਦਾਰ ਸਮਾਂ ਕਢਾਉਂਦੇ ਰਹੇ। ਜ਼ਿਆਦਾਤਰ ਉਸ ਦੀ ਬਜ਼ੁਰਗ ਮਾਂ ਉਹਦੇ ਕੋਲ ਰਹਿੰਦੀ। 8 ਸਾਲ ਦੀ ਕੁੜੀ ਪ੍ਰੀਤ ਨੂੰ ਤਾਂ ਥੋੜ੍ਹੀ-ਬਹੁਤ ਸਮਝ ਸੀ ਪਰ ਚੰਨ ਦੇ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ ਸੀ, ਇਸ ਗੱਲੋਂ ਉਹ ਪੂਰੀ ਤਰ੍ਹਾਂ ਅਣਜਾਣ ਸੀ। ਭਿੰਦਰ ਕੌਰ ਦੀ ਮਾਂ ਉਸ ਨੂੰ ਸਮਝਾਉਂਦੀ ਰਹਿੰਦੀ ਕਿ ਹੁਣ ਤੂੰ ਇਨ੍ਹਾਂ ਨਿਆਣਿਆਂ ਦੀ ਮਾਂ ਹੀ ਨਹੀਂ, ਇਨ੍ਹਾਂ ਨੂੰ ਪਿਉ ਬਣ ਕੇ ਵੀ ਤੂੰ ਹੀ ਪਾਲਣਾ ਹੈ। ਉਹ ਅਕਸਰ ਕਹਿੰਦੀ ਕਿ ਮੈਂ ਤਾਂ ਨਦੀ ਕਿਨਾਰੇ ਲੱਗਿਆ ਰੁੱਖ ਹਾਂ, ਕਦ ਤੱਕ ਬੈਠੀ ਰਹਾਂਗੀ। ਮਾਂ ਤੇ ਹੋਰ ਰਿਸ਼ਤੇਦਾਰਾਂ ਦੇ ਸਮਝਾਉਣ 'ਤੇ ਭਿੰਦਰ ਕੌਰ ਨੇ ਕਮਰ ਕੱਸ ਲਈ। ਖੇਤੀ ਵਾਲੀ ਜ਼ਮੀਨ ਠੇਕੇ 'ਤੇ ਦੇ ਦਿੱਤੀ ਅਤੇ ਇੱਕ ਮਕਾਨ ਵੀ ਕਿਰਾਏ ਉੱਤੇ ਚੜ੍ਹਾ ਦਿੱਤਾ, ਜਿਸ ਨਾਲ ਘਰ ਦਾ ਗੁਜ਼ਾਰਾ ਚੱਲਦਾ ਰਿਹਾ। ਉਸ ਨੇ ਆਪਣੇ ਪੇਕਿਆਂ ਤੇ ਸਹੁਰਿਆਂ ਦੀ ਇੱਜ਼ਤ ਦਾ ਧਿਆਨ ਰੱਖਦਿਆਂ ਭੈਣ ਕਹਾ ਕੇ ਅਤੇ ਵੀਰ ਕਹਿ ਕੇ ਸਮਾਂ ਕੱਢਿਆ। ਲੰਘਦੇ ਸਮੇਂ ਦੇ ਨਾਲ ਪ੍ਰੀਤ ਖੇਡਦੀ-ਪੜ੍ਹਦੀ ਦਿਨਾਂ 'ਚ ਹੀ ਜਵਾਨ ਹੋ ਗਈ। ਨੇੜਲੇ ਸ਼ਹਿਰ ਦੇ ਸਟੈਨੋ ਲੱਗੇ ਮੁੰਡੇ ਨਾਲ ਪ੍ਰੀਤ ਦਾ ਵਿਆਹ ਕਰ ਦਿੱਤਾ। ਹੁਣ ਘਰ ਵਿਚ ਸਿਰਫ਼ ਭਿੰਦਰ ਕੌਰ ਤੇ ਉਸ ਦਾ ਪੁੱਤ ਚੰਨ ਹੀ ਰਹਿ ਗਏ। ਭਿੰਦਰ ਕੌਰ ਚੰਨ ਦਾ ਭੋਰਾ ਵੀ ਵਸਾਹ ਨਹੀਂ ਸੀ ਕਰਦੀ। ਉਹ ਉਸ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰਾ ਸੀ, ਬੱਸ ਉਹ ਚਾਹੁੰਦੀ ਸੀ ਕਿ ਚੰਨ ਸਦਾ ਉਸਦੀਆਂ ਅੱਖਾਂ ਸਾਹਮਣੇ ਹੀ ਰਹੇ। ਉਹ ਸਕੂਲ, ਤੇ ਫੇਰ ਕਾਲਜ ਤੋਂ ਜਦ ਤੱਕ ਘਰ ਨਾ ਆ ਜਾਂਦਾ, ਭਿੰਦਰ ਕੌਰ ਦੀ ਜਾਨ ਸਾਹਾਂ 'ਚ ਅਟਕੀ ਰਹਿੰਦੀ ਸੀ। ਸੜਕਾਂ 'ਤੇ ਫਿਰਦੇ ਮੌਤ ਦੇ ਕਾਲ ਨੂੰ ਉਹ ਭੁੱਲੀ ਨਹੀਂ ਸੀ, ਜਿਹੜਾ ਭਰ ਜਵਾਨੀ ਉਸ ਨੂੰ ਵਿਧਵਾ ਬਣਾ ਗਿਆ ਸੀ। ਪੜ੍ਹਾਈ ਤੋਂ ਬਾਅਦ ਉਸ ਨੇ 3-4 ਸਾਲਾਂ ਤੱਕ ਚੰਨ ਨੂੰ ਕੋਈ ਕੰਮ ਧੰਦੇ ਵੀ ਨਾ ਲਾਇਆ, ਬੱਸ ਜਿਵੇਂ ਉਸ ਨੂੰ ਚੰਨ ਨੂੰ ਸੜਕ 'ਤੇ ਭੇਜਣਾ ਮਨਜ਼ੂਰ ਨਹੀਂ ਸੀ। ਚੰਨ ਦੇ ਦੋਸਤਾਂ ਨੇ ਉਸ ਨੂੰ ਘਰੋਂ ਬੁਲਾਉਣ ਆਉਣਾ ਤਾਂ ਵੀ ਭਿੰਦਰ ਕੌਰ ਟਾਲ-ਮਟੋਲ ਹੀ ਕਰਦੀ ਰਹਿੰਦੀ। ਪਰ ਚੰਨ ਦੇ ਜਗਾੜੀ ਦੋਸਤ ਵੀ ਨਿੱਤ ਨਵਾਂ ਬਹਾਨਾ ਬਣਾ ਕੇ ਉਸ ਨੂੰ ਘਰੋਂ ਲਿਜਾ ਕੇ ਹੀ ਸਾਹ ਲੈਂਦੇ। ਉਹ ਬਾਹਰ ਘੁੰਮਦੇ ਰਹਿੰਦੇ ਤੇ ਉਸ ਦੀ ਮਾਂ ਉਸ ਨੂੰ ਘਰੇ ਉਡੀਕਦੀ ਰਹਿੰਦੀ।

ਚੰਨ ਦੇ ਕੋਈ ਕੰਮ ਧੰਦੇ ਨਾ ਲੱਗਿਆ ਹੋਣ ਕਾਰਨ ਕਈ ਚੰਗੇ ਰਿਸ਼ਤੇ ਹੱਥੋਂ ਨਿਕਲ ਗਏ। ਉਮਰ ਵੱਧਦੀ ਦੇਖ ਚੰਨ ਨੇ ਆਪਣੇ ਘਰ ਦੇ ਨੇੜੇ ਹੀ ਫ਼ੋਟੋਗਰਾਫੀ ਦਾ ਕੰਮ ਸਿੱਖ ਕੇ ਆਪਣਾ ਕੰਮ ਸ਼ੁਰੂ ਕਰ ਲਿਆ। ਹੁਣ ਭਿੰਦਰ ਕੌਰ ਦੀ ਇੱਕੋ ਤਮੰਨਾ ਸੀ ਕਿ ਚੰਨ ਵਾਸਤੇ ਇੱਕ ਚੰਨ ਵਰਗੀ ਵਹੁਟੀ ਲਿਆ ਕੇ ਆਪ ਸੁਰਖ਼ਰੂ ਹੋ ਜਾਵੇ। ਇਸੇ ਦੌਰਾਨ ਚੰਨ ਨੇ ਆਪਣੀ ਮਾਂ ਦੀ ਸਲਾਹ ਨਾਲ ਸ਼ਹਿਰ ਵਾਲੀ ਜ਼ਮੀਨ ਵੇਚ ਕੇ 20-25 ਕਿੱਲੋਮੀਟਰ ਦੂਰ ਇੱਕ ਪਿੰਡ 'ਚ ਲੈ ਲਈ ਸੀ। ਉਨ੍ਹਾਂ ਦੀ ਜ਼ਮੀਨ ਹੁਣ ਦੁੱਗਣੀ ਬਣ ਗਈ ਸੀ, ਜਿਹੜੀ ਕਿ ਅੱਧੀ-ਅੱਧੀ ਦੋਹਾਂ ਦੇ ਨਾਂ ਸੀ। ਫ਼ੋਟੋਗਰਾਫੀ ਦੇ ਕੰਮ ਤੇ ਜ਼ਮੀਨ ਦੇ ਦੁੱਗਣੇ ਠੇਕੇ ਨਾਲ ਹੌਲੀ-ਹੌਲੀ ਚੰਨ ਨੇ ਮਕਾਨ ਵੀ ਨਵਾਂ ਬਣਾ ਲਿਆ ਸੀ। ਬੱਸ ਹੁਣ ਕਮੀ ਸਿਰਫ਼ ਇੱਕ ਚੰਗੇ ਰਿਸ਼ਤੇ ਦੀ ਸੀ ਪਰ 35-36 ਸਾਲਾਂ ਨੂੰ ਢੁੱਕੇ ਚੰਨ ਨੂੰ ਕੋਈ ਬਰਾਬਰ ਜਾਂ ਢੰਗ ਦਾ ਰਿਸ਼ਤਾ ਨਹੀਂ ਸੀ ਹੋ ਰਿਹਾ। ਜ਼ੋਰ ਪਾਉਣ 'ਤੇ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਇੱਕ ਲੋੜਵੰਦ ਗ਼ਰੀਬ ਪਰਿਵਾਰ ਦੀ ਕੁੜੀ ਦੇ ਰਿਸ਼ਤੇ ਦੀ ਦੱਸ ਪਾਈ। ਭਿੰਦਰ ਕੌਰ ਨੇ ਨੇੜਲੇ ਰਿਸ਼ਤੇਦਾਰਾਂ ਦੀ ਸਲਾਹ ਨਾਲ ਉੱਥੇ ਰਿਸ਼ਤਾ ਪੱਕਾ ਕਰ ਦਿੱਤਾ ਅਤੇ ਮਹੀਨੇ ਕੁ 'ਚ ਹੀ ਚੰਨ ਦਾ ਵਿਆਹ ਉਸ ਰਾਜ਼ੀ ਨਾਂ ਦੀ ਕੁੜੀ ਨਾਲ ਹੋ ਗਿਆ।

ਰਾਜ਼ੀ ਉਮਰ 'ਚ ਚੰਨ ਨਾਲੋਂ 10-11 ਸਾਲ ਛੋਟੀ ਸੀ। ਘਰ 'ਚ ਰਾਜ਼ੀ ਦੇ ਆਉਣ ਨਾਲ ਦੋਵੇਂ ਬਹੁਤ ਖ਼ੁਸ਼ ਸਨ ਪਰ ਇਹ ਖ਼ੁਸ਼ੀ ਅਸਥਾਈ ਜਾਂ ਥੋੜ੍ਹਚਿਰੀ ਹੀ ਸੀ। ਵਿਆਹ ਤੋਂ ਕੁੱਝ ਦਿਨਾਂ ਬਾਅਦ ਹੀ ਉਨ੍ਹਾਂ ਦਾ ਖੜਕਾ-ਦੜਕਾ ਸ਼ੁਰੂ ਹੋ ਗਿਆ। ਚੰਨ ਦਾ ਸੁਭਾਅ ਥੋੜ੍ਹਾ ਗੁਸੈਲ ਸੀ ਤੇ ਅੱਗਿਓਂ ਰਾਜ਼ੀ ਵੀ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦੀ। ਕਦੇ ਸੱਸ-ਨੂੰਹ ਦੀ ਤਕਰਾਰ ਹੁੰਦੀ ਰਹਿੰਦੀ ਅਤੇ ਕਦੇ ਚੰਨ ਤੇ ਰਾਜ਼ੀ ਲੜ ਪੈਂਦੇ। ਝਗੜੇ ਦਾ ਕਾਰਨ ਸ਼ਾਇਦ ਉਮਰ ਦਾ ਫ਼ਰਕ ਜਾਂ ਥੋੜ੍ਹਾ ਜਿਹਾ ਆਰਥਿਕ ਪਾੜ੍ਹਾ ਵੀ ਸੀ। ਰਾਜ਼ੀ ਚਾਹੁੰਦੀ ਸੀ ਕਿ ਛੇਤੀ-ਛੇਤੀ ਸਾਰਾ ਕੁੱਝ ਉਸ ਦੇ ਹੱਥ ਆ ਜਾਵੇ ਪਰ ਭਿੰਦਰ ਕੌਰ ਨੇ ਤਾਂ ਤੀਲ੍ਹਾ-ਤੀਲ੍ਹਾ ਜੋੜ ਦੇ ਘਰ ਬੰਨ੍ਹਿਆ ਸੀ। ਇਸੇ ਉਧੇੜਬੁੰਨ 'ਚ ਉਨ੍ਹਾਂ ਦੇ ਘਰ ਧੀ ਤੇ ਪੁੱਤ ਦਾ ਜਨਮ ਵੀ ਹੋ ਗਿਆ ਪਰ ਲੜਾਈ-ਝਗੜਾ ਜਿਉਂ ਦਾ ਤਿਉਂ ਹੀ ਚੱਲਦਾ ਰਿਹਾ। ਯਾਰਾਂ ਦੋਸਤਾਂ ਦੀਆਂ ਮਹਿਫ਼ਲਾਂ ਦੀ ਸ਼ਾਨ ਹੁੰਦਾ ਸੀ ਚੰਨ, ਪਰ ਹੁਣ ਸੱਸ-ਨੂੰਹ ਦੇ ਵਿਚਾਲੇ ਜਿਵੇਂ ਪਿੱਸ ਕੇ ਰਹਿ ਗਿਆ ਸੀ। ਉਹ ਸਦਾ ਬੁੱਝਿਆ-ਬੁੱਝਿਆ ਤੇ ਗੁੰਮ-ਸੁੰਮ ਜਿਹਾ ਰਹਿਣ ਲੱਗਿਆ, ਇਸੇ ਸੋਚ ਤੇ ਫ਼ਿਕਰ 'ਚ ਇੱਕ ਦਿਨ ਕਿਸੇ ਦੇ ਵਿਆਹ ਦੀ ਮੂਵੀ ਬਣਾ ਕੇ ਵਾਪਸ ਆਉਂਦੇ ਹੋਏ ਆਪਣੇ ਪਿਉ ਵਾਂਗ ਹੀ ਇੱਕ ਸੜਕ ਹਾਦਸੇ 'ਚ ਚੰਨ ਵੀ ਸਦਾ ਲਈ ਹਨੇਰੇ ਤੇ ਕਾਲੇ ਬੱਦਲਾਂ 'ਚ ਗੁਆਚ ਗਿਆ ਅਤੇ ਆਪਣੇ ਪਿੱਛੇ ਛੱਡ ਗਿਆ ਬੁੱਢੀ ਮਾਂ, ਜਵਾਨ ਤੇ ਸੋਹਣੀ ਘਰਵਾਲੀ ਅਤੇ 2 ਮਾਸੂਮ ਜਿਹੇ ਬੱਚੇ।

ਭਿੰਦਰ ਕੌਰ ਨਾਲ ਰੱਬ ਨੇ ਇੱਕ ਵਾਰੀ ਫੇਰ 40 ਸਾਲ ਪਹਿਲਾਂ ਵਾਲੀ ਕਰ ਦਿੱਤੀ ਤੇ ਰਾਜ਼ੀ ਦੀ ਸਿਖਰ ਦੁਪਹਿਰ ਵਰਗੀ ਜਵਾਨੀ ਨੇ ਤਾਂ ਹਾਲੇ ਖਿਲਣਾ ਸ਼ੁਰੂ ਹੀ ਕੀਤਾ ਸੀ। ਸਮੇਂ ਦਾ ਫੇਰ ਕਹੀਏ ਜਾਂ ਰਾਜ਼ੀ ਦੀ ਅੱਲ੍ਹੜ ਉਮਰ, ਉਸ ਨੂੰ ਚੰਨ ਦੀਆਂ ਯਾਦਾਂ ਤੇ ਉਸ ਦੀਆਂ 2 ਨਿਸ਼ਾਨੀਆਂ ਸਹਾਰੇ ਆਪਣੀ ਜ਼ਿੰਦਗੀ ਕੱਟਣੀ ਗਵਾਰਾ ਨਹੀਂ ਸੀ। ਚੰਨ ਦੇ ਭੋਗ ਪੈਣ ਤੱਕ ਰਾਜ਼ੀ ਨੇ ਉਸ ਦਾ ਸਾਰਾ ਪੈਸਾ-ਧੇਲਾ ਆਪਣੇ ਕਬਜ਼ੇ 'ਚ ਕਰ ਲਿਆ। ਚੰਨ ਸੱਸ-ਨੂੰਹ ਵਿਚਕਾਰ ਇੱਕ ਕੜੀ ਜਾਂ ਪੁਲ ਵਾਂਗ ਸੀ ਪਰ ਹੁਣ ਉਸ ਦੇ ਜਾਣ ਤੋਂ ਬਾਅਦ ਉਨ੍ਹਾਂ ਦਾ ਘਰ ਨਰਕ ਸਮਾਨ ਹੋ ਗਿਆ। ਉਨ੍ਹਾਂ ਦਾ ਝਗੜਾ ਘਰਦੀ ਦੀ ਚਾਰਦੀਵਾਰੀ 'ਚੋਂ ਨਿਕਲ ਕੇ ਪੰਚਾਇਤ, ਵੂਮੈੱਨ ਸੈੱਲ, ਥਾਣਿਆਂ ਤੋਂ ਹੁੰਦਾ ਹੋਇਆ ਕਚਹਿਰੀਆਂ ਤੱਕ ਪਹੁੰਚ ਗਿਆ। ਰਾਜ਼ੀ ਨੇ ਚੰਨ ਦੀ ਮਾਂ ਨੂੰ ਇਹ ਸਾਰੀਆਂ ਥਾਵਾਂ ਦਿਖਾ ਦਿੱਤੀਆਂ ਸਨ, ਭਾਵੇਂ ਆਪ ਭਿੰਦਰ ਕੌਰ ਆਪਣੀ ਉਮਰੇ ਕਦੇ ਥਾਣੇ-ਕਚਹਿਰੀ ਤਾਂ ਕੀ, ਸਰਪੰਚ ਦੀ ਦੇਹਲੀ ਵੀ ਨਹੀਂ ਸੀ ਚੜ੍ਹੀ। ਪੁਲਿਸ ਦੀ ਸਹਾਇਤਾ ਨਾਲ ਰਾਜ਼ੀ ਚੰਨ ਦੇ ਘਰੋਂ ਸਾਰੇ ਸਾਮਾਨ ਨੂੰ ਆਪਣਾ ਕਹਿ ਕੇ ਚੁਕਾ ਕੇ ਲੈ ਗਈ, ਜਦਕਿ ਰਾਜ਼ੀ ਦੇ ਘਰਦਿਆਂ ਨੇ ਤਾਂ ਵਿਆਹ ਬਿਲਕੁਲ ਸਾਦਾ ਹੀ ਕੀਤਾ ਸੀ।

ਚੰਨ ਦੀ ਮੌਤ ਤੋਂ ਬਾਅਦ ਉਸ ਦੇ ਹਿੱਸੇ ਦੀ ਅੱਧੀ ਜ਼ਮੀਨ ਚਾਰ ਹਿੱਸਿਆਂ 'ਚ ਵੰਡੀ ਗਈ ਸੀ। ਕੁਲ ਜ਼ਮੀਨ ਦਾ ਅੱਧਾ ਹਿੱਸਾ ਪਹਿਲਾਂ ਹੀ ਭਿੰਦਰ ਕੌਰ ਦੇ ਨਾਂ ਸੀ ਅਤੇ ਬਾਕੀ ਬਚਦੀ ਅੱਧੀ ਜ਼ਮੀਨ 'ਚੋਂ ਇੱਕ ਹਿੱਸਾ ਭਿੰਦਰ ਕੌਰ, ਇੱਕ ਰਾਜ਼ੀ ਤੇ ਇੱਕ-ਇੱਕ ਦੋਵਾਂ ਬੱਚਿਆਂ ਦੇ ਨਾਂ ਚੜ੍ਹ ਗਿਆ ਸੀ। ਚੰਨ ਦੇ ਹਿੱਸੇ ਦੀ ਜਮੀਨ ਆਪਣੇ ਤੇ ਆਪਣੇ ਬੱਚਿਆਂ ਦੇ ਨਾਂ ਕਰਵਾਉਣ ਲਈ ਕਚਹਿਰੀਆਂ ਦੇ ਚੱਕਰ ਲਾਉਂਦੀ-ਲਾਉਂਦੀ ਰਾਜ਼ੀ ਦਾ ਵਾਹ ਕਈ ਤਰ੍ਹਾਂ ਦੇ ਬੰਦਿਆਂ ਨਾਲ ਪੈਂਦਾ ਰਿਹਾ, ਜਿਨ੍ਹਾਂ 'ਚੋਂ ਸੋਨੂੰ ਤਾਂ ਉਸ ਦਾ ਬਹੁਤ ਹੀ ਖ਼ਿਆਲ ਰੱਖਦਾ ਤੇ ਆਪਣਾ ਕੰਮ ਛੱਡ ਕੇ ਉਸ ਦੇ ਜਾਇਜ਼-ਨਾਜਾਇਜ਼ ਕੰਮ ਵੀ ਕਰਵਾਉਂਦਾ ਫਿਰਦਾ। ਸੋਨੂੰ ਆਪ ਵੀ ਵਿਆਹਿਆ ਹੋਇਆ ਸੀ ਤੇ 2 ਮੁੰਡਿਆਂ ਦਾ ਪਿਉ ਸੀ, ਪਰ ਉਸ ਦਾ ਆਪਣੀ ਘਰਵਾਲੀ ਨਾਲ ਤਲਾਕ ਦਾ ਮੁਕੱਦਮਾ ਚੱਲਦਾ ਸੀ। ਸੋਨੂੰ ਦੀ ਘਰਵਾਲੀ ਆਪਣੇ ਮਾਂ-ਪਿਓ ਕੋਲ ਰਹਿੰਦੀ ਸੀ ਤੇ ਦੋਵੇਂ ਬੱਚੇ ਸੋਨੂੰ ਦੇ ਮਾਂ-ਪਿਓ ਨਾਲ ਰਹਿੰਦੇ ਸਨ। ਰਾਜ਼ੀ ਲਈ ਸੋਨੂੰ ਭਾਵੇਂ ਚੰਨ ਦਾ ਬਦਲ ਸੀ ਪਰ ਸੋਨੂੰ ਲਈ ਰਾਜ਼ੀ ਮਹਿਜ਼ ਇੱਕ ਭੋਗ ਦੀ ਵਸਤੂ ਸੀ। ਇਸ ਤੋਂ ਇਲਾਵਾ ਸੋਨੂੰ ਦੀ ਨਜ਼ਰ ਰਾਜ਼ੀ ਦੀ ਜ਼ਮੀਨ 'ਤੇ ਵੀ ਸੀ। ਇੱਜ਼ਤ ਤੇ ਸ਼ਰਮ ਦੀਆਂ ਸਭ ਹੱਦਾਂ ਪਾਰ ਕਰ ਰਾਜ਼ੀ ਆਪਣੇ ਦੋਹਾਂ ਬੱਚਿਆਂ ਨੂੰ ਲੈ ਕੇ ਸ਼ਰੇਆਮ ਸੋਨੂੰ ਨਾਲ ਰਹਿਣ ਲੱਗ ਗਈ। ਚੰਨ ਦੇ ਘਰ ਸਿਰਫ਼ ਉਸ ਦੀ ਬੁੱਢੀ ਮਾਂ ਭਿੰਦਰ ਕੌਰ ਹੀ ਰਹਿ ਗਈ। ਚੰਨ ਦੇ ਕੁੱਝ ਕਰੀਬੀ ਯਾਰ, ਜਿਹੜੇ ਉਸ ਦੇ ਵਿਆਹ 'ਤੇ ਖੀਵੇ ਹੋ-ਹੋ ਨੱਚਦੇ ਸਨ, ਇਹ ਪਤਾ ਲੱਗਣ 'ਤੇ ਉਹ ਨਿਮੂਝਣੇ ਜਿਹੇ ਹੋ ਕੇ ਰਹਿ ਗਏ। ਇੱਕੋ ਘਰ ਦੀਆਂ 2 ਔਰਤਾਂ ਦੇ ਵੱਖ-ਵੱਖ ਕਿਰਦਾਰ ਉਨ੍ਹਾਂ ਲਈ ਹੈਰਾਨੀ ਦਾ ਸਬੱਬ ਸੀ। ਜਦ ਕਦੇ ਆਉਂਦੇ-ਜਾਂਦੇ ਉਹ ਰਾਜ਼ੀ ਨੂੰ ਸੋਨੂੰ ਨਾਲ ਦੇਖਦੇ, ਤਾਂ ਉਹ ਗ਼ੁੱਸੇ 'ਚ ਝੂਰਦੇ, ਪਰ ਉਹ ਚਾਹ ਕੇ ਵੀ ਕੁੱਝ ਕਰ ਨਹੀਂ ਸਨ ਸਕਦੇ। ਜਵਾਨੀ ਦੇ ਜੋਸ਼ ਜਾਂ ਜਿਸਮਾਨੀ ਭੁੱਖ ਕਾਰਨ ਸੋਨੂੰ ਤੇ ਰਾਜ਼ੀ ਵਕਤੀ ਖ਼ੁਸ਼ੀਆਂ ਤਾਂ ਮਾਣ ਰਹੇ ਸਨ ਪਰ ਉਹ ਇਹ ਦੇਖਣ ਜਾਂ ਸਮਝਣ ਤੋਂ ਅਸਮਰਥ ਸਨ ਕਿ ਇਸ ਨਾਜਾਇਜ਼ ਰਿਸ਼ਤੇ ਨਾਲ ਉਹ ਦੋਹਾਂ ਦੇ 2-2 ਬੱਚਿਆਂ ਤੇ ਸੋਨੂੰ ਦੀ ਘਰਵਾਲੀ ਸਮੇਤ 7 ਜ਼ਿੰਦਗੀਆਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਸਨ ਜਾਂ ਹੋ ਰਿਹਾ ਸੀ, ਜਿਸ ਦੇ ਸਿੱਧੇ ਤੌਰ 'ਤੇ ਜ਼ਿੰਮੇਵਾਰ ਸੋਨੂੰ ਤੇ ਰਾਜ਼ੀ ਹੀ ਸਨ। ਨਾਲੇ ਜਿਹੜਾ ਆਪਣੀ ਘਰਵਾਲੀ ਦਾ ਤਾਂ ਛੱਡੋ, ਆਪਣੇ ਬੱਚਿਆਂ ਦਾ ਹੀ ਨਾ ਹੋਇਆ, ਉਹ ਬਿਗਾਨੇ ਬੱਚਿਆਂ ਦਾ ਕਿੱਥੋਂ ਹੋਜੇਗਾ?

ਹੁਣ ਚੰਨ ਦੇ ਪਿੰਡ ਜ਼ਮੀਨ ਦਾ ਠੇਕਾ ਲੈਣ ਵੀ ਰਾਜ਼ੀ ਸੋਨੂੰ ਨਾਲ ਹੀ ਜਾਂਦੀ ਸੀ, ਜੋ ਕਿ ਭਿੰਦਰ ਕੌਰ ਲਈ ਅਸਹਿ ਜਾਂ ਇੱਕ ਸਦਮੇ ਵਾਂਗੂ ਸੀ, ਜਿਸਨੂੰ ਨਾ ਸਹਾਰਦੇ ਹੋਏ ਇੱਕ ਦਿਨ ਭਿੰਦਰ ਕੌਰ ਵੀ ਸੰਸਾਰੋਂ ਰੁਖ਼ਸਤ ਹੋ ਗਈ। ਰਾਜ਼ੀ ਨੇ ਆਪਣੀ ਸੱਸ ਦੇ ਭੋਗ 'ਤੇ ਆਉਣਾ ਵੀ ਮੁਨਾਸਿਬ ਨਾ ਸਮਝਿਆ, ਚੰਨ ਦੇ ਬੱਚਿਆਂ ਨੂੰ ਉਨ੍ਹਾਂ ਦੀ ਦਾਦੀ ਦਾ ਆਖਰੀ ਵਾਰ ਮੂੰਹ ਵੀ ਨਾ ਦਿਖਾਇਆ। ਭਿੰਦਰ ਕੌਰ ਨੇ ਤਾਂ ਸੁਰਜਨ ਦੇ ਤੁਰ ਜਾਣ ਤੋਂ ਬਾਅਦ ਚੰਨ ਦੇ ਰੂਪ 'ਚ ਉਸ ਦੇ ਖਾਨਦਾਨ ਜਾਂ ਵਾਰਸ ਨੂੰ ਅੱਗੇ ਤੋਰਿਆ ਪਰ ਅੱਗੋਂ ਰਾਜ਼ੀ ਦੀ ਬੇਸਮਝੀ ਕਾਰਨ ਚੰਨ ਦਾ ਵਾਰਿਸ ਹੁੰਦੇ ਹੋਏ ਵੀ ਅੱਜ ਉਸਦਾ ਨਾਂ ਖਤਮ ਹੋ ਕੇ ਰਹਿ ਗਿਆ ਸੀ। ਹੋਰ ਜੀਵਾਂ ਵਾਂਗ ਇੱਕੋ ਰੱਬ ਵੱਲੋਂ ਸਿਰਜਤ ਔਰਤਾਂ ਦੇ ਦੋ ਵੱਖੋ-ਵੱਖਰੇ ਰੂਪ ਦੇਖ ਕੇ ਕਲਮ ਨੇ ਵੀ ਇੱਕਦਮ ਲਿਖਣਾ ਬੰਦ ਕਰ ਦਿੱਤਾ।

# ਅੰਨ੍ਹਾ ਖੂਹ

## ਮਿੰਨੀ ਕਹਾਣੀ:-

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA




ਬਾਬੇ ਬਖਤੌਰੇ ਦਾ ਕੁੱਤਾ ਗਲੀ ਵਿਚ ਡਿੱਗਦਾ, ਲੇਟਦਾ ਤੇ ਹਰੇਕ ਨੂੰ ਭੌਂਕ ਰਿਹਾ ਸੀ। ਬਖਤੌਰੇ ਨੇ ਘਰ ਵਾਲੀ ਨੂੰ ਪੁੱਛਿਆ ਭਾਈ ਆਪਣੇ ਡੱਬੂ ਨੂੰ ਕੀ ਹੋਇਆ? ਉਹ ਕਹਿੰਦੀ ਕੱਲ੍ਹ ਦਾ ਬਿਮਾਰ ਜਿਹਾ ਜਾਪਦਾ ਸੀ, ਮੈਂ ਇੱਕ ਕੱਪ ਦਵਾਈ ਪਿਲਾਈ ਤੇ ਦਵਾਈ ਪੀਂਦੇ ਹੀ ਘਰੋਂ ਭੱਜ ਗਿਆ, ਹੁਣ ਮੁਹੱਲੇ ਵਾਲੇ ਉਲਾਹਮੇ ਦੇ ਰਹੇ ਨੇ। ਤੂੰ ਦਵਾਈ ਕਿਥੋਂ ਲਈ ਸੀ, ਉਸ ਦੀ ਡੇਟ ਵਗੈਰਾ ਵੇਖੀ ਸੀ? ਕਹਿੰਦੀ ਡੇਟ ਤਾਂ ਉਸ 'ਤੇ ਲਿਖੀ ਨਹੀਂ ਸੀ! ਤੇ ਤੂੰ ਦਵਾਈ ਖਰੀਦੀ ਕਿੱਥੋਂ ਸੀ? ਭੋਲੀ-ਭਾਲੀ ਪਤਨੀ ਕਹਿੰਦੀ ਜੀ, ਮੈਂ ਖਰੀਦੀ ਨਹੀਂ, ਉਹ ਤੇ ਮੈਂ ਤੁਹਾਡੀ ਅਲਮਾਰੀ ਵਿਚੋਂ ਕੱਢੀ ਸੀ। ਆਪਣੀ ਅਲਮਾਰੀ ਦਾ ਸੁਣ ਕੇ ਬਖਤੌਰਾ ਹੈਰਾਨ ਹੋਇਆ ਕਹਿੰਦਾ, ਮੇਰੀ ਅਲਮਾਰੀ!!! ਕਹਿੰਦੀ ਆਹੋ! 'ਕੀ ਲਿਖਿਆ ਸੀ ਦਵਾਈ 'ਤੇ' ਬਖਤੌਰਾ ਗੁੱਸੇ ਨਾਲ ਬੋਲਿਆ। ਏਨੇ ਨੂੰ ਉਹ ਬੋਤਲ ਕੱਢ ਲਿਆਈ, ਜਿਸ 'ਤੇ ਲਿਖਿਆ ਸੀ (ਬਲੈਕ ਡੌਗ), ਕਹਿੰਦੀ ਮੈਂ ਸੋਚਿਆ ਕੁੱਤੇ ਦੀ ਹੀ ਹੋਵੇਗੀ? ਉਹ ਤੇਰਾ ਬਹਿ ਜੇ ਬੇੜਾ, ਇਹ ਤਾਂ ਕੱਲ੍ਹ ਮੈਨੂੰ ਵੋਟਾਂ ਵਾਲੇ ਦੇ ਕੇ ਗਏ ਸੀ, ਤੂੰ ਪਾ ਤਾ ਪਾਣੀ ਦੋ ਹਜ਼ਾਰ ਵਿਚ! ਹੁਣ ਬਖਤੌਰੇ ਦੀ ਘਰਵਾਲੀ ਦਾ ਸਬਰ ਦਾ ਬੰਨ੍ਹ ਟੁੱਟ ਗਿਆ। ਉਸ ਨੇ ਰਹਿੰਦੀ ਵਿਸਕੀ ਵਾਲੀ ਬੋਤਲ ਕੰਧ ਨਾਲ ਮਾਰੀ। ਕਹਿੰਦੀ, ਬਹਿ ਜਾਏ ਬੇੜਾ ਇਲੈਕਸ਼ਨਾਂ ਵਿਚ ਸ਼ਰਾਬ ਵੰਡਣ ਵਾਲਿਆਂ ਦਾ, ਤੇਰੇ ਜਿਹੇ ਕੰਮ ਚੋਰਾਂ ਦਾ, ਜੋ ਆਪਣੇ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਮੁਫਤ ਦੀ ਸ਼ਰਾਬ ਖਾਤਰ ਅੰਨ੍ਹੇ ਖੂਹ ਵਿਚ ਧਕੇਲ ਰਹੇ ਹਨ।

# ਵੈਕਸੀਨੇਸ਼ਨ ਕਰਾਓ-ਹਰ ਜ਼ਿੰਦਗੀ ਬਚਾਓ

*"ਵਿਸ਼ਵ ਟੀਕਾਕਰਨ ਵੀਕ 2024 ਟੀਕਾਕਰਨ ਦਾ ਮਕਸਦ, ਸਾਰਿਆਂ ਦੀ ਲੰਬੀ ਉਮਰ, ਤੰਦਰੁਸਤ ਜ਼ਿੰਦਗੀ ਜੀਉਣ ਲਈ, ਹੱਲ ਲੱਭਣ ਤੇ ਜਾਗਰੂਕ ਕਰਨ ਬਾਰੇ ਹੈ। ਟੀਕਾਕਰਨ ਲਾਈਫ ਵਿਚ ਖਤਰਨਾਕ ਛੂਤ ਦੀਆਂ ਬੀਮਾਰੀਆਂ ਨੂੰ ਕੰਟ੍ਰੋਲ ਕਰਨ ਅਤੇ ਖਤਮ ਕਰਨ ਲਈ ਇੱਕ ਕਾਰਗਰ ਸਾਧਨ ਹੈ'' – ਅਨਿਲ ਧੀਰ*

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)





ਵਿਸ਼ਵ ਟੀਕਾਕਰਨ ਵੀਕ 2024 ਦੌਰਾਨ ਤੰਦਰੁਸਤੀ ਲਈ ਲੋਕਾਂ ਨੂੰ ਵੈਕਸੀਨੇਸ਼ਨ ਪ੍ਰਤੀ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਅੱਜ ਪੂਰੀ ਦੁਨੀਆਂ ਵਿਚ ਆ ਰਹੇ ਨਵੇਂ-ਨਵੇਂ ਵੇਰੀਏਂਟਸ, ਬੈਕਟੀਰੀਆ ਕਾਰਨ ਬਿਮਾਰੀਆਂ ਨੇ ਚਿੰਤਾ ਵਧਾ ਦਿੱਤੀ ਹੈ। ਵਿਸ਼ਵ ਟੀਕਾਕਰਨ ਵੀਕ 2024 ਦੇ ਮੌਕੇ 'ਤੇ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਹੈ ਕਿ ਟੀਕੇ ਸਾਨੂੰ ਨਜ਼ਦੀਕ ਲੈ ਕੇ ਆਉਂਦੇ ਹਨ। ਪੂਰਾ ਵਿਸ਼ਵ ਟੀਕਾਕਰਨ ਨੂੰ ਪਹਿਲ ਦੇ ਰਿਹਾ ਹੈ। ਅਜੇ ਭੀ ਮਹਾਂਮਾਰੀ ਕੋਵਿਡ-19 ਦੇ ਵੇਰੀਐਂਟਸ ਵਿਸ਼ਵ ਭਰ ਲਈ ਚੁਣੌਤੀ ਬਣੇ ਹੋਏ ਹਨ। ਕੋਵਿਡ-ਵੇਰੀਐਂਟਸ ਦੇ ਖਿਲਾਫ ਵੈਕਸੀਨ ਦੀ 1, 2, 3 ਅਤੇ ਚੌਥੀ ਡੋਜ਼ ਦੇ ਨਾਲ ਰੋਗੀਆਂ ਦਾ ਅੰਕੜਾ ਵੀ ਘੱਟਿਆ ਹੈ। ਪਰ ਕਈ ਲੋਕਾਂ ਨੂੰ ਕੋਵਿਡ ਵੈਕਸੀਨ ਤੋਂ ਬਾਅਦ ਮਾੜਾ ਅਸਰ ਵੀ ਦੇਖਿਆ ਗਿਆ ਹੈ। ਵਿਸ਼ਵ ਟੀਕਾਕਰਨ ਹਫਤੇ ਦਾ ਉਦੇਸ਼ ਜਾਗਰੂਕਤਾ ਦੇ ਨਾਲ-ਨਾਲ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਵਿਅਕਤੀ ਨੂੰ ਇਨਫੈਕਸ਼ਨ ਛੂਤ ਵਰਗੀਆਂ ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨ ਦੀ ਵਰਤੋਂ ਪ੍ਰਤੀ ਉਤਸ਼ਾਹਤ ਕਰਨਾ ਹੈ। ਅੱਜ ਵੀ ਵਿਸ਼ਵ ਭਰ ਵਿਚ ਤਕਰੀਬਨ 21 ਮਿਲੀਅਨ ਤੋਂ ਵੱਧ ਬੱਚੇ ਲੋੜੀਂਦੇ ਟੀਕਿਆਂ ਤੋਂ ਬਿਨਾ ਰਹਿ ਜਾਂਦੇ ਹਨ। ਹਰ ਸਾਲ ਟੀਕਾਕਰਨ ਲੱਖਾਂ ਲੋਕਾਂ ਨੂੰ ਬਚਾਉਂਦਾ ਹੈ। 200 ਤੋਂ ਵੱਧ ਸਾਲਾਂ ਤੋਂ ਖਤਰਨਾਕ ਬਿਮਾਰੀਆਂ ਦੀ ਛੂਤ ਤੋਂ ਕੇਵਲ ਟੀਕਿਆਂ ਨੇ ਦੁਨੀਆਂ ਨੂੰ ਬਚਾਇਆ ਹੈ। ਇਮਿਊਨਿਟੀ ਲਈ ਜਾਨਲੇਵਾ ਬਿਮਾਰੀ ਕੋਵਿਡ-19 ਵੈਕਸੀਨ, ਟੀਕੇ ਨਾਲ ਬੱਚੇਦਾਨੀ ਦੇ ਕੈਂਸਰ, ਟੀ.ਬੀ., ਬਚਪਨ ਦੇ ਰੋਗ ਖਸਰਾ ਵਗੈਰਾ ਤੋਂ ਬਚਾਅ ਹੋ ਜਾਂਦਾ ਹੈ। ਆਪਣੇ ਬੱਚਿਆਂ ਨੂੰ ਟੀਕਾਕਰਨ ਦੁਆਰਾ ਬੇਹਤਰ ਇਮਿਊਨਿਟੀ ਦਿਓ ਅਤੇ ਗੰਭੀਰ ਬਿਮਾਰੀਆਂ ਤੋਂ ਬਚਾਓ।

**ਬਿਮਾਰੀਆਂ ਲਈ ਟੀਕੇ:**

ਬੈਕਟੀਰੀਆ, ਵਾਇਰਸ ਤੇ ਵੇਰੀਐਂਟਸ ਦੀ ਇਨਫੈਕਸ਼ਨ ਤੋਂ ਪੈਦਾ ਹੋਣ ਵਾਲੀ ਬਿਮਾਰੀ ਨਾਲ ਲੜਨ ਤੇ ਬਚਣ ਲਈ ਸਰੀਰ ਅੰਦਰ ਇਮਿਊਨਿਟੀ ਦੀ ਲੋੜ ਹੁੰਦੀ ਹੈ। ਇਨਫੈਕਸ਼ਨ ਨਾਲ ਲੜਨ ਲਈ ਚਿੱਟੇ ਸੈੱਲ, ਮੈਕਰੋਫੇਜ, ਬੀ-ਲਿੰਫੋਸਾਈਟਸ ਅਤੇ ਟੀ ਲਿੰਫੋਸਾਈਟਸ, ਟਿਸ਼ੂ ਅਤੇ ਸਰੀਰਕ ਅੰਗਾਂ ਨੂੰ ਆਕਸੀਜ਼ਨ ਪਹੁੰਚਾਉਂਦੇ ਹਨ। ਇਹ ਟੀਕੇ ਸਰੀਰ ਅੰਦਰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦੇ ਹਨ। ਅੱਗੇ ਬਿਮਾਰੀਆਂ ਮੁਤਾਬਿਕ ਟੀਕਾਕਰਨ ਕਰਨ ਨਾਲ ਪੂਰੇ ਸਮਾਜ ਨੂੰ ਬਚਾਇਆ ਜਾ ਸਕਦਾ ਹੈ।

ਭਵਿੱਖ ਵਿਚ ਖਤਰਨਾਕ ਬਿਮਾਰੀਆਂ ਡਿਪਥੀਰੀਆ, ਹੀਮੋਫਿਲਸ ਇਨਫਲੂਐਨਜ਼ਾ, ਹਿਪੇਟਾਈਟਸ ਏ-ਬੀ; ਸ਼ਿਗਲਸ; ਸੈਕਸ-ਰੋਗ ਐੱਚ.ਪੀ.ਵੀ; ਮੀਸਲਜ਼; ਦਿਮਾਗੀ ਰੋਗ ਮੇਨਿਨਗੋਕੋਕਲ; ਮੰਮਪਸ; ਕੁਕਰ ਖਾਂਸੀ; ਨੀਉਮੋਕੋਕਲ; ਰੋਟਾਵਾਇਰਸ, ਰੂਬੇਲਾ, ਟੈਟਨਸ ਤੋਂ ਬਚਣ ਲਈ ਪ੍ਰੈਗਨੈਂਸੀ ਤੋਂ ਪਹਿਲਾਂ ਐੱਮ.ਐੱਮ.ਆਰ. 'ਤੇ ਵੀ ਵੈਕਸੀਨ; ਅਤੇ ਬਾਕੀ ਟੀਡੈਪ ਅਤੇ ਫਲੂ ਵੈਕਸੀਨ; ਜਨਮ ਤੋਂ ਬਾਅਦ ਹੈਪੇਟਾਇਟਟਸ ਬੀ; ਡੀ.ਟੀ.ਏ.ਪੀ.; ਹਿਬ; ਪੋਲਿਓ (ਆਈ.ਪੀ.ਵੀ.); ਪੀ.ਸੀ.ਵੀ.-13; ਅਤੇ ਆਰ.ਵੀ.; ਚਿਕਨਪੋਕਸ; ਐੱਚ.ਪੀ.ਵੀ.; ਮੈਨਏਸੀਡਬਲਯੂ ਵਾਈ; ਅਤੇ ਮੈਨ ਬੀ; ਐੱਚ.ਏ.ਐੱਚ.ਵੀ.; ਐੱਲ.ਜ਼ੈਡ.ਵੀ.; ਆਰ.ਜ਼ੈਡ.ਵੀ.; ਐੱਚ.ਪੀ.ਵੀ. ਵੈਕਸੀਨ; ਆਈ.ਵੀ.-3; ਐੱਲ.ਏ.ਵੀ. 3-4; ਪੀ.ਐੱਨ.ਈ.ਯੂ. ਸੀ-10, 13, ਪੀ.ਐੱਨ.ਈ.ਯੂ. ਪੀ-23; ਰੋਟ-5 ਅਤੇ ਰੋਟ-1 ਵਗੈਰਾ ਦਿੱਤੇ ਜਾਂਦੇ ਹਨ।

ਨਵੇਂ-ਨਵੇਂ ਵੇਰੀਐਂਟਸ, ਵਾਇਰਸ-ਬੈਕਟੀਰੀਆ ਦੇ ਰੋਗਾਂ ਤੋਂ ਬਚਾਅ ਅਤੇ ਇਮਿਊਨ ਸਿਸਟਮ ਦੀ ਤਾਕਤ ਬਰਕਰਾਰ ਰੱਖਣ ਲਈ ਅੱਗੇ ਲਿਖੇ ਉਪਾਅ ਕਰ ਸਕਦੇ ਹੋ:

- ਫੇਫੜਿਆਂ ਨੂੰ ਮਜ਼ਬੂਤ ਕਰਨ ਲਈ ਲੰਬੇ ਸਾਹ ਲਵੋ-ਰੋਕੋ-ਛੱਡਣ ਦੀ ਕ੍ਰਿਆ ਬਾਰ-ਬਾਰ ਕਰੋ। ਯੋਗਾ ਕਰਨ ਵਾਲੇ ਮੈਡੀਟੇਸ਼ਨ, ਪ੍ਰਾਨਾਯਾਮ, ਕਪਾਲਭਾਤੀ ਤੇ ਮੂੰਹ ਅੰਦਰ ਹਵਾ ਭਰੋ ਤੇ ਛੱਡਣ ਦੀ ਕ੍ਰਿਆ ਰੋਜ਼ਾਨਾ ਕਰਨ।
- ਐਂਟੀ-ਆਕਸੀਡੈਂਟ ਡਾਰਕ ਗ੍ਰੀਨ ਮੌਸਮੀ ਰੰਗਦਾਰ ਸਬਜ਼ੀਆਂ ਬ੍ਰੋਕਲੀ, ਪਾਲਕ, ਕੇਲ, ਐਵੋਕੇਡਾ, ਬੀਟਰੂਟ, ਬੈਂਗਨ, ਛੱਲ਼ੀ-ਸਵੀਟ ਕੋਰਨ, ਗਾਜ਼ਰ, ਸ਼ਕਰਕੰਦੀ, ਮਸ਼ਰੂਮ, ਨਿੰਬੂ ਤੇ ਮਿਕਸ ਵੈਜ਼ੀਟੇਬਲ ਸੂਪ ਅਤੇ ਫੱਲ ਬਲੂ ਬੇਰੀਜ਼, ਲਾਲ-ਹਰੇ-ਕਾਲੇ ਅੰਗੂਰ, ਪਰੂਨ, ਰੇਸਿਨ, ਖਜੂਰ, ਚੇਰੀਜ਼, ਲਾਲ ਬੈਲ-ਪੀਪਰ ਦੀ ਵਰਤੋਂ ਜ਼ਿਆਦਾ ਕਰੋ।
- ਸਵੇਰੇ-ਸ਼ਾਮ ਤਾਜ਼ਾ ਜਿੰਜ਼ਰ ਜੂਸ ਸ਼ਹਿਦ ਮਿਲਾ ਕੇ ਲਵੋ।
- ਸਟ੍ਰੈਸ ਘਟਾਉਣ ਦਾ ਯਤਨ ਕਰੋ ਅਤੇ ਡੇਲੀ 8 ਘੰਟੇ ਨੀਂਦ ਜ਼ਰੂਰ ਲੈਣੀ ਚਾਹੀਦੀ ਹੈ।
- ਤਾਜ਼ੀ ਹਲਦੀ ਦਾ ਸਲਾਦ ਵਿਚ ਖੀਰਾ, ਇੰਗਲਿਸ਼ ਕੁਕੂਮਬਰ, ਲੇਟਸ, ਲਾਲ ਪਿਆਜ਼, ਚੁਕੰਦਰ, ਜ਼ਿਆਦਾ ਖਾਓ।
- ਸਵੇਰੇ ਜਾਗਦੇ ਹੀ ਲਸਨ ਕਲੋਵ 1, ਅੱਧਾ ਚਮਚ ਹਲਦੀ ਪਾਓਡਰ, 1 ਕੱਪ ਦੁੱਧ ਵਿਚ ਉਬਾਲ ਕੇ ਇਸਤੇਮਾਲ ਕਰੋ।
- ਵਾਇਰਸ-ਬੈਕਟੀਰੀਆ ਤੋਂ ਬਚਾਅ ਲਈ ਪਰਸਨਲ ਹਾਈਜ਼ੀਨ ਦਾ ਖਾਸ ਖਿਆਲ ਰੱਖੋ।
- ਡਾਰਕ-ਚਾਕਲੇਟ, ਗ੍ਰੀਨ-ਟੀ, ਸੈਸਮੇ ਤੇ ਸਨਫਲਾਵਰ ਸੀਡਜ਼ ਨੂੰ ਖੁਰਾਕ ਵਿਚ ਸ਼ਾਮਿਲ ਕਰੋ।
- ਦੁੱਧ, ਦਹੀਂ, ਕਾਟੇਜ ਚੀਜ਼, ਪ੍ਰੋਬਾਇਓਟਿਕਸ ਇਸਤੇਮਾਲ ਕਰੋ।
- ਆਯੁਰਵੈਦਿਕ ਚਵਨਪ੍ਰਾਸ਼, ਔਲੇ ਦਾ ਮੁਰੱਬਾ ਰੋਜ਼ਾਨਾ ਇਸਤੇਮਾਲ ਕਰਕੇ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਪੈਦਾ ਕਰੋ।
- ਸ਼ਰਾਬ, ਚੀਨੀ ਘੱਟ ਤੇ ਤੰਬਾਕੂ ਦਾ ਇਸਤੇਮਾਲ ਯਾਨਿ ਸਮੋਕਿੰਗ ਤੋਂ ਬਚੋ।
- ਮਲਟੀ-ਵਿਟਾਮਿਨ ਜ਼ਿੰਕ, ਸੇਲੀਨੀਅਮ, ਕੋਪਰ, ਫੋਲਿਕ ਏਸਿਡ, ਵਿਟਾਮਿਨ-ਏ, ਬੀ-6, ਸੀ ਅਤੇ ਈ ਆਦਿ ਸਪਲੀਮੈਂਟਸ ਮਾਹਿਰ ਦੀ ਸਲਾਹ ਨਾਲ ਸ਼ੁਰੂ ਕਰਨੇ ਚਾਹੀਦੇ ਹਨ। ਸਿੰਥੈਟਿਕ ਸਪਲੀਮੈਂਟਸ ਲੈਣ ਤੋਂ ਹਮੇਸ਼ਾ ਬਚਣਾ ਚਾਹੀਦਾ ਹੈ।

# ਇਤਿਹਾਸਕ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ, ਸ੍ਰੀ ਚਮਕੌਰ ਸਾਹਿਬ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)





ਮੁੱਕੱਦਸ ਧਰਤੀ ਸ੍ਰੀ ਚਮਕੌਰ ਸਾਹਿਬ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਦਮਦਮਾ ਸਾਹਿਬ ਉਹ ਯਾਦਗਾਰੀ ਅਸਥਾਨ ਹੈ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਜੀ ਅਤੇ ਪੰਜ ਪਿਆਰਿਆਂ ਸਮੇਤ ਲਗਭਗ ਚਾਲੀ ਸਿੰਘਾਂ ਨਾਲ ਰੋਪੜ, ਭੱਠਾ ਸਾਹਿਬ, ਬਾਹਮਣ ਮਾਜਰਾ, ਸਿੰਘ, ਭਗਵੰਤ ਪੁਰ, ਪਿੰਡ ਬੂਰਮਾਜਰਾ ਤੇ ਦੁਗਰੀ ਪਿੰਡਾਂ ਵਿਚੋਂ ਦੀ ਹੁੰਦੇ ਹੋਏ 7 ਪੋਹ, 1761 ਸੰਮਤ ਸ਼ਾਮ ਨੂੰ ਚਮਕੌਰ ਸਾਹਿਬ ਦੇ ਇਸ ਅਸਥਾਨ 'ਤੇ ਪੁੱਜੇ ਸਨ ਤੇ ਥੋੜ੍ਹਾ ਸਮਾਂ ਵਿਸ਼ਰਾਮ ਕੀਤਾ ਸੀ। ਇਸ ਥਾਂ 'ਤੇ ਉਸ ਸਮੇਂ ਸਥਾਨਕ ਜ਼ਿਮੀਂਦਾਰ ਰਾਇ ਜਗਤ ਸਿੰਘ ਦਾ ਇਕ ਹਰਾ-ਭਰਾ ਬਾਗ ਹੋਇਆ ਕਰਦਾ ਸੀ। ਇਸੇ ਸਥਾਨ ਤੋਂ ਸਤਿਗੁਰਾਂ ਨੇ ਪੰਜ ਸਿੰਘ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੇ ਮਾਲਕ ਰਾਇ ਜਗਤ ਸਿੰਘ ਪਾਸ ਭੇਜੇ ਸਨ, ਤਾਂ ਕਿ ਉਹ ਉਨ੍ਹਾਂ ਨੂੰ ਕੱਚੀ ਗੜ੍ਹੀ ਵਿਚ ਨਿਵਾਸ ਕਰਨ ਦੀ ਆਗਿਆ ਦੇਵੇ। ਸਿੰਘਾਂ ਨੇ ਜਾ ਕੇ ਰਾਇ ਜਗਤ ਸਿੰਘ ਨੂੰ ਦਸਮ ਪਾਤਸ਼ਾਹ ਜੀ ਦਾ ਸੰਦੇਸ਼ ਦਿੱਤਾ ਸੀ ਤੇ ਕਿਹਾ ਸੀ ਕਿ ਗੁਰੂ ਸਾਹਿਬ ਨਗਰੋਂ ਬਾਹਰ ਇੱਕ ਬਾਗ ਵਿਚ ਬਿਰਾਜਮਾਨ ਹਨ, ਉਨ੍ਹਾਂ ਨਾਲ ਜਾ ਕੇ ਗੱਲ ਕਰ ਲਓ। ਰਾਇ ਜਗਤ ਸਿੰਘ ਮੁਗਲ ਸੈਨਾ ਤੋਂ ਡਰ ਗਿਆ। ਉਸਨੇ ਟਾਲ-ਮਟੋਲ ਕੀਤਾ ਤੇ ਸਿੰਘਾਂ ਨੂੰ ਕਿਹਾ ਕਿ ਮੇਰੇ ਪਾਸ ਗੁਰੂ ਜੀ ਨੂੰ ਭੇਟਾ ਦੇਣ ਲਈ ਕੁਝ ਨਹੀਂ ਹੈ, ਇਸ ਲਈ ਮੈਂ ਗੁਰੂ ਸਾਹਿਬ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਤੋਂ ਅਸਮਰਥ ਹਾਂ। ਸਿੰਘਾਂ ਨੇ ਇਹ ਗੱਲ ਗੁਰੂ ਸਾਹਿਬ ਨੂੰ ਦੱਸੀ। ਗੁਰੂ ਸਾਹਿਬ ਨੇ ਇੱਕ ਸਿੰਘ ਨੂੰ ਮੋਹਰਾਂ ਦੇ ਕੇ ਰਾਇ ਜਗਤ ਸਿੰਘ ਵੱਲ ਭੇਜਿਆ ਕਿਉਂਕਿ ਉਸ ਸੰਕਟਮਈ ਸਮੇਂ 'ਚ ਇਸ ਨਿਵਾਸ ਦੀ ਬਹੁਤ ਲੋੜ ਸੀ, ਜਿਸ ਨੂੰ ਪੂਰਾ ਕਰਨ ਲਈ ਗੁਰੂ ਸਾਹਿਬ ਨੇ ਉਸ ਨੂੰ ਮੂੰਹ ਮੰਗਿਆ ਮੁੱਲ ਦੇਣ ਲਈ ਤਿਆਰ ਸਨ। ਪਰ ਜਗਤ ਸਿੰਘ ਨੇ ਕੱਚੀ ਗੜ੍ਹੀ ਦੇਣ ਤੋਂ ਫੇਰ ਵੀ ਇਨਕਾਰ ਕਰ ਦਿੱਤਾ। ਫਿਰ ਉਸ ਸਿੰਘ ਨੇ ਰਾਇ ਜਗਤ ਸਿੰਘ ਦੇ ਛੋਟੇ ਭਰਾ ਰੂਪ ਚੰਦ ਨੂੰ ਗੜ੍ਹੀ ਦੇਣ ਲਈ ਪ੍ਰੇਰਿਤ ਕੀਤਾ। ਰੂਪ ਚੰਦ ਨੇ 50 ਮੋਹਰਾਂ ਲੈ ਕੇ ਕੱਚੀ ਗੜ੍ਹੀ ਵਿਚੋਂ ਆਪਣਾ ਹਿੱਸਾ ਦੇਣਾ ਪ੍ਰਵਾਨ ਕਰ ਲਿਆ। ਉਸ ਦੀ ਸਹਿਮਤੀ ਪ੍ਰਾਪਤ ਕਰਕੇ ਗੁਰੂ ਸਾਹਿਬ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਤੇ 40 ਸਿੰਘਾਂ ਸਮੇਤ ਚਮਕੌਰ ਦੀ ਕੱਚੀ ਗੜ੍ਹੀ ਵਿਚ ਪ੍ਰਵੇਸ਼ ਕੀਤਾ। ਇਹ ਗੁਰਦੁਆਰਾ (ਦਮਦਮਾ ਸਾਹਿਬ) ਚਮਕੌਰ ਸਾਹਿਬ ਦੀ ਸੰਘਣੀ ਆਬਾਦੀ 'ਚ ਸੁਸ਼ੋਭਿਤ ਹੈ ਤੇ ਦਸਵੇਂ ਪਾਤਸ਼ਾਹ ਜੀ ਦੇ ਦੁਖਾਂਤਕ ਸਮੇਂ ਦੀ ਯਾਦ ਨਾਲ ਜੁੜਿਆ ਹੋਇਆ ਹੈ। ਇਸ ਗੁਰਦੁਆਰਾ ਸਾਹਿਬ ਦਾ ਮੁੱਖ ਦਰਵਾਜ਼ਾ ਬਾਜ਼ਾਰ ਵੱਲ ਖੁੱਲ੍ਹਦਾ ਹੈ। ਇਸ ਅਸਥਾਨ 'ਤੇ ਸਭ ਤੋਂ ਪਹਿਲੀ ਇਮਾਰਤ ਧਰਮ ਸਿੰਘ ਠੇਕੇਦਾਰ ਦਿੱਲੀ ਵਾਲਿਆਂ ਨੇ ਬਣਾਈ ਸੀ। ਫਿਰ ਬਾਬਾ ਪਿਆਰਾ ਸਿੰਘ ਝਾੜ ਸਾਹਿਬ ਵਾਲਿਆਂ ਨੇ ਸੰਨ 1963-64 ਵਿਚ ਵੱਡੀ ਇਮਾਰਤ ਬਣਾਈ। ਪਰ ਅੱਜਕੱਲ੍ਹ ਜੋ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦਿਖਾਈ ਦਿੰਦੀ ਹੈ, ਇਸ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ ਸੇਵਾ ਦਿੱਲੀ ਵਾਲਿਆਂ ਨੇ ਕਰਵਾਈ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਧੀਨ ਹੈ। ਦੂਰੋਂ-ਦੂਰੋਂ ਸੰਗਤਾਂ ਆ ਕੇ ਇਸ ਇਤਿਹਾਸਕ ਅਸਥਾਨ 'ਤੇ ਨਤਮਸਤਕ ਹੁੰਦੀਆਂ ਹਨ ਤੇ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ।

# ਲਹਿੰਦੇ ਪੰਜਾਬ ਦੇ ਦੋ ਪ੍ਰਸਿੱਧ ਲੋਕ ਨਾਇਕ, ਮਲੰਗੀ ਡਾਕੂ ਤੇ ਨਿਜ਼ਾਮ ਲੋਹਾਰ


ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
(Punjab Mail USA)



ਜਿਵੇਂ ਸਾਡੇ ਪੰਜਾਬ ਵਿਚ ਦੁੱਲਾ ਭੱਟੀ, ਜੱਗਾ ਡਾਕੂ, ਸੁੱਚਾ ਸੂਰਮਾ ਅਤੇ ਜਿਉਣਾ ਮੌੜ ਲੋਕ ਨਾਇਕਾਂ ਦੇ ਤੌਰ 'ਤੇ ਪ੍ਰਸਿੱਧ ਹੋਏ ਹਨ, ਉਸੇ ਤਰ੍ਹਾਂ ਪਾਕਿਸਤਾਨੀ ਪੰਜਾਬ ਜਾਂ ਲਹਿੰਦੇ ਪੰਜਾਬ ਵਿਚ ਮਲੰਗੀ ਡਾਕੂ ਅਤੇ ਨਿਜ਼ਾਮ ਲੋਹਾਰ ਪ੍ਰਸਿੱਧ ਹਨ।

**ਮਲੰਗੀ** - ਮਲੰਗੀ ਲਾਹੌਰ ਇਲਾਕੇ ਦਾ ਪ੍ਰਸਿੱਧ ਡਕੈਤ ਸੀ ਪਰ ਗਰੀਬ ਗੁਰਬਿਆਂ ਦੀ ਮਦਦ ਕਰਨ ਕਾਰਨ ਉਹ ਲੋਕ ਨਾਇਕ ਦੇ ਤੌਰ 'ਤੇ ਪ੍ਰਸਿੱਧ ਹੋਇਆ ਹੈ। ਉਸ ਦਾ ਜਨਮ ਪਿੰਡ ਸਿੱਧੂਪੁਰ (ਤਹਿਸੀਲ ਚੂਨੀਆਂ, ਜ਼ਿਲ੍ਹਾ ਲਾਹੌਰ) ਵਿਖੇ ਸੰਨ 1890-91 ਵਿਚ ਹੋਇਆ ਸੀ। ਜਦੋਂ ਉਹ ਛੇ ਮਹੀਨੇ ਦਾ ਸੀ, ਤਾਂ ਉਸ ਦੇ ਬਾਪ ਦੀ ਮੌਤ ਹੋ ਗਈ ਤੇ ਪਿੰਡ ਦੇ ਜ਼ੋਰਾਵਰ ਜ਼ੈਲਦਾਰ ਜ਼ਮਾਲ ਸ਼ਾਹ ਨੇ ਮਾਮਲਾ (ਜ਼ਮੀਨ ਦਾ ਟੈਕਸ) ਨਾ ਭਰਨ ਦਾ ਦੋਸ਼ ਲਗਾ ਉਸ ਦੀ ਮਾਂ ਨੂੰ ਜ਼ਮੀਨ ਤੋਂ ਬੇਦਖਲ ਕਰ ਦਿੱਤਾ। ਮਲੰਗੀ ਦੀ ਇੱਕ ਭੈਣ ਵੀ ਸੀ, ਜੋ ਉਸ ਤੋਂ 10-12 ਸਾਲ ਵੱਡੀ ਸੀ। ਜਦੋਂ ਮਲੰਗੀ 7- 8 ਸਾਲ ਦਾ ਸੀ, ਤਾਂ ਜ਼ੈਲਦਾਰ ਦੇ ਭਤੀਜੇ ਰਫੀਕ ਨੇ ਉਸ ਨਾਲ ਬਲਾਤਕਾਰ ਕਰ ਦਿੱਤਾ, ਜਿਸ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ। ਜਦੋਂ ਮਲੰਗੀ ਜਵਾਨ ਹੋਇਆ, ਤਾਂ ਉਸ ਨੂੰ ਲੋਕਾਂ ਦੇ ਮਜ਼ਾਕਾਂ ਦਾ ਸਾਹਮਣਾ ਕਰਨਾ ਪਿਆ ਕਿ ਜ਼ੈਲਦਾਰਾਂ ਨੇ ਉਸ ਦੀ ਜ਼ਮੀਨ ਦੇ ਨਾਲ-ਨਾਲ ਭੈਣ ਦੀ ਇੱਜ਼ਤ ਵੀ ਲੁੱਟ ਲਈ ਹੈ।

ਅਣਖੀਲੇ ਮਲੰਗੀ ਕੋਲੋਂ ਇਹ ਬੇਇੱਜ਼ਤੀ ਬਰਦਾਸ਼ਤ ਨਾ ਹੋਈ। ਉਹ ਡਾਕੂਆਂ ਦੇ ਇੱਕ ਗਰੋਹ ਵਿਚ ਸ਼ਾਮਲ ਹੋ ਗਿਆ ਤੇ ਜਲਦੀ ਹੀ ਉਸ ਦਾ ਸਰਦਾਰ ਬਣ ਗਿਆ। ਉਸ ਨੇ ਪਹਿਲੀ ਵੱਡੀ ਵਾਰਦਾਤ ਆਪਣਾ ਬਦਲਾ ਲੈਣ ਲਈ ਕੀਤੀ ਤੇ ਸਿੱਧੂਪੁਰ 'ਤੇ ਹਮਲਾ ਕਰ ਕੇ ਜ਼ੈਲਦਾਰ ਜਮਾਲ ਸ਼ਾਹ ਅਤੇ ਬਲਾਤਕਾਰੀ ਰਫੀਕ ਸਮੇਤ ਪਰਿਵਾਰ ਦੇ 9 ਮਰਦ ਕਤਲ ਕਰ ਦਿੱਤੇ। ਇਸ ਤੋਂ ਬਾਅਦ ਉਹ ਆਮ ਜਨਤਾ ਵਿਚ ਮਰਦਾਨਗੀ ਅਤੇ ਅਣਖ ਦਾ ਤੇ ਦੇਸ਼ ਦੇ ਗੱਦਾਰ ਜ਼ੈਲਦਾਰਾਂ, ਨੰਬਰਦਾਰਾਂ, ਸਫੈਦਪੋਸ਼ਾਂ ਤੇ ਲੋਕਾਂ ਦਾ ਖੂਨ ਚੂਸਣ ਵਾਲੇ ਸ਼ਾਹੂਕਾਰਾਂ ਲਈ ਦਹਿਸ਼ਤ ਦਾ ਪ੍ਰਤੀਕ ਬਣ ਗਿਆ। ਉਸ ਨੇ ਅਨੇਕਾਂ ਸਰਕਾਰੀ ਝੋਲੀਚੁੱਕ ਅਹਿਲਕਾਰਾਂ ਨੂੰ ਲੁੱਟਿਆ ਤੇ ਮਾਲ ਲੋੜਵੰਦਾਂ ਵਿਚ ਵੰਡ ਦਿੱਤਾ, ਜਿਸ ਕਾਰਨ ਉਸ ਦੀ ਛਵੀ ਰਬਿਨਹੁੱਡ ਵਾਲੀ ਬਣ ਗਈ। ਪੰਜਾਬ ਸਰਕਾਰ ਵੱਲੋਂ ਉਸ ਦੀ ਗ੍ਰਿਫਤਾਰੀ ਲਈ ਦੋ ਮੁਰੱਬੇ (50 ਏਕੜ) ਜ਼ਮੀਨ ਅਤੇ 1000 ਰੁਪਏ ਇਨਾਮ ਰੱਖਣ ਦੇ ਬਾਵਜੂਦ ਕਿਸੇ ਨੇ ਵੀ ਉਸ ਦੀ ਮੁਖਬਰੀ ਨਾ ਕੀਤੀ ਤੇ ਉਹ ਕਈ ਸਾਲਾਂ ਤੱਕ ਸਰਗਰਮ ਰਿਹਾ। ਨੁਸਰਤ ਫਤਿਹ ਅਲੀ ਖਾਨ ਦੀ ਕੱਵਾਲੀ "ਜੋ ਜੰਮਿਆਂ ਸੋ ਮਰਨਾ ਉਸ ਨੇ, ਜੋ ਬਣਿਆਂ ਜੋ ਢਹਿਣਾ" ਦੇ ਅਨੁਸਾਰ ਉਸ ਦਾ ਵੀ ਆਖਰੀ ਵਕਤ ਆ ਗਿਆ। ਮਲੰਗੀ ਆਪਣੇ ਸਭ ਤੋਂ ਭਰੋਸੇਯੋਗ ਸਾਥੀ ਕਰੀਮ ਬਖਸ਼ ਅਰਾਈਂ ਦੀ ਗੱਦਾਰੀ ਕਾਰਨ ਦਸੰਬਰ 1929 ਨੂੰ ਹੋਏ ਇੱਕ ਗਹਿਗੱਚ ਮੁਕਾਬਲੇ ਦੌਰਾਨ ਪੁਲਿਸ ਹੱਥੋਂ ਮਾਰਿਆ ਗਿਆ। ਪੂਰੀ ਚੜ੍ਹਾਈ ਦੌਰਾਨ ਉਸ ਦੀ ਇਲਾਕੇ ਵਿਚ ਐਨੀ ਦਹਿਸ਼ਤ ਹੁੰਦੀ ਸੀ ਕਿ ਮੁਹਾਵਰਾ ਬਣ ਗਿਆ ਸੀ, "ਦਿਨੇ ਰਾਜ ਫਿਰੰਗੀ ਦਾ ਤੇ ਰਾਤੀਂ ਰਾਜ ਮਲੰਗੀ ਦਾ।"




ਮਲੰਗੀ ਦੀ ਕਹਾਣੀ ਕਈ ਥਾਈਂ ਜੱਗੇ ਡਾਕੂ ਨਾਲ ਰਲਗੱਡ ਹੁੰਦੀ ਹੈ। ਜੱਗੇ ਦੀ ਭਗੌੜਾ ਹੋਣ ਤੋਂ ਪਹਿਲਾਂ ਮਲੰਗੀ ਨਾਲ ਗੂੜ੍ਹੀ ਯਾਰੀ ਸੀ ਕਿਉਂਕਿ ਮਲੰਗੀ ਦਾ ਪਿੰਡ ਜੱਗੇ ਦੇ ਪਿੰਡ ਬੁਰਜ ਰਣ ਸਿੰਘ ਵਾਲਾ ਦੇ ਨਜ਼ਦੀਕ ਹੀ ਸੀ। ਉਹ ਲੰਘਦਾ-ਵੜਦਾ ਜੱਗੇ ਦੇ ਡੇਰੇ ਠਹਿਰ ਕੇ ਰੋਟੀ ਪਾਣੀ ਛੱਕ ਜਾਂਦਾ ਸੀ ਤੇ ਜੱਗਾ ਉਸ ਦੀ ਬਹਾਦਰੀ ਦੀਆਂ ਕਹਾਣੀਆਂ ਤੋਂ ਬਹੁਤ ਪ੍ਰਭਾਵਿਤ ਸੀ। ਜੱਗੇ ਦਾ ਜਨਮ 1901-02 ਈਸਵੀ ਦੇ ਕਰੀਬ ਹੋਇਆ ਸੀ ਤੇ ਮਲੰਗੀ ਦੀ ਮੌਤ ਵੇਲੇ ਉਹ ਕਰੀਬ 26-27 ਸਾਲ ਦਾ ਭਰ ਜਵਾਨ ਚੋਬਰ ਸੀ। ਜਦੋਂ ਉਹ ਖੂੰਖਾਰ ਡਾਕੂ ਬਣ ਗਿਆ, ਤਾਂ ਉਸ ਨੇ ਮਲੰਗੀ ਦਾ ਬਦਲਾ ਲੈਣ ਦੀ ਠਾਣ ਲਈ। ਪਰ ਉਸ ਨੂੰ ਚਿੱਤ ਚੇਤੇ ਵੀ ਨਹੀਂ ਸੀ ਕਿ ਉਸ ਦਾ ਆਪਣਾ ਹਾਲ ਮਲੰਗੀ ਵਾਲਾ ਹੋਣ ਵਾਲਾ ਹੈ ਤੇ ਉਸ ਦਾ ਸਾਥੀ ਲਾਲੂ ਪੁਲਿਸ ਦਾ ਟਾਊਟ ਬਣ ਚੁੱਕਾ ਹੈ। ਇੱਕ ਦਿਨ ਦੁਪਹਿਰੇ ਜੱਗਾ ਆਪਣੇ ਸਾਥੀਆਂ ਸੋਹਣ ਤੇਲੀ, ਲਾਲੂ ਤੇ ਬੰਤੇ ਸਮੇਤ ਮਲੰਗੀ ਦੇ ਉੱਜੜੇ ਹੋਏ ਡੇਰੇ ਉਸ ਦੀ ਅੰਨ੍ਹੀ ਮਾਂ ਕੋਲ ਜਾ ਪਹੁੰਚਿਆ। ਲਾਲੂ ਦਾ ਪਿੰਡ ਲੱਖੂਕੇ ਸਿੱਧੂਪੁਰ ਦੇ ਨਜ਼ਦੀਕ ਹੀ ਪੈਂਦਾ ਸੀ ਤੇ ਉਸ ਨੇ ਮਿਲਣ-ਗਿਲਣ ਤੇ ਸ਼ਰਾਬ ਮੰਗਾਉਣ ਦੇ ਬਹਾਨੇ ਆਪਣੇ ਪੰਜ ਭਰਾਵਾਂ ਨੂੰ ਉਥੇ ਬੁਲਾ ਲਿਆ। ਸੋਹਣ ਤੇਲੀ ਨੇ ਲੱਖੂਕੇ ਪਿੰਡ ਆਪਣੇ ਕਿਸੇ ਵਾਕਿਫ ਨੂੰ ਮਿਲਣ ਲਈ ਜਾਣਾ ਸੀ, ਇਸ ਲਈ ਉਸ ਨੇ ਸ਼ਰਾਬ ਨਾ ਪੀਤੀ। ਜਦੋਂ ਜੱਗਾ ਤੇ ਉਸ ਦਾ ਸਾਥੀ ਬੰਤਾ ਸ਼ਰਾਬੀ ਹੋ ਗਏ, ਤਾਂ ਸਾਰਿਆਂ ਨੇ ਰੋਟੀ ਖਾਧੀ। ਰੋਟੀ ਖਾਣ ਤੋਂ ਬਾਅਦ ਬੰਤਾ ਤੇ ਜੱਗਾ ਸੌਂ ਗਏ ਤੇ ਸੋਹਣ ਆਪਣੇ ਵਾਕਿਫ ਨੂੰ ਮਿਲਣ ਲਈ ਤੁਰ ਗਿਆ। ਉਸ ਦੇ ਜਾਂਦਿਆਂ ਸਾਰ ਲਾਲੂ ਹੋਰਾਂ ਨੇ ਜੱਗੇ ਅਤੇ ਬੰਤੇ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਸੋਹਣ ਤੇਲੀ ਗੋਲੀਆਂ ਦੀ ਅਵਾਜ਼ ਸੁਣ ਕੇ ਵਾਪਸ ਆਇਆ, ਤਾਂ ਉਸ ਨੂੰ ਵੀ ਗੋਲੀ ਮਾਰ ਦਿੱਤੀ ਗਈ। ਜੱਗੇ ਦੀ ਮੌਤ ਫਰਵਰੀ 1930 ਵਿਚ ਮਲੰਗੀ ਦੀ ਮੌਤ ਤੋਂ ਕਰੀਬ ਚਾਰ ਕੁ ਮਹੀਨੇ ਬਾਅਦ ਹੋਈ ਸੀ।

**ਨਿਜ਼ਾਮ ਲੋਹਾਰ** - ਨਿਜ਼ਾਮ ਲੋਹਾਰ ਭਾਵੇਂ ਡਾਕੂ ਸੀ, ਪਰ ਲਹਿੰਦੇ ਪੰਜਾਬ ਵਿਚ ਉਸ ਨੂੰ ਸੁਤੰਤਰਤਾ ਸੰਗਰਾਮੀ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਨਿਜ਼ਾਮ ਦਾ ਜਨਮ ਸਿੱਖ ਰਾਜ ਸਮੇਂ ਸੰਨ 1835 ਈਸਵੀ ਨੂੰ ਜ਼ਿਲ੍ਹਾ ਤਰਨ ਤਾਰਨ (ਸ਼ਾਇਦ ਪਿੰਡ ਸੋਹਲ ਥਾਣਾ ਝਬਾਲ) ਵਿਖੇ ਹੋਇਆ ਸੀ। ਸੰਨ 1849 ਵਿਚ ਜਦੋਂ ਉਹ 13-14 ਸਾਲ ਦਾ ਸੀ, ਤਾਂ ਅੰਗਰੇਜ਼ਾਂ ਨੇ ਪੰਜਾਬ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ। ਨਿਜ਼ਾਮ ਖੇਤੀਬਾੜੀ ਦੇ ਸੰਦ ਬਣਾਉਣ ਦੇ ਨਾਲ ਦੇਸੀ ਪਿਸਤੌਲ ਬਣਾਉਣ ਦਾ ਵੀ ਉਸਤਾਦ ਸੀ। ਲੋਕ ਗਾਥਾਵਾਂ ਅਨੁਸਾਰ ਸੰਨ 1868 ਈਸਵੀ ਵਿਚ ਉਸ ਦਾ ਕਿਸੇ ਅੰਗਰੇਜ਼ ਅਫਸਰ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ, ਜਿਸ ਨੇ ਪੰਜਾਬੀਆਂ ਬਾਰੇ ਬਹੁਤ ਹੀ ਭੱਦੇ ਸ਼ਬਦਾਂ ਦੀ ਵਰਤੋਂ ਕੀਤੀ। ਗੁੱਸੇ ਵਿਚ ਆ ਕੇ ਨਿਜ਼ਾਮ ਨੇ ਉਸ ਨੂੰ ਕਤਲ ਕਰ ਦਿੱਤਾ ਤੇ ਫਰਾਰ ਹੋ ਕੇ ਉਸ ਸਮੇਂ ਦੇ ਪ੍ਰਸਿੱਧ ਡਕੈਤਾਂ ਜੀਤ ਸਿੰਘ ਅਤੇ ਮਲਕੀਤ ਸਿੰਘ ਦੇ ਗਰੋਹ ਵਿਚ ਸ਼ਾਮਲ ਹੋ ਗਿਆ। ਨਿਜ਼ਾਮ ਦੀ ਅਗਵਾਈ ਹੇਠ ਗਰੋਹ ਨੇ ਸਰਕਾਰੀ ਖਜ਼ਾਨੇ ਅਤੇ ਅਮੀਰਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਤੇ ਲੁੱਟਿਆ ਹੋਇਆ ਮਾਲ ਗਰੀਬਾਂ ਵਿਚ ਵੰਡ ਦੇਣ ਕਾਰਨ ਉਹ ਜਨਤਾ ਵਿਚ ਬੇਹੱਦ ਪ੍ਰਸਿੱਧ ਹੋ ਗਿਆ।

1872 ਈਸਵੀ ਵਿਚ ਨਾਜਾਇਜ਼ ਹਥਿਆਰ ਬਰਾਮਦ ਕਰਨ ਖਾਤਰ ਪੁਲਿਸ ਨੇ ਅੰਗਰੇਜ਼ ਡੀ.ਐੱਸ.ਪੀ. ਰਿਚਰਡ ਕੋਲ ਦੀ ਅਗਵਾਈ ਹੇਠ ਉਸ ਦੇ ਘਰ 'ਤੇ ਰੇਡ ਕਰ ਦਿੱਤੀ। ਉਸ ਦਾ ਗੁਪਤ ਤਹਿਖਾਨਾ ਲੱਭਣ ਲਈ ਉਸ ਦੀ ਭੈਣ ਅਤੇ ਮਾਂ 'ਤੇ ਭਿਆਨਕ ਤਸ਼ੱਦਦ ਕੀਤਾ ਗਿਆ, ਜਿਸ ਕਾਰਨ ਉਸ ਦੀ ਮਾਂ ਦੀ ਮੌਤ ਹੋ ਗਈ। ਜਦੋਂ ਇਹ ਖਬਰ ਨਿਜ਼ਾਮ ਕੋਲ ਪਹੁੰਚੀ, ਤਾਂ ਉਸ ਦੇ ਤਨ ਬਦਨ ਨੂੰ ਅੱਗ ਲੱਗ ਗਈ। ਉਸ ਨੇ ਕੁਝ ਹੀ ਦਿਨਾਂ ਬਾਅਦ ਥਾਣੇ 'ਤੇ ਹਮਲਾ ਕਰਕੇ ਰਿਚਰਡ ਕੋਲ ਦੀ ਹੱਤਿਆ ਕਰ ਦਿੱਤੀ ਤੇ ਮਹੀਨੇ ਕੁ ਬਾਅਦ ਰੇਡ ਦਾ ਹੁਕਮ ਦੇਣ ਵਾਲੇ ਐੱਸ.ਪੀ. ਰੋਨਾਲਡ ਦਾ ਵੀ ਕਤਲ ਕਰ ਦਿੱਤਾ। ਐਨੇ ਸੀਨੀਅਰ ਅੰਗਰੇਜ਼ ਅਫਸਰਾਂ ਦੇ ਕਤਲ ਹੋ ਜਾਣ ਕਾਰਨ ਪੁਲਿਸ ਹੱਥ ਧੋ ਕੇ ਨਿਜ਼ਾਮ ਦੇ ਪਿੱਛੇ ਪੈ ਗਈ ਪਰ ਉਹ ਹੱਥ ਨਾ ਆਇਆ ਤੇ ਛਾਂਗਾ ਮਾਂਗਾ ਦੇ ਜੰਗਲ (ਕਸੂਰ) ਵਿਚ ਗਾਇਬ ਹੋ ਗਿਆ। ਕੁਝ ਮਹੀਨੇ ਸ਼ਾਂਤ ਰਹਿਣ ਤੋਂ ਬਾਅਦ ਉਸ ਨੇ ਕਸੂਰ ਥਾਣੇ 'ਤੇ ਹਮਲਾ ਕਰ ਦਿੱਤਾ ਤੇ ਆਪਣੇ ਦੋ ਪੁਰਾਣੇ ਸਾਥੀਆਂ ਜਬਰੂ ਤੇ ਸੁਰਜੂ ਨੂੰ ਪੁਲਿਸ ਹਿਰਾਸਤ ਤੋਂ ਛੁਡਾ ਲਿਆ। ਦੋ ਕੁ ਮਹੀਨਿਆਂ ਬਾਅਦ ਜਦੋਂ ਨਿਜ਼ਾਮ ਕੁਦਰਤੀ ਸੁਰਜੂ ਦੀ ਮਾਤਾ ਦਾ ਹਾਲ-ਚਾਲ ਪਤਾ ਕਰਨ ਲਈ ਉਸ ਦੇ ਘਰ ਗਿਆ, ਤਾਂ ਪਤਾ ਚੱਲਿਆ ਕਿ ਉਹ ਕਿਸੇ ਤਵਾਇਫ ਦੇ ਇਸ਼ਕ ਵਿਚ ਪਾਗਲ ਹੋਇਆ ਫਿਰਦਾ ਹੈ ਤੇ ਦੇਖਭਾਲ ਖੁਣੋਂ ਬਜ਼ੁਰਗ ਮਾਤਾ ਦੀ ਹਾਲਤ ਬਹੁਤ ਬੁਰੀ ਹੈ।

ਇਸ 'ਤੇ ਗੁੱਸੇ ਵਿਚ ਆ ਕੇ ਨਿਜ਼ਾਮ ਨੇ ਸੁਰਜੂ ਦੀ ਰੱਜ ਕੇ ਫਿੱਟ ਲਾਹਨਤ ਕੀਤੀ ਤੇ ਉਸ ਨੂੰ ਤਵਾਇਫ ਤੋਂ ਖਹਿੜਾ ਛੁਡਾ ਕੇ ਆਪਣੀ ਮਾਂ ਦਾ ਖਿਆਲ ਰੱਖਣ ਦੀ ਸਖਤ ਤਾੜਨਾ ਕੀਤੀ। ਇਸ ਗੱਲ ਦਾ ਜਦੋਂ ਤਵਾਇਫ ਨੂੰ ਪਤਾ ਲੱਗਾ, ਤਾਂ ਉਸ ਨੇ ਸੁਰਜੂ ਨੂੰ ਨਿਜ਼ਾਮ ਦੇ ਖਿਲਾਫ ਭੜਕਾਉਣਾ ਸ਼ੁਰੂ ਕਰ ਦਿੱਤਾ। ਉਸ ਦੇ ਇਸ਼ਕ ਵਿਚ ਅੰਨ੍ਹਾ ਹੋਇਆ ਸੁਰਜੂ ਪੁਲਿਸ ਦਾ ਮੁਖਬਰ ਬਣ ਗਿਆ ਤੇ ਕਸੂਰ ਜ਼ਿਲ੍ਹੇ ਵਿਖੇ ਨਿਜ਼ਾਮ ਦੇ ਟਿਕਾਣੇ ਦੀ ਸੂਹ ਦੇ ਦਿੱਤੀ। ਇਸ 'ਤੇ ਵੱਡੀ ਗਿਣਤੀ ਵਿਚ ਪੁਲਿਸ ਨੇ ਉਸ ਦੀ ਘੇਰਬੰਦੀ ਕਰ ਲਈ ਤੇ ਦੋ-ਤਿੰਨ ਘੰਟੇ ਦੀ ਗੋਲਾਬਾਰੀ ਤੋਂ ਬਾਅਦ ਨਿਜ਼ਾਮ ਆਪਣੇ ਛੇ ਸਾਥੀਆਂ ਸਮੇਤ ਮਾਰਿਆ ਗਿਆ ਪਰ ਜਬਰੂ ਬਚ ਕੇ ਨਿਕਲ ਗਿਆ। ਜਦੋਂ ਜਬਰੂ ਨੂੰ ਸੁਰਜੂ ਦੀ ਗੱਦਾਰੀ ਬਾਰੇ ਪਤਾ ਚੱਲਿਆ, ਤਾਂ ਉਸ ਨੇ ਹਫਤੇ ਕੁ ਬਾਅਦ ਹੀ ਉਸ ਦੀ ਹੱਤਿਆ ਕਰ ਦਿੱਤੀ। ਨਿਜ਼ਾਮ ਨੂੰ ਕਸੂਰ ਦੇ ਕਬਰਿਸਤਾਨ ਵਿਖੇ ਦਫਨਾਇਆ ਗਿਆ ਸੀ। ਅੰਗਰੇਜ਼ ਸਰਕਾਰ ਨੇ ਉਸ ਦੇ ਦਫਨ ਕਫਨ ਸਮੇਂ ਹੋਣ ਵਾਲੇ ਇਕੱਠ 'ਤੇ ਕੰਟਰੋਲ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਕਿ ਜੋ ਵੀ ਉਸ ਦੇ ਜ਼ਨਾਜੇ ਵਿਚ ਸ਼ਾਮਲ ਹੋਣਾ ਚਾਹੁੰਦਾ ਹੈ, ਉਸ ਨੂੰ 2 ਰੁਪਏ (ਉਸ ਵੇਲੇ ਵੱਡੀ ਰਕਮ) ਟੈਕਸ ਦੇਣਾ ਪਵੇਗਾ। ਪਰ ਨਿਜ਼ਾਮ ਲੋਹਾਰ ਐਨਾ ਹਰਮਨ ਪਿਆਰਾ ਸੀ ਕਿ ਸਰਕਾਰ ਨੂੰ 35000 ਰੁਪਏ ਟੈਕਸ ਪ੍ਰਾਪਤ ਹੋਇਆ, ਜਿਸ ਤੋਂ ਪਤਾ ਲੱਗਦਾ ਹੈ ਕਿ 17500 ਲੋਕ ਉਸ ਦੇ ਜਨਾਜ਼ੇ ਵਿਚ ਸ਼ਾਮਲ ਹੋਏ ਸਨ।


# ਸੱਚੀ ਕਾਰ : 'ਭਗਤ-ਬਾਣੀ ਵਿਚਾਰ'

-ਜਸਪ੍ਰੀਤ ਸਿੰਘ ਜਗਰਾਓਂ
144/8, ਮੁਹੱਲਾ ਅਰੋੜਿਆਂ,
ਨੇੜੇ ਸੈਫ਼ਾਬਾਦੀ ਗੇਟ,
ਪਟਿਆਲਾ-147001 (ਪੰਜਾਬ, ਭਾਰਤ)
ਫੋਨ : 78140-29039
(Punjab Mail USA)



ਸੁਖਦੇਵ ਸਿੰਘ ਸ਼ਾਂਤ ਪੰਜਾਬੀ ਬੋਲੀ ਤੇ ਸਾਹਿਤ ਨੂੰ ਸਮਰਪਿਤ ਇਕ ਪ੍ਰਬੁੱਧ ਤੇ ਪ੍ਰਤੀਬੱਧ ਲੇਖਕ ਹਨ। 'ਸ਼ਾਂਤ' ਉਪਨਾਮ ਸਿਰਫ਼ ਉਨ੍ਹਾਂ ਦਾ ਤਖ਼ੱਲੁਸ ਹੀ ਨਹੀਂ ਹੈ, ਸਗੋਂ ਉਨ੍ਹਾਂ ਦੇ ਪੁਰਖ਼ਲੂਸ ਸੁਭਾਅ ਤੇ ਸ਼ਖ਼ਸੀਅਤ ਦਾ ਅੰਗ ਤੇ ਆਭਾ ਵੀ ਹੈ। ਬਾਲ ਸਾਹਿਤ, ਕਹਾਣੀ, ਮਿੰਨੀ ਕਹਾਣੀ ਤੇ ਕਵਿਤਾ ਦੇ ਨਾਲ-ਨਾਲ ਗੁਰਮਤਿ ਸਾਹਿਤ ਵਿਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਤੇ ਸਥਾਨ ਹੈ। ਹਥਲੀ ਪੁਸਤਕ 'ਭਗਤ-ਬਾਣੀ ਵਿਚਾਰ' ਗੁਰਮਤਿ ਸਾਹਿਤ-ਧਾਰਾ ਵਿਚ ਉਨ੍ਹਾਂ ਦੀ ਚੌਥੀ ਪ੍ਰਕਾਸ਼ਿਤ ਪੁਸਤਕ ਹੈ, ਜਦਕਿ ਕਈ ਪੁਸਤਕਾਂ ਅਜੇ ਪ੍ਰਕਾਸ਼ਨਾ ਅਧੀਨ ਹਨ।

'ਭਗਤ-ਬਾਣੀ ਵਿਚਾਰ' ਪੁਸਤਕ ਵਿਚ ਉਨ੍ਹਾਂ ਨੇ ਆਪਣੇ ਵਿਚਾਰ-ਮੰਥਨ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪੰਦਰ੍ਹਾਂ ਭਗਤਾਂ ਦੀ ਬਾਣੀ ਨੂੰ ਬਣਾਇਆ ਹੈ। ਇਸ ਅਧਿਐਨ-ਕਾਰਜ ਅਧੀਨ ਉਨ੍ਹਾਂ ਨੇ ਭਗਤ-ਬਾਣੀ ਦੇ ਵਿਸ਼ਾ-ਵਸਤੂ ਅਤੇ ਸਾਹਿਤਕ ਪੱਖ ਨੂੰ ਕੇਂਦਰ-ਬਿੰਦੂ ਬਣਾਇਆ ਹੈ। ਇਸ ਪੁਸਤਕ ਨੂੰ ਉਨ੍ਹਾਂ ਨੇ ਤਿੰਨ ਅਧਿਆਇਆਂ ਵਿਚ ਵੰਡਿਆ ਹੈ। ਪਹਿਲੇ ਅਧਿਆਇ ਵਿਚ ਭਗਤ-ਬਾਣੀ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ, ਜਿਸ ਦੇ ਤਹਿਤ ਪੰਦਰ੍ਹਾਂ ਭਗਤ ਸਾਹਿਬਾਨ ਦੀ ਬਾਣੀ ਦਾ ਬਿਉਰਾ/ਵੇਰਵਾ; ਗੁਰੂ ਸਾਹਿਬਾਨ ਵੱਲੋਂ ਵੱਖ-ਵੱਖ ਭਗਤ ਸਾਹਿਬਾਨ ਦੀ ਉੱਚ-ਅਵਸਥਾ ਅਤੇ ਬਾਣੀ ਦੀ ਸਿਫ਼ਤ; ਭੱਟ ਸਾਹਿਬਾਨ ਦੀ ਬਾਣੀ ਵਿਚ ਵੱਖ-ਵੱਖ ਭਗਤ ਸਾਹਿਬਾਨ ਅਤੇ ਉਨ੍ਹਾਂ ਦੀ ਬਾਣੀ ਦੀ ਉਸਤਤ ਅਤੇ ਭਗਤ-ਬਾਣੀ ਨਾਲ ਸੰਬੰਧਿਤ ਕੁਝ ਵਿਸ਼ੇਸ਼ ਸਿਰਲੇਖਾਂ ਬਾਰੇ ਵਿਚਾਰ-ਚਰਚਾ ਕੀਤੀ ਗਈ ਹੈ।




**ਪੁਸਤਕ ਦਾ ਨਾਂ : ਭਗਤ-ਬਾਣੀ ਵਿਚਾਰ**
**ਲੇਖਕ ਦਾ ਨਾਂ : ਸੁਖਦੇਵ ਸਿੰਘ ਸ਼ਾਂਤ**
**ਪੰਨੇ : 256, ਮੁੱਲ : 395/-**
**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**

ਦੂਜਾ ਅਧਿਆਇ ਭਗਤ ਬਾਣੀ ਦੇ ਵਿਸ਼ਾ-ਵਸਤੂ 'ਤੇ ਕੇਂਦਰਿਤ ਹੈ। ਇਸ ਅਧਿਆਇ ਵਿਚ ਭਗਤ-ਬਾਣੀ ਵਿਚ ਆਏ ਵਿਭਿੰਨ ਸੰਕਲਪਾਂ ਤੇ ਸਿਧਾਂਤਾਂ ਨੂੰ ਵਿਚਾਰਿਆ ਗਿਆ ਹੈ, ਜਿਵੇਂ ਕਿ ਪਰਮਾਤਮਾ ਇੱਕ ਹੈ ਅਤੇ ਸਰਬ-ਸ਼ਕਤੀਮਾਨ ਹੈ; ਪਰਮਾਤਮਾ ਸਰਬ-ਵਿਆਪਕ ਅਤੇ ਸਰਬ-ਕਾਲੀ ਹੈ; ਪਰਮਾਤਮਾ ਅਜੂਨੀ ਅਤੇ ਸੈਭੰ ਹੈ; ਇੱਕ ਹੀ ਪਰਮਾਤਮਾ ਦੇ ਅਨੇਕ ਨਾਮ ਹਨ; ਵਿਖਾਵੇ ਵਜੋਂ ਕੀਤੇ ਜਾਂਦੇ ਕਰਮ-ਕਾਂਡ ਅਤੇ ਵਹਿਮਾਂ-ਭਰਮਾਂ ਦਾ ਖੰਡਨ; ਸ਼ਰ੍ਹਾ/ਮਰਯਾਦਾ ਅਤੇ ਨੈਤਿਕਤਾ ਦਾ ਅਟੁੱਟ ਸੰਬੰਧ; ਪ੍ਰੇਮਾ-ਭਗਤੀ ਹੀ ਜੀਵਨ-ਮੁਕਤੀ ਦਾ ਸਾਧਨ ਅਤੇ ਮਨੁੱਖੀ ਸਮਾਨਤਾ ਦਾ ਆਦਰਸ਼ ਤੇ ਇਨਸਾਨੀਅਤ ਦਾ ਉਪਦੇਸ਼।

ਤੀਜੇ ਅਧਿਆਇ ਵਿਚ ਭਗਤੀ-ਬਾਣੀ ਦੇ ਸਾਹਿਤਕ ਪੱਖ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਸਾਹਿਤਕ ਪੱਖੋਂ ਅਧਿਐਨ ਦੀ ਲੋੜ ਅਤੇ ਮਹੱਤਤਾ; ਭਗਤ-ਬਾਣੀ ਵਿਚ ਵਰਤੇ ਗਏ ਮੁੱਖ-ਅਲੰਕਾਰ; ਭਗਤ-ਬਾਣੀ ਵਿਚ ਵਰਤੇ ਗਏ ਅਤੇ ਨਵੇਂ ਸਿਰਜੇ ਗਏ ਅਖਾਣ; ਭਗਤ-ਬਾਣੀ ਵਿਚ ਵਰਤੇ ਗਏ ਮੁਹਾਵਰੇ; ਭਗਤ-ਬਾਣੀ ਵਿਚ ਵਰਤੀ ਗਈ ਸ਼ਬਦਾਵਲੀ; ਭਗਤ-ਬਾਣੀ ਵਿਚ ਕਾਵਿ-ਰਸ ਅਤੇ ਭਗਤ-ਬਾਣੀ ਵਿਚ ਕਾਵਿ-ਰੂਪ ਅਤੇ ਕਾਵਿ-ਛੰਦ ਆਦਿ ਸਾਹਿਤਕ ਸਰੋਕਾਰਾਂ ਦਾ ਆਲੋਚਨਾਤਮਕ ਅਧਿਐਨ ਕੀਤਾ ਗਿਆ ਹੈ।


ਇਨ੍ਹਾਂ ਤਿੰਨ ਅਧਿਆਇਆਂ ਤੋਂ ਇਲਾਵਾ ਪੁਸਤਕ ਵਿਚ 'ਅੰਤਿਕਾ' ਵੀ ਸ਼ਾਮਲ ਕੀਤੀ ਗਈ ਹੈ, ਜਿਸ ਵਿਚ ਪੰਦਰਾਂ ਭਗਤ ਸਾਹਿਬਾਨ ਦੇ ਜੀਵਨ ਤੇ ਬਾਣੀ ਰਚਨਾ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਗਈ ਹੈ। ਕੁੱਲ ਮਿਲਾ ਕੇ ਇਹ ਇਕ ਖੋਜ ਤੇ ਚਿੰਤਨ ਭਰਪੂਰ ਸਾਹਿਤਕ ਕਾਰਜ ਹੈ, ਜਿਸ ਦਾ ਲਾਹਾ ਗੁਰਮਤਿ ਸਾਹਿਤ-ਧਾਰਾ ਦੇ ਖੋਜਾਰਥੀਆਂ/ਵਿਦਿਆਰਥੀਆਂ ਦੇ ਨਾਲ-ਨਾਲ ਗੁਰਮਤਿ ਵਿਚਾਰਧਾਰਾ ਦੇ ਜਗਿਆਸੂਆਂ ਨੂੰ ਵੀ ਜ਼ਰੂਰ ਲੈਣਾ ਚਾਹੀਦਾ ਹੈ। ਇਸ ਵਡਮੁੱਲੇ ਕਾਰਜ ਲਈ ਸੁਖਦੇਵ ਸਿੰਘ ਸ਼ਾਂਤ ਵਧਾਈ ਅਤੇ ਵਡਿਆਈ ਦੇ ਹੱਕਦਾਰ ਹਨ।

# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
(Punjab Mail USA)



## ਕਾਂਡ ਸੱਤ




ਆਹ ਦਿਨ ਗਿੰਦਰ ਨੂੰ ਮਸਾਂ ਆਇਆ ਸੀ। ਸਾਰਾ ਟੱਬਰ ਘਰੋਂ ਗਿਆ ਹੋਇਆ ਸੀ। ਅੱਜ ਉਹ ਘਰ ਬਿਲਕੁਲ ਇਕੱਲਾ ਸੀ।

ਉਹ ਦਿਨ ਖੜ੍ਹੇ ਹੀ ਆਪਣੇ ਯਾਰ ਕੇਹਰੇ ਕੋਲ਼ ਚਲਿਆ ਗਿਆ।

-"ਕੀ ਗੱਲ..? ਅੱਜ ਸਾਝਰੇ ਈ ਗੇੜੇ ਮਾਰੇ..?" ਕੇਹਰਾ ਮੁਛਕੜੀਏਂ ਹੱਸਿਆ। ਮੁੱਛਾਂ ਵਿਚ ਹੱਸਣਾ ਕੇਹਰੇ ਦੀ ਆਦਤ ਸੀ।

-"ਗਲ਼ੀਆਂ ਹੋ ਜਾਣ ਸੁੰਨੀਆਂ, ਵਿਚ ਗਿੰਦਰ ਯਾਰ ਫ਼ਿਰੇ..!"

-"ਭਾਬੋ ਪੇਕੀਂ ਗਈ ਲੱਗਦੀ ਐ ਅੱਜ..?" ਕੇਹਰਾ ਬੋਲਿਆ।

-"ਭਾਬੋ ਪੇਕੇ, ਤੇ ਜੁਆਕ ਨਾਨਕੀਂ..! ਤੇ ਸਰਦਾਰ ਗਿੰਦਰ ਸਿੰਘ ਲੰਡਾ ਚਿੜਾ, ਸਿਰੋਂ ਸਰਦਾਰ..!"

-"ਤੂੰ ਵੀ ਸਹੁਰੀਂ ਜਾ ਆਉਣਾ ਸੀ..?"

-"ਘਰੇ ਵੀ ਕੋਈ ਚਾਹੀਦਾ ਸੀ..!"

-"ਹੁਣ ਕਿਹੜਾ ਘਰੇ ਕਿੱਲੇ ਨਾਲ਼ ਬੱਝਿਆ ਬੈਠੈਂ..?"

ਗਿੰਦਰ ਹੱਸ ਪਿਆ।

-"ਸਹੁਰਿਆਂ ਦੇ ਨਾਂ ਨੂੰ ਤਾਂ ਰਿੱਛ ਨੱਚਣ ਲੱਗ ਪੈਂਦੈ, ਬਾਈ ਗਿੰਦਰਾ, ਤੂੰ ਤਾਂ ਫ਼ੇਰ ਬੰਦੈਂ..!"

-"ਰਿੱਛ ਤਾਂ ਸਹੁਰਾ ਜਾਨਵਰ ਹੁੰਦੈ, ਮੈਂ ਜਾਨਵਰ ਥੋੜ੍ਹੋਂ ਐਂ..?"

-"ਮੈਂ ਤਾਂ ਤੈਨੂੰ ਜਾਨਵਰ ਕਹਿੰਦਾ ਨੀ, ਤੂੰ ਆਪਦੇ ਆਪ ਨੂੰ ਜੋ ਮਰਜ਼ੀ ਉਪਾਧੀ ਦੇਈ ਚੱਲ..?"

ਦੋਨੋਂ ਹੱਸ ਪਏ।

-"ਕੱਢ ਦੁੱਖ ਤੋੜ ਜੁਗਨੀ, ਕੁਛ ਕੰਡੇ 'ਚ ਹੋਈਏ..!"

ਬੋਤਲ ਨਾਲੋਂ ਤੂੜੀ ਦੇ ਡੱਕੇ ਝਾੜਦਾ ਕੇਹਰਾ ਅੰਦਰੋਂ ਬੋਤਲ ਕੱਢ ਲਿਆਇਆ।

-"ਤੂੰ ਇਉਂ ਕਰ..! ਇੱਕ ਸ਼ੀਸ਼ੀ ਹੋਰ ਚੱਕ, ਤੇ ਅੱਜ ਮੇਰੇ ਕੋਲ਼ ਚੱਲ..! ਚੱਲ, ਘਰੇ ਚੱਲ ਕੇ ਮੀਟ ਬਣਾਉਨੇ ਐਂ..!"

-"ਚੱਲ ਇਉਂ ਕਰ ਲੈਨੇ ਆਂ..!"

-"ਆਪਣਾ ਚੱਜ ਨਾਲ਼ 'ਕੱਠੇ ਬੈਠਣ ਦਾ ਕਦੇ ਸਬੱਬ ਈ ਨੀ ਬਣਿਆਂ..!"

-"ਚੱਲ ਅੱਜ ਲਾਹ ਲੈਂਨੇ ਆਂ ਡੰਝਾਂ, ਤੇ ਕੱਢ ਲੈਨੇਂ ਆਂ ਅਗਲੇ ਪਿਛਲੇ ਘੁੱਸੇ...!"

-"ਪੂਰੀਆਂ ਕਰ ਦਿਆਂਗੇ ਰੜਕਾਂ..!"

ਉਹ ਇੱਕ-ਇੱਕ ਬੋਤਲ ਡੱਬ ਵਿਚ ਟੰਗ ਗਿੰਦਰ ਦੇ ਘਰ ਨੂੰ ਰੇਵੀਏ ਪੈ ਗਏ।

ਬੱਸ ਅੱਡੇ ਤੋਂ ਉਨ੍ਹਾਂ ਨੇ ਮੀਟ ਫ਼ੜ ਲਿਆ।

ਚੁੱਲ੍ਹੇ 'ਤੇ ਬੱਕਰਾ ਚਾੜ੍ਹ ਉਨ੍ਹਾਂ ਨੇ ਬੋਤਲ ਖੋਲ੍ਹ ਲਈ।

ਬੋਤਲ 'ਚੋਂ ਮੱਕੀ ਦੇ ਖਿੱਚੇ ਗੁੱਲ ਕਾਰਨ ਪਿਆ ਭੜ੍ਹਾਕਾ ਗਿੰਦਰ ਨੂੰ ਸਰਸ਼ਾਰ ਕਰ ਗਿਆ।

-"ਦੇਖ ਕੀ ਬੋਲਦੀ ਐ ਪੱਟ ਹੋਣੀਂ..! ਕਹਿੰਦੀ ਚੱਕ'ਲਾ ਹੁਣ, ਘੌਲ਼ ਨਾ ਕਰ..!" ਗਿੰਦਰ ਬੋਤਲ ਝਣਕ ਕੇ ਮਣਕਾ ਬੰਨ੍ਹਦਾ ਹੋਇਆ ਬੋਲਿਆ ਤਾਂ ਕੇਹਰਾ ਹੱਸ ਪਿਆ।

-"ਕਹਿ ਹੁਣ ਤਾਂ ਦੰਦਾਂ 'ਚ ਜੀਭ ਐ, ਮੁੱਠੀਆਂ 'ਚ ਤਾਂ ਅਸੀਂ ਕਦੋਂ ਦਾ ਥੁੱਕੀ ਫ਼ਿਰਦੇ ਐਂ, ਬੱਸ ਸੂਰਜ ਦੇਵਤਾ ਈ ਅੜਿਆ ਖੜ੍ਹਾ ਸੀ..!" ਕੇਹਰੇ ਨੇ ਵੀ ਗਿਲਾਸ ਨੇੜੇ ਕਰਦਿਆਂ ਆਖਿਆ।

-"ਆਹ ਪਰਸੋਂ ਚੌਥੇ ਤੇਰੇ ਘਰੇ ਕੀ ਰੌਲ਼ਾ ਸੀ..? ਮੈਂ ਤਾਂ ਬੁੜ੍ਹੀਆਂ ਦਾ 'ਕੱਠ ਜਿਆ ਦੇਖ ਕੇ ਗਾਂਹਾਂ ਈ ਨੰਘ ਗਿਆ, ਬਈ ਕੋਈ ਘਰ ਦੀ ਗੱਲ ਹੋਊ...!" ਮੰਜੇ ਕੋਲ਼ ਨੂੰ ਕੁਰਸੀ ਖਿੱਚ ਕੇ ਬੈਠਦਾ ਗਿੰਦਰ ਬੋਲਿਆ।

-"ਤੇਰੀ ਭਰਜਾਈ ਦਾ ਭਤੀਜਾ ਮਾਰ'ਤਾ ਸੀ ਪੁਲ਼ਸ ਨੇ, ਮਕਾਣ ਗਈਆਂ ਸੀ..!"

-"ਭਤੀਜਾ ਮਾਰ'ਤਾ ਸੀ..? ਮੈਨੂੰ ਤਾਂ ਤੂੰ ਦੱਸਿਆ ਨੀ ਕੁਛ..?? ਬੰਦਾ ਬਿੰਦ 'ਮਸੋਸ ਈ ਕਰ ਲੈਂਦੈ, ਮੋੜ ਕੇ ਤਾਂ ਕਿਸੇ ਨੇ ਲੈ ਨੀ ਆਉਣਾ ਨੀ ਹੁੰਦਾ..!"

-"ਬਾਈ ਗਿੰਦਰਾ, ਮੈਂ ਓਸ ਬੰਦੇ ਦਾ 'ਮਸੋਸ ਨੀ ਕਰਨਾ ਚਾਹੁੰਦਾ, ਮੇਰੀ ਨਜ਼ਰ 'ਚ ਉਹ ਬੰਦਾ ਅਣਖੀ ਸ਼ਹੀਦ ਐ..! ਓਸ ਨਰ ਬੰਦੇ ਨੇ ਆਬਦੇ ਨਾਲ਼ ਹੋਈਆਂ ਵਧੀਕੀਆਂ ਦਾ ਬਦਲਾ ਠੋਕ ਕੇ ਲਿਐ, ਤੇ ਮੈਂ ਓਸ ਬੰਦੇ ਨੂੰ ਅਸਲ ਦਲੇਰ ਬੰਦਾ ਸਮਝਦੈਂ, ਜੀਹਨੇ ਆਬਦੇ ਨਾਲ਼ ਹੋਏ ਧੱਕੇ ਦਾ ਬਦਲਾ ਹਿੱਕ ਡਾਹ ਕੇ ਲਿਐ..! ਤੈਨੂੰ ਪਤੈ ਬਈ ਅਸੀਂ ਹੈਗੇ ਆਂ ਬਲੀ ਬਾਬਾ ਜੀਵਨ ਸਿੰਘ ਰੰਘਰੇਟੇ ਦੀ ਔਲ਼ਾਦ, ਦੁਨੀਆਂ ਨੂੰ ਪਤੈ ਬਈ ਸਾਡੇ ਬਾਬਾ ਜੀਵਨ ਸਿੰਘ ਰੰਘਰੇਟੇ ਨੂੰ ਗੁਰੂ ਕਿਆਂ ਨੇ "ਰੰਘਰੇਟੇ - ਗੁਰ ਕੇ ਬੇਟੇ" ਦਾ ਖ਼ਿਤਾਬ ਦਿੱਤੈ..! ਤੇ ਮੇਰੇ ਹਿਸਾਬ ਨਾਲ਼ ਓਸ ਬੰਦੇ ਨੇ ਇੱਕੀ ਦੀ ਪਾਈ ਭਾਜੀ ਦਾ ਹਿਸਾਬ 'ਕੱਤੀ ਨਾਲ਼ ਮੋੜਿਐ, ਤੇ ਆਪਣਾ ਜਿਊਣਾ ਸਫ਼ਲਾ ਕੀਤੈ, ਮਰ ਤਾਂ ਗਿੰਦਰਾ ਹਰ ਇੱਕ ਨੇ ਜਾਣੈਂ, ਕੋਈ ਲੱਤਾਂ ਘੜ੍ਹੀਸਦਾ ਮਰ ਜਾਂਦੈ, ਤੇ ਕੋਈ ਅਣਖ-ਰੜਕ ਨਾਲ਼ ਮਰਦੈ...!" ਰਹਿੰਦੀ ਕਹਾਣੀ ਕੇਹਰੇ ਨੇ ਵਿਸਥਾਰ ਨਾਲ਼ ਦੱਸਣੀ ਸ਼ੁਰੂ ਕਰ ਦਿੱਤੀ..........।

......ਐੱਸ. ਐੱਸ. ਪੀ. ਦੇ ਮੇਜ਼ 'ਤੇ ਪਿਆ ਫ਼ੋਨ "ਟਰਰ-ਟਰਰ" ਕਰ ਕੇ ਖੜਕ ਪਿਆ।

-"ਹੈਲੋ...!" ਐੱਸ.ਐੱਸ.ਪੀ. ਦੇ ਰੀਡਰ ਨੇ ਫ਼ੋਨ ਚੁੱਕ ਕੇ ਕਿਹਾ।

-"ਜਨਾਬ ਨੂੰ ਫ਼ੋਨ ਦਿਓ, ਸੁਹੇਲਾ ਠਾਣੇ ਤੋਂ ਘੁਮੰਡ ਸਿਉਂ ਠਾਣੇਦਾਰ ਬੋਲ ਰਿਹੈਂ ਜੀ...!" ਘਬਰਾਇਆ ਠਾਣੇਦਾਰ ਬੋਲਿਆ।

-"ਠਾਣੇਦਾਰ ਘੁਮੰਡ ਸਿੰਘ ਦਾ ਫ਼ੋਨ ਐ, ਸਰਕਾਰ...!" ਰੀਡਰ ਨੇ ਫ਼ੋਨ ਦੇ ਮੂੰਹ 'ਤੇ ਹੱਥ ਰੱਖ ਕੇ ਕਿਹਾ। ਕੁਛ ਬੋਲਣ ਤੋਂ ਬਿਨਾ ਹੀ ਐੱਸ.ਐੱਸ.ਪੀ. ਨੇ ਫ਼ੋਨ ਫ਼ੜ ਲਿਆ। ਘੁਮੰਡ ਸਿੰਘ ਦਾ ਨਾਂ ਸੁਣ ਕੇ ਉਹ ਖਿਝ ਜਿਹਾ ਗਿਆ ਸੀ।

-"ਹਾਂ ਬਈ ਘੁਮੰਡ ਸਿਆਂ, ਹੁਣ ਕੀ ਹੋ ਗਿਆ..?" ਗੁੱਸਾ ਦੱਬ ਕੇ ਐੱਸ.ਐੱਸ.ਪੀ. ਨੇ ਕਿਹਾ।

-"ਜਨਾਬ, ਅੱਜ ਕ੍ਰਿਸ਼ਨ ਲਾਲ ਸਿਪਾਹੀ ਵੀ ਅਸਤੀਫ਼ਾ ਦੇ ਗਿਆ..!" ਠਾਣੇਦਾਰ ਨੇ ਬੜੇ ਝੋਰੇ ਨਾਲ਼ ਦੱਸਿਆ ਸੀ।

-"ਤੇਰੇ ਠਾਣੇ 'ਚ ਅਸਤੀਫ਼ਾ ਦੇਣ ਵਾਲ਼ਾ ਇਹ ਤੀਜਾ ਸਿਪਾਹੀ ਐ ਘੁਮੰਡ ਸਿਆਂ, ਇਨ੍ਹਾਂ ਨੂੰ ਹੁੰਦਾ ਕੀ ਜਾਂਦੈ..? ਇਹ ਸਾਲ਼ੇ ਪੁਲ਼ਸ ਆਲ਼ੇ ਐ ਕਿ ਮੰਦਰ ਦੇ ਪੁਜਾਰੀ...?" ਐੱਸ.ਐੱਸ.ਪੀ. ਦੀ ਖਿਝ ਕਰੋਧ ਬਣ ਤੁਰੀ ਸੀ।

-"ਸਰਕਾਰ ਜਦੋਂ ਦਾ ਓਹੋ ਸੰਤੋਖ ਸਿੰਘ ਅੱਤਿਵਾਦੀ ਫ਼ੜ ਕੇ ਲਿਆਏ ਆਂ, ਓਦੋਂ ਦੀ ਈ ਇਨ੍ਹਾਂ ਕੰਜਰਾਂ ਨੂੰ ਪਤਾ ਨੀ ਕੀ ਪੁੱਠੀ ਭਮਾਲ਼ੀ ਆਈ ਐ, ਧੜਾਧੜ ਅਸਤੀਫ਼ੇ ਦੇ-ਦੇ ਕੇ ਘਰਾਂ ਨੂੰ ਤੁਰੇ ਜਾਂਦੇ ਐ..!" ਠਾਣੇਦਾਰ ਘੋਰ ਮਾਯੂਸੀ ਵਿਚ ਸਿਰ ਫ਼ੇਰੀ ਜਾ ਰਿਹਾ ਸੀ।

-"...............।" ਐੱਸ.ਐੱਸ.ਪੀ. ਚੁੱਪ ਸੀ। ਉਸ ਦੀ ਖਿਝ ਹੁਣ ਬਾਰੂਦ ਬਣਦੀ ਜਾ ਰਹੀ ਸੀ।

-"ਪਰ ਕਾਰਨ ਕੋਈ ਤਾਂ ਹੋਊਗਾ ਨ੍ਹਾਂ..? ਓਸ ਦਾ ਹੱਲ ਲੱਭ ਕੋਈ..!! ਬਿਨਾ ਕਾਰਨ ਤੋਂ ਤਾਂ ਇਹ ਭੈਣ ਦੇ ਲੱਕੜ ਅਸਤੀਫ਼ਾ ਨੀ ਦਿੰਦੇ..!" ਐੱਸ.ਐੱਸ.ਪੀ. ਦਾ ਗੁੱਸਾ ਫ਼ਤੂਰ ਬਣ ਸਿਰ ਨੂੰ ਚੜ੍ਹ ਗਿਆ।

-"ਜਨਾਬ ਓਹ ਜਿਹੜਾ ਅੱਤਿਵਾਦੀ ਫ਼ੜਿਐ ਨ੍ਹਾਂ, ਓਹ ਪਾਠ ਕਰ-ਕਰ ਇਨ੍ਹਾਂ ਨੂੰ ਪੂਰਨ ਭਗਤ ਬਣਾਈ ਜਾਂਦੈ..?"

-"ਤੇ ਤੂੰ ਠਾਣੇ 'ਚ ਭੈਣ ਦੇ ਗੇੜੇ ਦਿੰਨੈ...? ਉਹ ਅੱਤਿਵਾਦੀ ਗੱਡੀ ਨੀ ਚਾੜ੍ਹਿਆ ਜਾਂਦਾ..? ਹੁਣ ਤੂੰ ਤਾਂ ਨੀ ਓਹਤੋਂ ਅੰਮ੍ਰਿਤ ਛਕਣਾਂ ਕਿਤੇ..?"

-"...........।" ਠਾਣੇਦਾਰ ਚੁੱਪ ਹੋ ਗਿਆ।

-"ਗੱਲ ਸੁਣ ਮੇਰੀ ਧਿਆਨ ਨਾਲ਼...!" ਐੱਸ.ਐੱਸ.ਪੀ. ਤਾੜਨਾ ਕਰਦਾ ਹੋਇਆ ਬੋਲਿਆ। ਉਸ ਨੇ ਪੈਰ ਦੁਰਮਟ ਵਾਂਗ ਧਰਤੀ 'ਤੇ ਮਾਰਿਆ ਸੀ।

-"ਜੀ ਹਜ਼ੂਰ...!" ਠਾਣੇਦਾਰ ਸਾਵਧਾਨ ਹੋ ਗਿਆ।

-"ਜਾਂ ਤਾਂ ਤੂੰ ਓਹਦਾ ਕੋਈ ਹੱਲ ਕੱਢ ਲੈ..! ਨਹੀਂ ਮੈਨੂੰ ਤੇਰਾ ਕੋਈ ਹੱਲ ਕੱਢਣਾ ਪੈਣੈ...!" ਐੱਸ.ਐੱਸ.ਪੀ. ਨੇ ਫ਼ੋਨ ਚਲਾ ਕੇ ਮਾਰਿਆ। "ਟੂੰ - ਟੂੰ" ਠਾਣੇਦਾਰ ਦਾ ਦਿਮਾਗ ਚੱਟਣ ਲੱਗ ਪਈ।

ਠਾਣੇਦਾਰ ਭਮੱਤਰਿਆ ਖੜ੍ਹਾ ਸੀ।

-"ਇਹਨੂੰ ਹਰਾਮ'ਦੇ ਨੂੰ ਬਾਹਰ ਕੱਢੋ, ਇਹਦਾ ਪੜ੍ਹੀਏ ਕੀਰਤਨ ਸੋਹਿਲਾ..! ਜਦੋਂ ਦਾ ਆਇਐ, ਸਿਆਪੇ ਈ ਖੜ੍ਹੇ ਕਰੀ ਜਾਂਦੈ...! ਇਹ ਤਾਂ ਸਾਡੀਆਂ ਵੀ ਪੇਟੀਆਂ ਲੁਹਾਊਗਾ..!" ਉਸ ਨੇ ਸੰਤੋਖ ਸਿੰਘ ਵੱਲ ਉਂਗਲ਼ ਕਰ ਕੇ ਆਖਿਆ।

ਸਿਪਾਹੀਆਂ ਨੇ ਭੰਨੇ-ਤੋੜੇ ਅਤੇ ਵੱਢੇ-ਟੁੱਕੇ ਸੰਤੋਖ ਨੂੰ ਹਵਾਲਾਤ ਵਿਚੋਂ ਜਾ ਧੂਹਿਆ।

...ਅਸਲ ਵਿਚ ਸੰਤੋਖ ਸਿੰਘ ਇੱਕ ਚੋਟੀ ਦਾ ਖਾੜਕੂ ਸੀ। ਇੱਕ ਸੂਹੀਏ ਦੀ ਮੁਖ਼ਬਰੀ 'ਤੇ ਉਨ੍ਹਾਂ ਨੇ ਇੱਕ ਸੜਕ 'ਤੇ ਆਉਂਦੇ ਮੋਟਰ ਸਾਈਕਲ ਨੂੰ ਹੱਥ ਦੇ ਕੇ ਰੋਕਿਆ ਤਾਂ ਇਕੱਲਾ ਅਤੇ ਨਿਹੱਥਾ ਸੰਤੋਖ ਸਿੰਘ ਉਨ੍ਹਾਂ ਦੇ ਹੱਥ ਆ ਗਿਆ। ਗ੍ਰਿਫ਼ਤਾਰ ਕਰ ਕੇ ਪੁਲਿਸ ਨੇ ਸੰਤੋਖ ਸਿੰਘ ਨੂੰ ਹਵਾਲਾਤ ਲਿਆ ਸੁੱਟਿਆ।

ਸੂਰਜ ਛੁਪਦੇ ਨਾਲ਼ ਹੀ ਸੰਤੋਖ 'ਤੇ ਤਸ਼ੱਦਦ ਦਾ ਕਹਿਰ ਢਹਿਣਾਂ ਸ਼ੁਰੂ ਹੋ ਗਿਆ।

ਆਪਣੀ ਤਸੱਲੀ ਕਰਕੇ ਸਿਪਾਹੀਆਂ ਨੇ ਸੰਤੋਖ ਨੂੰ ਠਾਣੇਦਾਰ ਦੇ ਹਵਾਲੇ ਕਰ ਦਿੱਤਾ।

-"ਹਾਂ ਬਈ ਸੰਤੋਖ ਸਿਆਂ...! ਕੀ ਇਰਾਦੈ ਤੇਰਾ...?" ਦਾਰੂ ਨਾਲ਼ ਰੱਜਿਆ ਠਾਣੇਦਾਰ ਸੰਤੋਖ ਸਿੰਘ ਦੇ ਸਾਹਮਣੇ ਖੜ੍ਹਾ ਛੂਕ ਰਿਹਾ ਸੀ। ਤਾਕਤ ਅਤੇ ਹੈਂਕੜ ਦਾ ਨਸ਼ਾ ਉਸ ਅੰਦਰੋਂ ਰੰਭ ਰਿਹਾ ਸੀ।

-"...............।" ਸੰਤੋਖ ਸਿੰਘ ਚੁੱਪ ਸੀ। ਅਡੋਲ ਸੀ।

-"ਜਾਂ ਤਾਂ ਅਸੀਂ ਤਿੰਨਾਂ 'ਚ, ਤੇ ਜਾਂ ਤੇਰ੍ਹਾਂ 'ਚ ਸ਼ਾਮਲ ਕਰਦੇ ਐਂ, ਤੂੰ ਦੱਸ, ਤਿੰਨਾਂ 'ਚ ਜੁੜਨੈਂ ਕਿ ਤੇਰ੍ਹਾਂ 'ਚ..?"

-"...............।" ਅਥਾਹ ਫ਼ੱਟੜ ਸੰਤੋਖ ਸਿੰਘ ਅਰਧ ਬੇਹੋਸ਼ੀ ਦੀ ਹਾਲਤ ਵਿਚ ਬੈਠਾ ਸੀ। ਉਸ ਦੇ ਵਾਲ਼ ਖੁੱਲ੍ਹ ਕੇ ਗਲ਼ ਵਿਚ ਪਏ ਹੋਏ ਸਨ।

-"ਆਕੜ ਦੇਖ ਸਾਲ਼ੇ 'ਚ ਕਿੰਨੀ ਐਂ...!" ਇੱਕ ਸਿਪਾਹੀ ਸੰਤੋਖ ਸਿੰਘ ਦੇ ਡੰਡਾ ਮਾਰਦਾ ਬੋਲਿਆ।

-"ਗੁਰੂ ਦੇ ਸਿੰਘਾ, ਐਸ ਸਰੀਰ ਨੂੰ ਹੱਥਾਂ ਦੀ ਤਕਲੀਫ਼ ਜਿੰਨੀ ਮਰਜ਼ੀ ਦੇ ਦੇਈਂ, ਪਰ ਮੇਰਾ ਵੀਰ ਗਾਲ਼ ਨਾ ਕੱਢੀ...!" ਸੰਤੋਖ ਸਿੰਘ ਬੜੇ ਧਹੰਮਲ ਅਤੇ ਸਹਿਜਤਾ ਨਾਲ਼ ਬੋਲਿਆ।

-"ਅੱਛਾ....! ਫ਼ੇਰ ਕੀ ਕਰੇਂਗਾ ਤੂੰ...? ਫ਼ਾਹੇ ਲਾ ਦੇਂਵੇਂਗਾ ਮੈਨੂੰ..?" ਉਸ ਨੇ ਡੰਡਿਆਂ ਦਾ ਮੀਂਹ ਵਰ੍ਹਾ ਦਿੱਤਾ। ਉਂਗਲਾਂ ਦੇ ਜੋੜਾਂ ਉਪਰ ਵਰ੍ਹਦੇ ਡੰਡੇ ਨਾਲ਼ "ਟੱਕ-ਟੱਕ" ਦੀ ਅਵਾਜ਼ ਆਉਂਦੀ ਸੀ। ਪਰ ਸੰਤੋਖ ਰੱਬੀ ਭਾਣੇ ਵਿਚ ਸ਼ਾਂਤ ਬੈਠਾ ਸੀ। ਉਸ ਨੇ ਮੂੰਹ ਵਿਚੋਂ "ਸੀ" ਤੱਕ ਨਹੀਂ ਕੱਢੀ ਸੀ। ਸਿਪਾਹੀ ਡੰਡੇ ਮਾਰ-ਮਾਰ ਕੇ ਹਫ਼ ਗਿਆ ਸੀ।

-"ਦੇਖ ਸਾਲ਼ਾ ਕਿਵੇਂ ਸ਼ਿਵ ਜੀ ਮਹਾਰਾਜ ਬਣਿਆਂ ਬੈਠੈ...!" ਅਜੇ ਸਿਪਾਹੀ ਨੇ ਗਾਲ਼ ਕੱਢੀ ਹੀ ਸੀ ਕਿ ਉਠ ਕੇ ਸੰਤੋਖ ਸਿੰਘ ਨੇ ਸੁੱਜੇ ਹੱਥ ਜੋੜ ਕੇ ਨਾਲ਼ "ਠਾਹ" ਕਰਦਾ ਥੱਪੜ ਮਾਰ ਕੇ ਸਿਪਾਹੀ ਦਾ ਮੂੰਹ ਸੇਕ ਦਿੱਤਾ। ਸਿਪਾਹੀ ਨੂੰ ਭੰਬੂਤਾਰੇ ਨਜ਼ਰ ਆਉਣ ਲੱਗ ਪਏ। ਧਰਤੀ ਘੁਕਦੀ ਪ੍ਰਤੀਤ ਹੋਈ।

ਸਾਰੇ ਪੁਲੀਸ ਵਾਲ਼ੇ ਦੰਗ ਰਹਿ ਗਏ ਸਨ ਕਿ 'ਪੋਰੀ-ਪੋਰੀ' ਕਰਕੇ ਤੋੜਿਆ ਸੰਤੋਖ ਸਿੰਘ ਇਤਨਾ ਬਲ ਜੁਟਾ ਕੇ ਕਿਸੇ ਦੇ ਥੱਪੜ ਵੀ ਮਾਰ ਸਕਦਾ ਸੀ?

-"ਇਹਨੂੰ ਫ਼ੜੋ ਭੈਣ ਦੇ ਖ਼ਸਮ ਨੂੰ ਤੇ ਇਹਦਾ ਜਲੇਬੀ ਸੱਪ ਬਣਾਓ...!"

ਸਾਰੇ ਪੁਲੀਸ ਵਾਲ਼ੇ ਸੰਤੋਖ ਨੂੰ ਭੂਤਾਂ ਵਾਂਗ ਚਿੰਬੜ ਗਏ ਅਤੇ ਉਸ ਨੂੰ ਕੱਟੇ ਵਾਂਗ ਧੂਹ ਕੇ ਠਾਣੇ ਦੇ ਇੱਕ ਖੂੰਜੇ "ਬੁੱਚੜਖਾਨੇ" ਲੈ ਗਏ।

ਸ਼ਰਾਬੀ ਪੁਲੀਸ ਵਾਲ਼ਿਆਂ ਦੇ ਡੰਡੇ ਕਰੀਬ ਅੱਧੀ ਰਾਤ ਤੱਕ ਸੰਤੋਖ ਦੇ ਪਿੰਡੇ ਅਤੇ ਸਿਰ ਵਿਚ ਵਰ੍ਹਦੇ ਰਹੇ। ਸੰਤੋਖ ਵੀ ਕੀ ਸਿਰੜ-ਸੰਤੋਖ ਦੀ ਮੂਰਤ ਸੀ ਕਿ ਉਸ ਨੇ ਇੱਕ ਵਾਰ ਵੀ "ਹਾਏ" ਤੱਕ ਨਾ ਆਖਿਆ।

-"ਮੇਰਾ ਸਾਲ਼ਾ ਮਰ ਤਾਂ ਨੀ ਗਿਆ..?" ਦੂਜੇ ਸਿਪਾਹੀ ਨੇ ਆਖਿਆ ਹੀ ਸੀ ਤਾਂ ਸੰਤੋਖ ਨੇ ਟੁੱਟਿਆ ਭੱਜਿਆ ਸਰੀਰ ਇਕੱਠਾ ਕਰਕੇ ਇੱਕ ਘਸੁੰਨ ਸਿਪਾਹੀ ਦੇ ਫ਼ਿਰ ਜੜ ਦਿੱਤਾ।

ਸਿਪਾਹੀ ਦੀਆਂ ਰਗਾਂ "ਜਾਮ" ਹੋ ਗਈਆਂ।

ਸਿਪਾਹੀਆਂ ਨੇ ਮੁੜ ਉਸ ਨੂੰ ਕੁੱਕੜ ਵਾਂਗ ਮਰੋੜ ਲਿਆ ਅਤੇ ਇੱਕ ਕਰੜੀ ਝੁੱਟੀ ਹੋਰ ਲਾ ਦਿੱਤੀ। ਸ਼ਰਾਬੀ ਸਿਪਾਹੀਆਂ ਦੇ ਬੁੱਚੜਪੁਣੇ ਨੇ ਸੰਤੋਖ ਨੂੰ ਅੱਧ-ਮਰਿਆ ਕਰ ਦਿੱਤਾ ਸੀ। ਉਹ ਨਿਰਬਲ ਹੋਇਆ ਧਰਤੀ 'ਤੇ ਸਪਾਲ਼ ਪਿਆ ਸੀ।

-"ਇਹਦਾ ਮੁਕਾਬਲਾ ਬਣਾਓ ਕੱਲ੍ਹ ਨੂੰ..!" ਇੱਕ ਸਿਪਾਹੀ ਨੇ ਠੁੱਡ ਮਾਰ ਕੇ ਕਿਹਾ।

ਦੂਜਾ ਸਿਪਾਹੀ ਬੜੇ ਅਰਾਮ ਨਾਲ਼ ਸੰਤੋਖ ਕੋਲ਼ ਬੈਠ ਗਿਆ।

-"ਹੁਣ ਕਰ ਲਈਂ ਜਿਹੜੇ ਰੱਬ ਨੂੰ ਯਾਦ ਕਰਨੈਂ, ਧਿਆ ਲੈ ਜੀਹਨੂੰ ਧਿਆਉਣੈਂ, ਤੇਰੇ ਦਿਨ ਖਤਮ ਹੋ ਗਏ ਐ ਵੱਡਿਆ ਖਾੜਕੂਆ..!" ਉਹ ਸੂਲ਼ਾਂ 'ਤੇ ਕੁੱਕੜ ਤੁਰਨ ਵਾਂਗ ਪਾਸੇ ਮਾਰਦਾ ਤੁਰ ਗਿਆ।

ਪਰ ਸੱਟਾਂ ਦਾ ਤੋੜਿਆ ਸੰਤੋਖ ਮਿੱਟੀ ਦੀ ਬੋਰੀ ਵਾਂਗ ਪਿਆ ਰਿਹਾ।

ਉਸ ਦੇ ਮਨ 'ਤੇ ਕੋਈ ਵੀ ਅਸਰ ਨਹੀਂ ਹੋਇਆ ਸੀ।

ਉਹ ਅਹਿਲ ਪਿਆ ਰਿਹਾ। ਆਪਣੇ ਹੋਣ ਵਾਲ਼ੇ ਹਸ਼ਰ ਦਾ ਉਸ ਨੂੰ ਭਲੀ-ਭਾਂਤ ਪਤਾ ਸੀ ਕਿ ਬਘਿਆੜਾਂ ਦੇ ਪੰਜਿਆਂ 'ਚ ਆ ਗਿਆ ਹਾਂ, ਹੁਣ ਇਹ ਭਲੀ ਨਹੀਂ ਗੁਜ਼ਾਰਨਗੇ।

-"ਸੁਣ ਗਿਆ ਵੱਡਿਆ ਅੱਤਬਾਦੀਆ..? ਕਰ ਤਿਆਰੀ...!" ਦੂਜੇ ਨੇ ਇੱਕ ਹੋਰ ਠੁੱਡ ਸੰਤੋਖ ਦੇ ਮਾਰ ਕੇ ਕਿਹਾ।

ਸਾਰੀ ਰਾਤ ਸੰਤੋਖ ਉਥੇ ਹੀ ਪਿਆ ਰਿਹਾ। ਪਿਆਸ ਅਤੇ ਠੰਢ ਨਾਲ਼ ਉਸ ਦਾ ਬੁਰਾ ਹਾਲ ਸੀ। ਕੁੱਟੇ ਹੱਡ ਸਰਦੀ ਵਿਚ "ਟੱਸ-ਟੱਸ" ਕਰ ਰਹੇ ਸਨ। ਸਾਰਾ ਸਰੀਰ ਬੁਰੀ ਤਰ੍ਹਾਂ ਨਾਲ਼ ਚਸਕਾਂ ਮਾਰ ਰਿਹਾ ਸੀ। ਉਸ ਦਾ ਸਰੀਰ ਇਤਨਾ ਨਿਰਬਲ ਹੋ ਚੁੱਕਿਆ ਸੀ ਕਿ ਉਸ ਕੋਲ਼ ਪਾਸਾ ਮਾਰਨ ਦੀ ਵੀ ਹਿੰਮਤ ਨਹੀਂ ਸੀ। ਉਹ ਪਟੜੇ ਵਾਂਗ ਆਕੜਿਆ ਸਿੱਧਾ ਸਲੋਟ ਹੀ ਪਿਆ ਰਿਹਾ। ਸਾਰੀ ਰਾਤ ਕਿਸੇ ਨੇ ਉਸ ਦੀ ਬਾਤ ਨਹੀਂ ਪੁੱਛੀ ਸੀ ਕਿ ਹੈਗ੍ਹਾ ਕਿ ਮਰ ਗਿਆ...?

ਸਵੇਰੇ ਸੰਤੋਖ ਦੇ ਪਿੰਡ ਦੀ ਪੰਚਾਇਤ ਆ ਗਈ।

-"ਸਾਸਰੀਕਾਲ ਜਨਾਬ...!" ਸਰਪੰਚ ਸਮੇਤ ਸਾਰੀ ਪੰਚਾਇਤ ਨੇ ਹੱਥ ਜੋੜੇ ਹੋਏ ਸਨ।

-".........!" ਮੁਣਸ਼ੀ ਦੀਆਂ ਪਾੜ ਖਾਣੀਆਂ ਨਜ਼ਰਾਂ ਨੇ ਉਨ੍ਹਾਂ ਨੂੰ ਪੈਰਾਂ ਤੋਂ ਲੈ ਕੇ ਜੇਬਾਂ ਤੱਕ ਫ਼ਰੋਲਿਆ। ਉਸ ਦੀਆਂ ਭੁੱਖੀਆਂ ਜਿਹੀਆਂ ਅੱਖਾਂ ਉਨ੍ਹਾਂ ਦੀ ਜਾਮਾਂ ਤਲਾਸ਼ੀ ਲਈ ਜਾ ਰਹੀਆਂ ਸਨ। ਪਰ ਮੂੰਹ ਉਸ ਨੇ ਜਮੂਰ ਵਾਂਗ ਘੁੱਟ ਰੱਖਿਆ ਸੀ।

-"ਸਰਦਾਰ ਅਸੀਂ ਸੰਤੋਖ ਸਿਉਂ ਦੇ ਪਿੰਡੋਂ ਆਏ ਐਂ ਜੀ..!" ਸਰਪੰਚ ਨੇ ਜਿਵੇਂ ਮੂੰਹ 'ਚ ਘਾਹ ਲੈ ਕੇ, ਬੜੀ ਨਿਮਰਤਾ ਨਾਲ ਆਖਿਆ ਸੀ।

-"ਬਾਹਰ ਬੈਠੋ...! ਸਰਦਾਰ ਆਉਣ ਵਾਲ਼ੈ, ਓਹੀ ਗੱਲ ਕਰੂਗਾ..!" ਮੁਣਸ਼ੀ ਨੇ ਪੰਚਾਇਤ ਨੂੰ ਇੱਕ ਤਰ੍ਹਾਂ ਨਾਲ਼ ਕੁੱਤੇ ਵਾਂਗ ਛਿਛਕਰ ਦਿੱਤਾ।

ਉਹ ਹਾਰੇ ਕੁੱਕੜ ਵਾਂਗ ਬਾਹਰ ਵਿਹੜੇ ਵਿਚ ਆ ਕੇ ਖੜ੍ਹ ਗਏ।

-"ਐਥੇ 'ਕੱਠ ਨਾ ਮਾਰੋ ਬਈ..! ਬਾਹਰ ਜਾ ਕੇ ਬੈਠੋ..!" ਹੌਲਦਾਰ ਨੇ ਉਨ੍ਹਾਂ ਨੂੰ ਬਾਹਰ ਨੂੰ ਧੱਕ ਦਿੱਤਾ।

ਉਹ ਝੁਠੇ ਜਿਹੇ ਪਏ ਠਾਣੇ ਦੇ ਦਰਵਾਜੇ ਕੋਲ਼ ਆ ਕੇ ਖੜ੍ਹ ਗਏ।

-"ਕੀ ਕਹਿੰਦੇ..?" ਪਿੰਡ ਦੇ ਬਾਕੀ ਲੋਕ ਵੀ ਉਨ੍ਹਾਂ ਕੋਲ਼ ਆ ਗਏ।

-"ਅੱਖ ਈ ਨੀ ਮਿਲ਼ਾਉਂਦੇ ਭੈਣ ਦੇ ਘੜ੍ਹੱਕੇ..!"

-"ਗੱਲ ਈ ਨੀ ਕਰਦੇ..!" ਮੈਂਬਰ ਨੇ ਘੋਰ ਨਿਰਾਸ਼ਾ ਵਿਚ ਹੱਥ ਝਾੜੇ।

-"ਹੱਡ ਦਿਖਾ ਦੇ, ਹੁਣ ਦੰਦੀਆਂ ਜੀਆਂ ਕੱਢਣ ਲੱਗ ਜਾਣਗੇ..!"

ਅਜੇ ਉਹ ਗੱਲਾਂ ਕਰ ਹੀ ਰਹੇ ਸਨ ਕਿ ਠਾਣੇਦਾਰ ਦੀ ਜਿਪਸੀ ਠਾਣੇ ਅੰਦਰ ਦਾਖ਼ਲ ਹੋ ਗਈ। ਬੜੀ ਆਸ ਨਾਲ਼ ਸਾਰੇ ਫ਼ਿਰ ਵਿਹੜੇ ਵਿਚ ਚਲੇ ਗਏ।

ਠਾਣੇਦਾਰ ਦਫ਼ਤਰ ਅੰਦਰ ਚਲਾ ਗਿਆ।

ਮੁਣਸ਼ੀ ਨੇ ਸਲੂਟ ਮਾਰੀ।

-"ਸੰਤੋਖ ਦੇ ਪਿੰਡ ਦੀ ਪੰਚਾਇਤ ਆਈ ਐ, ਸਰਕਾਰ..!"

-"ਲੱਗਦੇ ਐ ਜੇਬ ਢਿੱਲੀ ਕਰਨ ਆਲ਼ੇ..? ਕਿ ਸਾਰੇ ਸਾਲ਼ੇ ਘਾਹ ਖੋਤ ਈ ਐ..??"

-"ਲੱਗਦੇ ਤਾਂ ਸਾਲ਼ੇ ਦਾਲ਼ ਪੀਣੇਂ ਜੇ ਈ ਐ..! ਇਨ੍ਹਾਂ ਮਲੰਗਾਂ ਤੋਂ ਮੈਨੂੰ ਆਸ ਜੀ ਤਾਂ ਹੈਨ੍ਹੀ, ਪਰ ਮਜਬੂਰੀ ਦੇ ਮੂੰਹ ਨੂੰ ਤਾਂ ਗੀਝੇ ਹੱਥ ਪਉਣਗੇ ਈ..!" ਮੁਣਸ਼ੀ ਨੇ ਆਸ ਦਾ ਪੱਲਾ ਨਹੀਂ ਛੱਡਿਆ ਸੀ।

-"ਮਾਰ ਫ਼ੇਰ 'ਵਾਜ ਉਨ੍ਹਾਂ ਨੂੰ...!"

ਹੌਲਦਾਰ ਨੇ ਇਸ਼ਾਰੇ ਨਾਲ਼ ਪੰਚਾਇਤ ਨੂੰ ਬੁਲਾ ਲਿਆ।

ਸਾਰੇ ਅੱਧ ਕੁ ਦੇ ਹੋ ਕੇ ਪੇਸ਼ ਹੋਏ।

-"ਹਾਂ ਬਈ ਸਰਦਾਰੋ...? ਬੋਲੋ, ਕੀ ਹੁਕਮ ਐਂ...?" ਠਾਣੇਦਾਰ ਬੋਲਿਆ।

-"ਹੁਕਮ ਤਾਂ ਕਾਹਨੂੰ ਐਂ ਸਰਦਾਰ ਜੀ, ਅਸੀਂ ਤਾਂ ਇੱਕ ਬੇਨਤੀ ਲੈ ਕੇ ਹਾਜ਼ਰ ਹੋਏ ਆਂ..!"

-"ਬੋਲੋ ਤਾਂ ਸਹੀ...? ਦੱਸੇ ਬਿਨਾਂ ਕੀ ਪਤਾ ਲੱਗੂ...?"

-"ਅਸੀਂ ਤਾਂ ਜੀ ਸੰਤੋਖ ਸਿਉਂ ਦੇ ਮਗਰ ਆਏ ਆਂ, ਸਰਦਾਰ..!" ਪੰਚਾਇਤ ਮੈਂਬਰ ਨੇ ਸੰਤੋਖ ਦੇ ਬਾਪ ਵੱਲ ਦੇਖ ਕੇ ਕਿਹਾ।

-"ਅੱਛਾ...! ਹੁਣ ਤੁਸੀਂ ਸੰਤੋਖ ਸਿਉਂ ਦੀਆਂ ਭਦਰਕਾਰੀਆਂ ਦਾ ਸਰਟੀਫ਼ਿਕੇਟ ਲੈ ਕੇ ਆਏ ਹੋਵੋਂਗੇ...? ਥੋਡੇ ਭਾਣੇਂ ਸੰਤੋਖ ਪੂਰਾ ਦੁੱਧ ਧੋਤੈ..? ਸੱਤਾਂ ਧੀਆਂ ਵਰਗਾ ਸਾਊ ਪੁੱਤ ਐ..?" ਠਾਣੇਦਾਰ ਦੀ ਪਹਿਲੀ ਗੱਲ ਨੇ ਹੀ ਉਨ੍ਹਾਂ ਨੂੰ ਖੂੰਜੇ ਲਾ ਦਿੱਤਾ।

-"................।" ਪੰਚਾਇਤ ਦਾ ਮੂੰਹ ਬੰਦ ਹੋ ਗਿਆ।

-"ਦੇਖੋ ਸਰਦਾਰੋ..! ਤੁਹਾਡਾ ਆਉਣਾ ਸਾਡੇ ਸਿਰ ਮੱਥੇ...! ਮੈਂ ਤੁਹਾਡੇ ਆਇਆਂ ਦੀ ਕਦਰ ਕਰਦੈਂ..! ਪਰ ਸੰਤੋਖ ਖ਼ਤਰਨਾਕ ਅੱਤਬਾਦੀ ਐ..! ਬੈਂਕ ਡਕੈਤੀਆਂ ਤੇ ਜੈਲਦਾਰ ਸੱਜਣ ਸਿੰਘ ਤੇ ਉਹਦੇ ਮੁੰਡੇ ਦੇ ਕਤਲ ਓਸੇ ਦੇ ਸਿਰ ਬੋਲਦੇ ਐ, ਉਨ੍ਹਾਂ ਨੂੰ ਕਿਹੜੇ ਖਾਤੇ 'ਚ ਪਾਓਂਗੇ..? ਚਲੋ ਬੈਂਕ ਡਕੈਤੀਆਂ, ਜਾਂ ਅਸਲੇ ਦੀਆਂ ਦੁਕਾਨਾਂ 'ਤੇ ਡਾਕਿਆਂ ਦੀਆਂ ਤਾਂ ਗੱਲਾਂ ਛੱਡੋ, ਅਗਲੇ ਨੇ ਇਲਾਕੇ ਦੇ ਬਾ-ਰਸੂਖ ਤੇ ਮੋਹਤਬਰ ਬੰਦੇ ਜੈਲਦਾਰ ਨੂੰ ਤੇ ਉਹਦੇ ਮੁੰਡੇ ਨੂੰ ਰੋੜ੍ਹਤਾ, ਤੇ ਤੁਸੀਂ ਕਹੋਂਗੇ ਬਈ ਸੰਤੋਖ ਤਾਂ ਦਰਵੇਸ਼ ਈ ਬਾਹਲ਼ੈ..!"

ਪੰਚਾਇਤ ਨੀਵੀਂ ਪਾ ਗਈ।

...ਅਸਲ ਵਿਚ ਸੰਤੋਖ ਦੇ ਖਾੜਕੂ ਬਣਨ ਪਿੱਛੇ ਇੱਕ ਵੱਡਾ ਰਹੱਸ, ਇੱਕ ਵੱਡਾ ਭੇਦ ਅਤੇ ਭਿਅੰਕਰ ਹਾਦਸਾ ਸੀ। ਸੰਤੋਖ ਜੈਲਦਾਰ ਸੱਜਣ ਸਿੰਘ ਨਾਲ਼ ਸੀਰੀ ਸੀ। ਇੱਕ ਸੌ ਤੇਈ ਏਕੜ ਜ਼ਮੀਨ ਅਤੇ ਇੱਕੀ ਟਰੱਕਾਂ ਦਾ ਮਾਲਕ ਜੈਲਦਾਰ ਸੱਜਣ ਸਿੰਘ ਇਲਾਕੇ ਦਾ ਮੋਹਤਬਰ ਬੰਦਾ ਇੱਕ ਵਾਰ ਐੱਮ.ਐੱਲ.ਏ. ਦੀ ਚੋਣ ਵਿਚ ਵੀ ਹੱਥ ਅਜ਼ਮਾਈ ਕਰ ਚੁੱਕਿਆ ਸੀ। ਦੁਨੀਆਂ ਦਾ ਉਹ ਕਿਹੜਾ ਕੁੱਤਾ ਕੰਮ ਸੀ, ਜੋ ਜੈਲਦਾਰ ਸੱਜਣ ਸਿੰਘ ਦੇ ਹਿੱਸੇ ਨਹੀਂ ਆਇਆ ਸੀ। ਪੁਰਖਿਆਂ ਤੋਂ ਜੁੜਦੀ ਆ ਰਹੀ ਜੱਦੀ ਜਾਇਦਾਦ ਦੇ ਸਿਰ 'ਤੇ ਸੱਜਣ ਸਿੰਘ ਸ਼ਾਹੀ ਠਾਠ ਨਾਲ਼ ਰਹਿ ਰਿਹਾ ਸੀ। ਜ਼ਿਲ੍ਹੇ ਦਾ ਪੁਲ਼ਸ ਕਪਤਾਨ ਉਸ ਤੋਂ ਪੁੱਛ ਗੱਲ ਕਰਦਾ ਸੀ। ਉਸ ਦੇ ਮੁੰਡੇ ਪੂਰੇ ਅੱਲ੍ਹੱਥ, ਬਾਪ ਤੋਂ ਵੀ ਦੋ ਰੱਤੀਆਂ ਉਤੋਂ ਦੀ, ਝੰਡੇ ਹੇਠਲੇ ਸਨ। ਦਿਨ-ਦਿਹਾੜੇ ਤੁਰੀ ਜਾਂਦੀ ਕੁੜੀ-ਕੱਤਰੀ ਨੂੰ ਹੱਥ ਪਾਉਣਾ ਉਨ੍ਹਾਂ ਲਈ ਇੱਕ ਆਮ "ਸ਼ੁਗਲ" ਸੀ। ਅੱਖਾਂ ਰਾਹੀਂ ਬੰਦਾ ਘੂਰਨ ਦੀ ਉਨ੍ਹਾਂ ਨੂੰ ਬੁਰੀ ਬਾਣ ਸੀ। ਤਮਾਮ ਇਲਾਕੇ ਦੇ ਲੋਕ ਉਨ੍ਹਾਂ ਦੀਆਂ ਕਰਤੂਤਾਂ ਤੋਂ ਬੜੇ ਤੰਗ ਅਤੇ ਅਵਾਜ਼ਾਰ ਸਨ, ਪਰ ਸਰਕਾਰੇ-ਦਰਬਾਰੇ ਬਾਂਹ ਅੱਪੜਦੀ ਕਰ ਕੇ ਕੋਈ ਉਨ੍ਹਾਂ ਅੱਗੇ ਕੁਸਕਣ ਦੀ ਹਿੰਮਤ ਤੱਕ ਨਹੀਂ ਕਰਦਾ ਸੀ। ਇਲਾਕੇ ਦੇ ਬੇਵੱਸ ਲੋਕ ਮਜਬੂਰਨ ਅੱਖੀਂ ਦੇਖ ਕੇ ਮੱਖੀ ਨਿਗਲ਼ ਰਹੇ ਸਨ। ਵੱਸ ਕਿਸੇ ਦਾ ਕੋਈ ਚੱਲਦਾ ਨਹੀਂ ਸੀ। ਅੰਦਰੂਨੀ ਗੁੱਸੇ ਕਾਰਨ ਲੋਕ ਲਹੂ ਦੀ ਘੁੱਟ ਭਰ ਕੇ ਜੀਅ ਰਹੇ ਸਨ।

-"ਆਹ ਸੱਜਣ ਸਿਉਂ ਦੇ ਲਗਾੜ੍ਹਿਆਂ ਨੇ ਤਾਂ ਜਿਊਣਾ ਦੁੱਭਰ ਕੀਤਾ ਪਿਐ..!" ਇੱਕ ਬਜ਼ੁਰਗ ਨੇ ਸੱਥ ਵਿਚ ਬੈਠਦਿਆਂ ਕੋਈ ਅੰਦਰਲਾ ਕਰੋਧ ਉਜਾਗਰ ਕੀਤਾ।

-".............।" ਕੋਈ ਨਾ ਬੋਲਿਆ।

-"ਧੀ ਭੈਣ ਦੀ ਇੱਜ਼ਤ ਨੂੰ ਹੱਥ ਪਾਉਂਦੇ ਸਹੁਰੇ ਜਮਾਂ ਅੱਗਾ ਪਿੱਛਾ ਨੀ ਦੇਂਹਦੇ..! ਜੁਆਨੀਂ ਤਾਂ ਸਾਡੇ 'ਤੇ ਵੀ ਆਈ ਸੀ, ਕੁੜੀ-ਕੱਤਰੀ ਨੂੰ ਦੇਖ ਕੇ ਗੋਡੇ ਕੰਬਣ ਲੱਗ ਜਾਂਦੇ ਸੀ..!"

-"ਆਪਣੇ ਜ਼ਮਾਨੇਂ ਕੁਛ ਹੋਰ ਸੀ..! ਹੁਣ ਤਾਂ ਧੀ-ਧਿਆਣੀਂ ਨੂੰ ਦੇਖ ਸਹੁਰੇ ਕਬਿੱਤਾਂ ਗਾਉਣ ਲੱਗ ਜਾਂਦੇ ਐ..!"

-"ਫ਼ੇਰ ਕੀ ਕਰੀਏ ਬਦਨ ਸਿਆਂ...? ਵੱਸ ਈ ਕੋਈ ਨੀ, ਨਹੀਂ ਤਾਂ ਦਿਲ ਕਰਦੈ, ਸਾਲ਼ਿਆਂ ਨੂੰ ਪਾੜ ਕੇ ਵਿੱਚ ਦੀ ਨੰਘ ਜੀਏ..! ਅੱਕਲ਼ਕਾਨ ਹੋਏ ਪਏ ਐਂ..!"

-"ਚੋਰ ਦੀ ਮਾਂ ਤੇ ਕੋਠੀ 'ਚ ਮੂੰਹ..!"

-"ਦੜ ਵੱਟ ਕੇ ਦਿਨ ਕੱਟੀ ਜਾਨੇ ਐਂ..!"

-"ਬਾਬਾ, ਖਿਲਾਰੇ ਤਾਂ ਪਾ ਦੀਏ, ਪਰ ਪਿੱਛੋਂ ਕੋਈ ਸਾਂਭਦਾ ਨੀ..! ਆਬਦਾ ਖਿਲਾਰਿਆ ਆਪ ਈ ਸਮੇਟਣਾ ਪੈਂਦੈ, ਕੋਈ ਕੁਛ ਆਖੀ ਜਾਵੇ..!"

ਇੱਕ ਚੁੱਪ ਛਾ ਗਈ।

ਸੱਚੀ ਗੱਲ ਸਭ ਦੇ ਹੱਡ 'ਤੇ ਲੱਗੀ ਸੀ।

ਅਚਾਨਕ ਅੱਧੀ ਰਾਤ ਨੂੰ ਜੈਲਦਾਰ ਸੱਜਣ ਸਿੰਘ ਨੇ ਕਮਲ਼ਿਆਂ ਵਾਂਗ ਸੰਤੋਖ ਦੇ ਤਖਤੇ ਆ ਖੜਕਾਏ। ਸੰਤੋਖ ਦੇ ਵਿਆਹ ਹੋਏ ਨੂੰ ਅਜੇ ਪੰਜ ਦਿਨ ਹੀ ਹੋਏ ਸਨ। ਅੱਧੋਰਾਣੇਂ ਘਰ ਦੀ ਪਿਛਲੀ ਸਵਾਤ ਵਿਚ ਸੰਤੋਖ ਆਪਣੀ ਨਵੀਂ-ਨਵੇਲ ਘਰਵਾਲ਼ੀ ਜਸਮੇਲ ਕੌਰ ਕੋਲ਼ ਨਿੱਘਾ ਹੋਇਆ ਪਿਆ ਸੀ।

-"ਸੰਤੋਖ ਸਿਆਂ...! ਓਹ ਸੰਤੋਖ ਸਿਆਂ ਸ਼ੇਰਾ...! ਬਾਰ ਖੋਲ੍ਹ ਮੇਰਾ ਪੁੱਤ..!" ਹਮੇਸ਼ਾ "ਓਏ ਸੋਖਿਆ" ਕਹਿਣ ਵਾਲ਼ਾ ਜੈਲਦਾਰ ਅੱਜ ਉਸ ਨੂੰ "ਸੰਤੋਖ ਸਿਆਂ" ਆਖ ਕੇ ਬੁਲਾ ਰਿਹਾ ਸੀ। ਕਾਫ਼ੀ ਦੇਰ ਬਾਅਦ ਸੰਤੋਖ ਦੀ ਘਰਵਾਲ਼ੀ ਜਸਮੇਲ ਕੌਰ ਨੇ ਦੀਵਾ ਜਗਾ ਕੇ ਸੰਤੋਖ ਨੂੰ ਜਗਾਇਆ। 'ਰੂੜੀ-ਮਾਰਕਾ' ਦੇ ਲੰਡੇ ਪੈੱਗ ਲਾ ਕੇ ਸੁੱਤੇ ਸੰਤੋਖ ਨੂੰ ਜਗਾਉਣ ਨੂੰ ਜਸਮੇਲ ਕੌਰ ਦਾ ਜੀਅ ਨਹੀਂ ਕੀਤਾ ਸੀ। ਪਰ ਮਜਬੂਰੀ-ਵੱਸ ਉਸ ਨੂੰ ਸੰਤੋਖ ਨੂੰ ਹਲੂਨਣਾ ਪਿਆ ਸੀ।

ਸੰਤੋਖ ਉਂਘਦਾ ਹੋਇਆ ਉਠ ਕੇ ਬੈਠ ਗਿਆ।

ਦੀਵੇ ਦੀ ਡੋਲਦੀ ਲਾਟ ਵਿਚ ਸੰਤੋਖ ਦੀਆਂ ਨਸ਼ਈ ਅੱਖਾਂ ਬੈਟਰੀ ਵਾਂਗ ਜਗੀਆਂ।

-"ਕੀ ਗੱਲ ਐ..?" ਉਹ ਮੰਜੇ 'ਤੇ ਬੈਠਾ ਹੀ ਸੌਂਦਾ ਜਾ ਰਿਹਾ ਸੀ।

-"ਤੈਨੂੰ ਜੀ, ਦਰਵਾਜ਼ੇ 'ਤੇ ਕੋਈ ਹਾਕਾਂ ਮਾਰੀ ਜਾਂਦੈ..!"

-"ਅੱਧੀ ਰਾਤੋਂ ਕੌਣ ਹੋਇਆ..?" ਉਸ ਨੇ ਅੱਕੀਂ ਪਲ਼ਾਈਂ ਹੱਥ ਜਿਹੇ ਮਾਰ ਕੇ ਸੋਚ ਦੌੜਾਈ।

-"ਓਏ ਕੌਣ ਐਂ...?" ਮੰਜੇ ਤੋਂ ਪੈਰ ਥੱਲੇ ਲਾਹ ਕੇ ਉਸ ਨੇ ਹੋਕਰਾ ਮਾਰਿਆ।

-"ਮੈਂ ਆਂ ਪੁੱਤ ਸੰਤੋਖ ਸਿਆਂ..! ਜੈਲਦਾਰ..! ਜੈਲਦਾਰ ਸੱਜਣ ਸਿਉਂ..! ਤੇਰਾ ਤਾਇਆ ਜੀ..!" ਸੱਜਣ ਸਿੰਘ ਦੀ ਆਵਾਜ਼ ਸੁਣ ਕੇ ਉਸ ਨੇ ਲੱਕੜ ਦੇ ਤਖਤੇ ਜਾ ਖੋਲ੍ਹੇ।

-"ਸਰਦਾਰਾ ਤੂੰ..? ਐਸ ਵੇਲ਼ੇ..?? ਸੁੱਖ ਐ..???" ਸੰਤੋਖ ਦਾ ਮੱਥਾ ਠਣਕਿਆ। ਸੋਚਾਂ ਦੀ ਸੁਨਾਮੀਂ ਵਿਚ ਘਿਰਿਆ ਉਹ ਹਨ੍ਹੇਰੇ ਵਿਚ ਇੱਕ ਟੱਕ ਜੈਲਦਾਰ ਵੱਲ ਦੇਖੀ ਜਾ ਰਿਹਾ ਸੀ। ਪਿੱਛੋਂ ਦੀਵੇ ਦੀ ਮੱਧਮ ਲੋਅ ਦਾ ਝੌਲ਼ਾ ਪੈ ਰਿਹਾ ਸੀ।

-"ਸੰਤੋਖ ਸਿਆਂ, ਚੱਲ ਮੇਰੇ ਨਾਲ਼ ਚੱਲ..! ਇੱਕ ਕੰਮ ਪੈ ਗਿਆ ਜ਼ਰੂਰੀ...!" ਜੈਲਦਾਰ ਗੁੱਝੀ ਆਵਾਜ਼ ਵਿਚ ਬੋਲਿਆ।

-"ਗੱਲ ਕੀ ਐ ਸਰਦਾਰਾ..? ਘਰੇ ਜਸਮੇਲ ਕੁਰ 'ਕੱਲੀ ਐ, ਮੈਂ ਤੜਕੇ ਸਾਝਰੇ ਆ ਜਾਊਂਗਾ..?"

-"ਨਹੀਂ ਸੰਤੋਖ ਸਿਆਂ, ਤੇਰੇ ਬਿਨਾਂ ਮੇਰਾ ਕਾਰਜ ਨੀ ਹੋਣਾਂ, ਮੈਂ ਤੇਰੇ ਪੈਰੀਂ ਪੱਗ ਧਰਦੈਂ, ਮੈਨੂੰ ਤੇਰੀ ਮੱਦਤ ਦੀ ਜ਼ਰੂਰਤ ਐ, ਮੇਰੇ ਨਾਲ਼ ਹੁਣੇ ਚੱਲ..!" ਉਹ ਆਸਾ-ਪਾਸਾ ਨਿਰਖ, ਚੋਰਾਂ ਵਾਂਗ ਬੋਲ ਰਿਹਾ ਸੀ।

-"ਮੈਂ ਸਵੇਰੇ ਸਾਝਰੇ ਆ ਜਾਊਂਗਾ ਸਰਦਾਰਾ..! ਹੁਣ ਅੱਧੀ ਰਾਤੋਂ ਮੇਰੇ ਤਾਂਈਂ ਐਹੋ ਜਿਆ ਕੀ ਕੰਮ ਐਂ..? ਮੈਂ ਸਵੇਰੇ ਸਾਝਰੇ ਪੈਰ ਜੁੱਤੀ ਨੀ ਪਾਉਂਦਾ, ਦਿਨ ਚੜ੍ਹਦੇ ਈ ਆ ਵੱਜੂੰ..! ਘਰੇ ਲਾਣੇਦਾਰਨੀ 'ਕੱਲੀ ਐ..!"

-"ਓਏ ਖਸਮਾਂ ਬਾਹਲ਼ੇ ਸੁਆਲ ਜਵਾਬ ਨਾ ਕਰ..! ਹੁਣੇ ਚੱਲ ਮੇਰੇ ਨਾਲ਼..! ਜਸਮੇਲ ਕੁਰ ਕੋਲ਼ੇ ਤੇਰੀ ਤਾਈ ਨੂੰ ਭੇਜ ਦਿੰਨੇ ਐਂ, ਚੱਲ ਆ..!"

-"...................।" ਅਥਾਹ ਹੈਰਾਨਗੀ ਵਿਚ ਸੰਤੋਖ ਘੁੱਟਾਂਬਾਟੀ ਝਾਕ ਰਿਹਾ ਸੀ।

-"ਆਹ ਅੰਦਰੋਂ ਬਾਰ ਲਾ ਲਈਂ..! ਸਮਝਲਾ ਮੈਂ ਗਿਆ ਤੇ ਆਇਆ..!" ਸੰਤੋਖ ਨੇ ਢਹੇ ਜਿਹੇ ਦਿਲ ਨਾਲ਼ ਜਸਮੇਲ ਕੌਰ ਨੂੰ ਕਿਹਾ।

-"......।" ਤਖ਼ਤੇ ਓਹਲੇ ਖੜ੍ਹੀ ਜਸਮੇਲ ਕੌਰ ਕੁਝ ਨਾ ਬੋਲੀ। ਮੂੰਹ ਵਿਚ ਚੁੰਨੀ ਦਾ ਲੜ ਲਈ ਉਹ ਸੋਚਾਂ ਦੇ ਜਿਹਾਦ ਨਾਲ਼ ਗੁੱਥਮ-ਗੁੱਥਾ ਹੋ ਰਹੀ ਸੀ। ਅਖੀਰ ਉਸ ਨੇ ਅੰਦਰੋਂ ਦਰਵਾਜ਼ਾ ਲਾ ਲਿਆ। ਕਿਸੇ ਵੀ ਗੱਲ ਦਾ ਸਿਰਾ ਉਸ ਦੇ ਹੱਥ ਨਹੀਂ ਲੱਗਿਆ ਸੀ।

ਜੈਲਦਾਰ ਅਤੇ ਸੰਤੋਖ ਚੁੱਪਚਾਪ ਗਲ਼ੀਆਂ ਵਿਚ ਦੀ ਤੁਰੇ ਜਾ ਰਹੇ ਸਨ।

ਉਨ੍ਹਾਂ ਨੂੰ ਦੇਖ ਕੇ ਕੁੱਤੇ ਭੌਂਕੇ। ਪਰ ਚੁੱਪ ਕਰ ਗਏ।

ਕੋਈ ਕਿਸੇ ਨਾਲ਼ ਗੱਲ ਨਹੀਂ ਕਰ ਰਿਹਾ ਸੀ। ਪਰ ਸੰਤੋਖ ਘੋਰ ਹੈਰਾਨ ਸੀ ਕਿ ਹਰ ਪਾਸਿਓਂ ਰੱਜੇ-ਪੁੱਜੇ ਜੈਲਦਾਰ ਨੂੰ ਮੇਰੇ ਗ਼ਰੀਬ ਤੱਕ ਐਹੋ ਜਿਹਾ ਕੀ ਕੰਮ ਆ ਪਿਆ, ਜਿਹੜਾ ਉਹ ਅੱਧੀ ਰਾਤੋਂ ਆਪ ਮੇਰੇ ਘਰੇ ਚੱਲ ਕੇ ਆਇਆ ਸੀ..? ਜੈਲਦਾਰ ਤਾਂ ਸੂਰਜ ਛੁਪਦੇ ਸਾਰ ਹੀ ਚਾਰ ਪੈੱਗ ਲਾ ਕੇ "ਬਾਬੂ" ਬਣ ਜਾਂਦਾ ਸੀ..। ਕਿਸੇ ਦੇ ਲੱਖ ਰੁਪਈਆ ਦੇਣ 'ਤੇ ਵੀ ਘਰੋਂ ਬਾਹਰ ਨਹੀਂ ਨਿਕਲ਼ਦਾ ਸੀ..! ਭੀੜ੍ਹੀ ਗਲ਼ੀ ਦਾ ਮੋੜ ਮੁੜਦਾ ਸੰਤੋਖ ਸੋਚਦਾ ਜਾ ਰਿਹਾ ਸੀ। ਸੰਤੋਖ ਦੀ ਸੋਚ ਗਲ਼ੀ ਦੇ ਲੰਡਰ ਕੁੱਤੇ ਦੇ ਭੌਂਕਣ ਨਾਲ਼ ਖੁੱਲ੍ਹੀ। ਕੁੱਤਾ ਭੌਂਕਣ ਨਾਲ਼ ਜੈਲਦਾਰ ਨੂੰ ਚੇਹ ਚੜ੍ਹ ਗਈ। ਠੁੱਡ ਮਾਰ ਕੇ ਜੈਲਦਾਰ ਨੇ ਕੁੱਤਾ ਪਰ੍ਹੇ ਕਰ ਦਿੱਤਾ। ਕੁੱਤੇ ਦਾ ਚੀਕ-ਚਿਹਾੜ੍ਹਾ ਟਿਕੀ ਰਾਤ ਵਿਚ ਦੂਰ-ਦੂਰ ਤੱਕ ਸੁਣਿਆਂ ਸੀ।

ਜਦ ਉਹ ਜੈਲਦਾਰ ਦੀ ਹਵੇਲੀ ਪਹੁੰਚੇ, ਤਾਂ ਸਾਰਾ ਟੱਬਰ ਇਕੱਠਾ ਹੋਇਆ ਬੈਠਾ ਸੀ।

ਜੈਲਦਾਰ ਨੇ ਜਾਣ ਸਾਰ ਸਭ ਦੇ ਸਾਹਮਣੇ ਸੰਤੋਖ ਦੇ ਪੈਰੀਂ ਆਪਣੀ ਪੱਗ ਰੱਖਣੀਂ ਚਾਹੀ, ਜੋ ਸੰਤੋਖ ਨੇ ਰਾਹ ਵਿਚ ਹੀ ਬੋਚ ਲਈ।

-"ਸਰਦਾਰਾ, ਤੂੰ ਮੇਰਾ ਅੰਨਦਾਤਾ, ਇਹ ਕੀ ਕਰੀ ਜਾਨੈਂ..?" ਉਹ ਜੈਲਦਾਰ ਦੀ ਪੱਗ ਬੋਚੀ ਖੜ੍ਹਾ ਸੀ।

-"ਬੈਠ ਐਥੇ ਜਿਉਣ ਜੋਕਰਿਆ...!" ਜੈਲਦਾਰ ਨੇ ਸੰਤੋਖ ਨੂੰ ਸੋਫ਼ੇ 'ਤੇ ਬਿਠਾ ਲਿਆ।

-"...........।" ਜੈਲਦਾਰ ਚੁੱਪ ਅਤੇ ਹੈਰਾਨੀ ਵਿਚ ਸਤੰਭ ਸੀ।

-"ਮੇਰੀ ਗੱਲ ਸੁਣ ਧਿਆਨ ਨਾਲ਼..!" ਜੈਲਦਾਰ ਨੂੰ ਗੱਲ ਨਹੀਂ ਔੜ ਰਹੀ ਸੀ ਕਿ ਕਿੱਥੋਂ ਸ਼ੁਰੂ ਕਰੇ?

ਸਾਰਾ ਟੱਬਰ ਰਾਮ-ਗਊ ਬਣਿਆਂ ਸੰਤੋਖ ਸਾਹਮਣੇ ਹੱਥ ਜੋੜੀ ਖੜ੍ਹਾ ਸੀ।

-"ਆਪਣੇ ਸਿੱਕੀ ਤੋਂ ਹੋ ਗਿਆ ਇੱਕ ਕਤਲ, ਜੇ ਤੂੰ ਉਹ ਕਤਲ ਆਬਦੇ ਸਿਰ ਲੈ ਲਵੇਂ- ?" ਅਜੇ ਜੈਲਦਾਰ ਨੇ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਸੰਤੋਖ ਹੱਥ ਜੋੜ ਕੇ ਉਸ ਦੇ ਪੈਰੀਂ ਡਿੱਗ ਪਿਆ।

-"ਮੈਨੂੰ ਐਡੇ ਇਮਤਿਹਾਨ 'ਚ ਨਾ ਪਾ ਸਰਦਾਰਾ..! ਮੈਂ ਗਰੀਬ ਬੰਦਾ, ਡਾਢਿਆਂ ਸਾਹਮਣੇ ਰੁਲ਼-ਖੁਲ਼ ਜਾਊਂਗਾ, ਮੈਨੂੰ ਬਗਸ਼..! ਕੋਈ ਹੋਰ ਸੇਵਾ ਦੱਸ..? ਜੇ ਕਹੇਂ, ਤੇਰੇ ਸਾਲ ਖੰਡ ਮੁਖ਼ਤ ਲਾ ਦਿਊਂਗਾ ਸਰਦਾਰਾ, ਪਰ ਆਹ ਕਹਿਰ ਨਾ ਕਰ, ਮੇਰੀ ਜਸਮੇਲ ਕੁਰ ਰੁਲ਼'ਜੂ ਬਚਾਰੀ..!"

-"ਤੂੰ ਚਿੰਤਾ ਕਾਹਦੀ ਕਰਦੈਂ..? ਮੈਂ ਤੇਰੇ ਮਗਰ ਦਿੱਲੀ ਦੱਖਣ ਤੋਂ ਬੰਦੇ ਢੋਹ ਦਿਊਂਗਾ, ਪੈਸਾ ਪਾਣੀ ਮਾਂਗੂੰ ਵਹਾ ਦਿਊਂਗਾ ਸ਼ੇਰਾ..! ਬੱਸ ਮਹੀਨੇ, ਦੋ ਮਹੀਨੇ ਦਾ ਕੰਮ ਐਂ, ਤੈਨੂੰ ਮੈਂ ਬਾਹਰ ਲੈ ਕੇ ਆਊਂ..! ਵਾਹਦਾ ਰਿਹਾ ਮੇਰਾ ਜਿਉਣ ਜੋਕਰਿਆ..!" ਜੈਲਦਾਰ ਦੀਆਂ ਅੱਖਾਂ ਵਿਚ ਹੰਝੂ ਕੰਬੇ।

-"ਸਰਦਾਰਾ..! ਅਜੇ ਪੰਜ ਦਿਨ ਪਹਿਲਾਂ ਤਾਂ ਮੇਰਾ ਵਿਆਹ ਹੋਇਐ, ਮੇਰੇ ਘਰੁਆਲ਼ੀ ਤਾਂ ਰੋ-ਰੋ ਕਮਲ਼ੀ ਹੋਜੂ..! ਕੁਛ ਤਾਂ ਸੋਚ..! ਕਾਹਨੂੰ ਘੁਲਾੜ੍ਹੇ 'ਚ ਦਿੰਨੈ ਗਰੀਬ ਬੰਦੇ ਨੂੰ...?"

-"ਆਹ ਚੱਕ..! ਦੇ ਆ ਆਪਦੀ ਘਰਆਲ਼ੀ ਨੂੰ..!" ਜੈਲਦਾਰਨੀ ਨੇ ਦਸ-ਦਸ ਹਜ਼ਾਰ ਦੇ ਨੋਟਾਂ ਦੀਆਂ ਦੋ ਗੁੱਟੀਆਂ ਸੰਤੋਖ ਦੇ ਹੱਥ ਥੰਮਾਂ ਦਿੱਤੀਆਂ, "ਮੈਂ ਉਹਦਾ ਆਪ ਖ਼ਿਆਲ ਰੱਖੂੰ ਪੁੱਤ, ਤੂੰ ਚਿੰਤਾ ਕਾਹਦੀ ਕਰਦੈਂ..? ਆਹ ਦੇਖ, ਤੇਰੇ ਸਾਡੇ ਵਿਚ ਰੱਬ ਐ, ਤੈਨੂੰ ਤੇ ਤੇਰੇ ਟੱਬਰ ਨੂੰ ਅਸੀਂ ਜਮਾਂ ਪਿੱਛਾ ਨੀ ਦਿੰਦੇ, ਇੱਕ ਮਾਂ ਤੇਰੇ ਨਾਲ਼ ਬਚਨ ਕਰਦੀ ਐ..!" ਜੈਲਦਾਰਨੀ ਵੀ ਚੁੰਨੀ ਲਾਹ ਕੇ ਸੰਤੋਖ ਦੇ ਪੈਰੀਂ ਰੱਖਣ ਲੱਗੀ ਤਾਂ ਸੰਤੋਖ ਉਠ ਕੇ ਖੜ੍ਹਾ ਹੋ ਗਿਆ, "ਤਾਈ...! ਤਾਈ ਬਣ ਕੇ ਆਹ ਕੰਮ ਨਾ ਕਰ..! ਬੱਸ ਮੇਰੀ ਘਰਆਲ਼ੀ ਦਾ ਖਿਆਲ ਰੱਖੀਂ, ਕਿਤੇ ਉਹ ਨਾ ਓਦਰ ਜਾਵੇ..! ਨਵੀਂ ਨਵੇਲ ਹੈਗੀ ਐ, ਕਿਸੇ ਨੂੰ ਪਿੰਡ 'ਚ ਜਾਣਦੀ ਵੀ ਹੈਨੀ..!" ਸੰਤੋਖ ਦਾ ਮਨ ਨੱਕੋ-ਨੱਕ ਭਰ ਆਇਆ।

-"ਤੂੰ ਵਹਿਮ ਨਾ ਮੰਨ ਪੁੱਤ..! ਤੱਤੀ 'ਵਾਅ ਨੀ ਲੱਗਣ ਦਿੰਦੀ, ਦੇਖ-ਦੇਖ ਜਿਊਂਗੀ..!"

-"ਪਰ ਸਿੱਕੀ ਨੇ ਕਤਲ ਕੀਤਾ ਕੀਹਦੈ..?" ਸੰਤੋਖ ਨੇ ਅਸਲ ਗੱਲ ਜਾਨਣੀ ਚਾਹੀ।

-"ਸਰਪੈਂਚ ਦੇ ਮੁੰਡੇ ਗਿੱਕ ਦਾ..!"

-"ਸਰਪੈਂਚ ਦੇ ਮੁੰਡੇ ਗਿੱਕ ਦਾ...?" ਸੰਤੋਖ ਦੇ ਕੰਨਾਂ ਵਿਚ ਮੋਰ ਕੂਕੇ!

-"ਆਹੋ...! ਕੁਛ ਜਾਅਦੇ ਈ ਨਾਸਾਂ ਜੀਆਂ ਚੱਕਦਾ ਸੀ, ਸਿੱਕੀ ਨੇ ਕਿੱਲ ਮਾਂਗੂੰ ਠੋਕ ਧਰਿਆ..!" ਜੈਲਦਾਰ ਨੇ ਦੱਸਿਆ।

-"ਸਰਦਾਰਾ..! ਤੂੰ ਤਾਂ ਸਿੱਧਾ ਈ ਕਸਾਈਆਂ ਦੇ ਵਿਹੜੇ ਧੱਕੀ ਆਉਨੈਂ, ਉਨ੍ਹਾਂ ਨੇ ਤਾਂ ਹਲਾਲ ਕਰਨ ਲੱਗਿਆਂ ਨੇ ਕਸੀਸ ਵੀ ਨੀ ਵੱਟਣੀਂ, ਉਨ੍ਹਾਂ ਨੇ ਤਾਂ ਮਾਣਸਾ ਆਲ਼ਾ ਮੱਲ ਖੂਹ 'ਚ ਸਿੱਟ ਕੇ ਮੁਸ਼ਕ ਨੀ ਸੀ ਨਿਕਲਣ ਦਿੱਤਾ, ਮੈਂ ਗਰੀਬ ਕੀਹਦਾ ਪਾਣੀਹਾਰ...?" ਸੰਤੋਖ ਸਰਪੈਂਚ ਦੇ ਬੁੱਚੜ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਉਸ ਦਾ ਅੰਦਰ ਹਿੱਲਿਆ।

-"ਤੂੰ ਫ਼ਿਕਰ ਕਾਹਦਾ ਕਰਦੈਂ..? ਸਰਪੈਂਚ ਓਥੇ ਕੀ ਕਰਲੂ..? ਜਦੋਂ ਸੈਂਟਰ ਗੌਰਮਿੰਟ ਦੇ ਮੰਤਰੀਆਂ ਦੇ ਫ਼ੋਨ ਦਿੱਲੀ ਦੱਖਣ ਤੋਂ ਖੜਕਣ ਲੱਗੇ, ਪੁਲ਼ਸ ਤਾਂ ਤੇਰੇ ਅੱਗੇ ਪਿੱਛੇ ਭਿੱਜੀ ਬਿੱਲੀ ਬਣੀ, ਹੱਥ ਜੋੜਦੀ ਫ਼ਿਰੂ..!"

-"ਆਹ ਵੀਹ ਹਜ਼ਾਰ ਰੁਪਈਆ ਮੈਂ ਆਪ ਤੇਰੇ ਘਰਵਾਲ਼ੀ ਨੂੰ ਪਹੁੰਚਦਾ ਕਰੂੰ..! ਕਿਸੇ ਗੱਲ ਦਾ ਝੋਰਾ ਨਾ ਕਰ ਪੁੱਤ..! ਬੱਸ ਸਾਡਾ ਆਹ ਅੜਿਆ ਵਿਆ ਗੱਡਾ ਕੱਢ ਦੇ, ਅਸੀਂ ਸਾਰਾ ਟੱਬਰ ਤੇਰੇ ਪੈਰ ਧੋ-ਧੋ ਕੇ ਪੀਂਵਾਂਗੇ..!" ਜੈਲਦਾਰਨੀ ਬੋਲੀ।

-"ਬੱਸ ਤਾਈ ਮੈਨੂੰ ਪਿੱਛਾ ਨਾ ਦੇਇਓ..! ਕਤਲ ਮੈਂ ਸਿਰ ਲੈ ਲੈਨੈਂ..!" ਫ਼ਸੇ ਸੰਤੋਖ ਨੂੰ ਪਤਾ ਸੀ ਕਿ ਹੁਣ ਫ਼ਟਕਣ ਨਾਲ਼ ਕੁਝ ਨਹੀਂ ਬਣਨਾ।

-"ਸ਼ਾਬਾਸ਼ੇ ਪੁੱਤ..! ਤੂੰ ਸਾਡੀ ਖੁੱਭੀ ਕੱਢ ਦਿੱਤੀ, ਤੂੰ ਤਾਂ ਸਾਡਾ ਰੱਬ ਐਂ...!"

-"ਨਾ ਤਾਈ, ਐਨਾਂ ਭਾਰ ਨਾ ਚਾੜ੍ਹ..! ਮੇਰੇ ਕਰਨ ਆਲ਼ਾ ਕੰਮ ਮੈਂ ਕਰ ਦੇਣੈਂ, ਹੁਣ ਤੁਸੀਂ ਆਪਣਾ ਵਾਅਦਾ ਨਾ ਭੁੱਲਿਓ..!"

-"ਆਹ ਦੇਖ...!" ਜੈਲਦਾਰਨੀ ਨੇ ਹੱਥ ਜੋੜ ਕੇ ਦਿਖਾਏ, "ਮੈਂ ਗੁਰਦੁਆਰਾ ਸਾਹਿਬ ਬੰਨੀਂ ਹੱਥ ਜੋੜ ਕੇ ਕਹਿੰਨੀ ਐਂ, ਤੈਨੂੰ ਤੇ ਤੇਰੀ ਘਰਵਾਲ਼ੀ ਨੂੰ ਤੱਤੀ 'ਵਾਅ ਨੀ ਲੱਗਣ ਦਿਊਂ...!"

ਜੈਲਦਾਰ ਅੰਦਰੋਂ ਬੋਤਲ ਕੱਢ ਲਿਆਇਆ।

ਉਸ ਨੇ ਸੰਤੋਖ ਨੂੰ ਸਾਰਾ ਵਾਕਾ ਸਮਝਾਇਆ।

-"ਸਰਪੈਂਚ ਦਾ ਮੁੰਡਾ ਬਾਹਰਲੀ ਸੜਕ 'ਤੇ ਬੁੱਲਟ 'ਤੇ ਆਉਂਦਾ ਸੀ, ਠੇਕੇ ਕੋਲ਼ ਆ ਕੇ ਉਹਦਾ ਆਪਣੇ ਸਿੱਕੀ ਨਾਲ਼ ਮਾੜਾ ਮੋਟਾ ਬੋਲ ਬੁਲਾਰਾ ਹੋ ਗਿਆ, ਤੇ ਸਿੱਕੀ ਨੇ ਸਿੱਧੀ ਗੋਲ਼ੀ ਮਾਰੀ, ਤੇ ਬੱਕਰੇ ਮਾਂਗੂੰ ਉਲੱਦ ਦਿੱਤਾ, ਉਹ ਵੀ ਮੰਨੋਂ ਦੇ ਜਾਣਾ ਬਾਹਲ਼ੇ ਚਿਰ ਦਾ ਖਹਿੰਦਾ ਆਉਂਦਾ ਸੀ..!"

-"ਪਰ ਸਰਦਾਰਾ, ਮੇਰੇ ਕੋਲ਼ ਤਾਂ ਕੋਈ ਹਥਿਆਰ ਵੀ ਹੈ ਨ੍ਹੀ, ਪੁਲ਼ਸ ਗੱਲ ਕਿਵੇਂ ਮੰਨੂਗੀ..?"

-"ਪੁਲ਼ਸ ਨਾਲ਼ ਸਾਰੀ ਗੱਲ ਮਿਥ ਕੇ ਈ ਤਾਂ ਮੈਂ ਤੇਰੇ ਕੋਲ਼ ਗਿਆ ਸੀ, ਮੈਂ ਕੱਚੀਆਂ ਗੋਲ਼ੀਆਂ ਖੇਡਣ ਆਲ਼ਾ ਬੰਦਾ ਥੋੜ੍ਹੋ ਐਂ..? ਠਾਣੇਦਾਰ ਕਹਿੰਦਾ ਤੁਸੀਂ ਬੰਦਾ ਖੜ੍ਹਾ ਕਰੋ, ਘਾਣੀ ਅਸੀਂ ਆਪੇ ਘੜ ਲਵਾਂਗੇ..! ਤਾਂਹੀਂ ਤਾਂ ਮੈਂ ਪਿੱਟੀ ਜਾਨੈਂ ਬਈ ਤੇਰਾ ਤਾਂ ਕੋਈ ਮੂਤ ਨੀ ਉਲੰਘੂ ਸੰਤੋਖ ਸਿਆਂ..!" ਜੈਲਦਾਰ ਨੇ ਗਿਲਾਸ ਭਰ ਕੇ ਅੰਦਰ ਸੁੱਟਿਆ, "ਉਹ ਕਹਿੰਦਾ ਅਸੀਂ ਘਾਣੀ ਈ ਐਹੋ ਜੀ ਘੜਾਂਗੇ, ਆਪਣੇ ਬੰਦੇ ਦੇ ਬੱਸ ਪਹਿਲੀ ਪੇਸ਼ੀ 'ਤੇ ਈ ਰੱਸੇ ਲਹਿ ਜਾਣਗੇ..! ਠਾਣੇਦਾਰ ਕਹਿਣੀ ਕਰਨੀ ਦਾ ਪੂਰਾ, ਤੇ ਬਾਹਵਾ ਇਮਾਨਦਾਰ ਬੰਦੈ, ਤੂੰ ਨਿਸ਼ਚਿੰਤ ਰਹਿ..!"

-"ਤੇਰੇ ਪਿੱਛੇ ਚਿੜੀਆਂ ਦਾ ਦੁੱਧ ਢੋਅ ਦਿਊਂ ਪੁੱਤ..!" ਜੈਲਦਾਰਨੀ ਹੁਣ ਹੌਸਲਾ ਫ਼ੜੀ ਬੋਲ ਰਹੀ ਸੀ।

-"................।" ਸੰਤੋਖ ਚੁੱਪ ਸੀ।

-"ਜਿੰਨਾਂ ਚਿਰ ਤੂੰ ਛੁੱਟ ਕੇ ਘਰੇ ਨੀ ਆਉਂਦਾ, ਤੇਰੇ ਘਰਾਂਆਲ਼ੀ ਨੂੰ ਹਜ਼ਾਰ ਰੁਪਈਆ ਹਰ ਮਹੀਨੇ ਮੈਂ ਆਪ ਪਹੁੰਚਦਾ ਕਰਿਆ ਕਰੂੰਗਾ, ਤੇ ਪੱਠਾ ਦੱਥਾ ਖੇਤੋਂ ਆਪ ਲੈ ਆਇਆ ਕਰੇ..! ਦੋ ਕੁਆਂਟਲ਼ ਕਣਕ ਮੈਂ ਕੱਲ੍ਹ ਨੂੰ ਈ ਸਿਟਵਾ ਦਿੰਨੈ, ਤੂੰ ਬੇਫ਼ਿਕਰ ਰਹੀਂ..!"

-"ਦਿਨ ਚੜ੍ਹੇ ਇੱਕ ਮੱਝ ਮੈਂ ਤੇਰੇ ਘਰੇ ਬੰਨ੍ਹਵਾ ਦਿੰਨੀ ਐਂ, ਬਹੂ ਦੁੱਧ ਪੀ ਲਿਆ ਕਰੂ..! ਤੇਰੇ ਆਉਂਦੇ ਨੂੰ ਤਾਂ ਕਰ ਦਿਆਂਗੇ ਉਹਨੂੰ ਫ਼ਿੱਟਣ ਆਲ਼ੀ..! ਤੂੰ ਚਿੰਤਾ ਕਾਹਦੀ ਕਰਦੈਂ, ਪੁੱਤ...? ਮੁੜਦੇ ਨੂੰ ਤਾਂ ਤੈਨੂੰ ਬਹੂ ਪਛਾਣ 'ਚ ਨੀ ਆਉਣੀ..!"

-"ਸਰਦਾਰਾ, ਮੈਂ ਘੰਟਾ ਕੁ ਘਰੇ ਜਾ ਆਵਾਂ..? ਜਸਮੇਲ ਕੁਰ 'ਡੀਕਦੀ ਹੋਊਗੀ, ਉਹਨੂੰ ਤਾਂ ਬਚਾਰੀ ਨੂੰ ਅਜੇ ਤੱਕ ਕਿਸੇ ਗੱਲ ਦਾ ਵੀ ਨੀ ਪਤਾ ..!" ਜਸਮੇਲ ਕੌਰ ਦਾ ਹੇਰਵਾ ਸੰਤੋਖ ਨੂੰ ਬੁਰੀ ਤਰ੍ਹਾਂ ਮਾਰੀ ਤੁਰਿਆ ਆ ਰਿਹਾ ਸੀ। ਉਸ ਦਾ ਉੱਚੀ-ਉੱਚੀ ਰੋਣ ਨੂੰ ਜੀਅ ਕਰ ਰਿਹਾ ਸੀ।

-"ਘਰੇ ਕੀ ਕਰਨੈਂ..?" ਜੈਲਦਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ, "ਗੱਲ ਸੁਣ ਸੰਤੋਖ ਪੁੱਤਰਾ..! ਬੁੜ੍ਹੀਆਂ ਦਾ ਮਾਜਨਾ ਹੁੰਦੈ ਛੋਟਾ..! ਨਿੱਕੀ ਨਿੱਕੀ ਗੱਲ ਤੋਂ ਬੂ-ਕਲ਼ਾਪ ਕਰਨ ਲੱਗ ਜਾਂਦੀਐਂ..! ਹਫ਼ਤੇ ਖੰਡ ਦੀ ਤਾਂ ਗੱਲ ਐ...! ਜਿਵੇਂ ਗਿੱਲੇ ਖੇਤ 'ਚੋਂ ਮੂਲ਼ੀ ਖਿੱਚੀਦੀ ਐ, ਪਹਿਲੀ ਪੇਸ਼ੀ 'ਤੇ ਤੈਨੂੰ ਬਾਹਰ ਖਿੱਚ ਲਿਆਉਣੈਂ..! ਆਪਣੇ ਕੋਲ਼ੇ ਕੋਟ ਫ਼ੱਤੇ ਆਲ਼ਾ ਘੈਂਟ ਵਕੀਲ ਐ, ਢਿੱਲੋਂ..! ਇਲਾਕੇ ਦੇ ਜੱਜ ਓਹਤੋਂ ਚੰਘਿਆੜ੍ਹਾਂ ਮਾਰਦੇ ਐ..! ਜਦੋਂ ਮੁਕੱਦਮਾਂ ਪੇਸ਼ ਕਰਦੈ ਤਾਂ ਵੱਡੇ-ਵੱਡੇ ਜੱਜਾਂ ਨੂੰ ਥਾਂ 'ਤੇ ਈ ਖਿਲਾਰ ਦਿੰਦੈ..! ਤੇਰੀ ਤਾਈ ਸਵੇਰੇ ਜਾ ਕੇ ਜਸਮੇਲ ਕੁਰ ਨੂੰ ਵੀਹ ਹਜ਼ਾਰ ਰੁਪਈਆ ਦੇ ਆਊ, ਤੇ ਮੈਂ ਭੇਜ ਦਿਊਂ ਦੋ ਕੁਆਂਟਲ਼ ਕਣਕ, ਤੇਰੇ ਛੁੱਟ ਕੇ ਆਉਣ ਤੱਕ ਉਹਦਾ ਤੋਰਾ ਸੋਹਣਾ ਤੁਰਿਆ ਜਾਊ..!" ਗੱਲਾਂ ਦੀਆਂ ਕੁਲਫ਼ੀਆਂ ਦੇ ਕੇ ਜੈਲਦਾਰ ਨੇ ਸੰਤੋਖ ਨੂੰ ਚਿੱਤ ਕਰ ਦਿੱਤਾ।

-"ਮੈਂ ਵੀ ਨਿੱਤ ਗੇੜਾ ਰੱਖੂੰ ਪੁੱਤ, ਬਹੂ ਨੂੰ ਓਦਰਨ ਥੋੜ੍ਹੋ ਦਿਊਂਗੀ..?"

-"ਸਿੱਕੀ ਕਿੱਥੇ ਐ, ਸਰਦਾਰਾ..?" ਸੰਤੋਖ ਦੀ ਸੋਚ ਕੇਸ ਵਿਚ ਹੀ ਅੜੀ ਹੋਈ ਸੀ।

-"ਉਹਨੂੰ ਮੈਂ ਜਿਪਸੀ ਦੇ ਕੇ ਆਪਣੀ ਬੀਕਾਨੇਰ ਆਲ਼ੀ ਜ਼ਮੀਨ ਵੱਲ ਨੂੰ ਤੋਰ'ਤਾ ਸੀ..! ਨਾਲ਼ੇ ਉਹਨੂੰ ਕਿਹਾ ਸੀ ਬਈ ਜਾਂਦਾ ਹੋਇਆ ਨਿਹੰਗ ਹੋਰਾਂ ਨੂੰ ਸੁਨੇਹਾਂ ਦੇ ਜਾਊਗਾ, ਤੈਨੂੰ ਪਤੈ ਬਈ ਨਹਿੰਗ ਵਰਗੇ ਨਰ ਬੰਦੇ ਤਾਂ ਮਾੜੇ-ਧੀੜੇ ਨੂੰ ਅੱਖਾਂ ਰਾਹੀਂ ਖਾ ਜਾਣ..!"

-"..........।" ਸੰਤੋਖ ਚੁੱਪ ਕਰ ਗਿਆ।

ਜੈਲਦਾਰ ਦੇ ਜੁੰਡੀ ਦੇ ਯਾਰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਪਹੁੰਚ ਗਏ। ਲੰਡੀਆਂ ਜੀਪਾਂ, ਜਿਪਸੀਆਂ ਅਤੇ ਘੋੜ੍ਹਿਆਂ ਨਾਲ਼ ਇੱਕ ਦਮ ਗਰਦੋਗੋਰ ਉਠੀ ਸੀ। ਪਿੰਡ 'ਚ ਭੂਚਾਲ਼ ਆ ਗਿਆ ਸੀ।

ਗਿੱਕ ਦੇ ਹੋਏ ਕਤਲ ਕਾਰਨ ਪਿੰਡ ਵਿਚ ਤੜਥੱਲ ਮੱਚ ਗਿਆ।

ਸੂਰਜ ਦੀ ਪਹਿਲੀ ਕਿਰਨ ਨਾਲ਼ ਹੀ ਪੁਲ਼ਸ ਪਹੁੰਚ ਗਈ।

ਪੁਲੀਸ ਦਾ ਪੂਰਾ ਟਰੱਕ ਭਰਿਆ ਹੋਇਆ ਸੀ।

ਲਾਲ ਅਤੇ ਖਾਕੀ ਪੱਗਾਂ ਵਾਲ਼ਿਆਂ ਦਾ ਹੜ੍ਹ ਆ ਗਿਆ ਸੀ।

ਗਿੱਕ ਦੀ ਲਾਸ਼ ਧਰਮਸਾਲ਼ਾ ਵਿਚ ਰੱਖੀ ਹੋਈ ਸੀ ਅਤੇ ਕੋਲ਼ ਠਾਣੇਦਾਰ ਸੱਪ ਵਾਂਗ ਫ਼ਣ ਚੁੱਕੀ ਕੁਰਸੀ 'ਤੇ ਬੈਠਾ ਸੀ। ਇੱਕ ਪਾਸੇ ਸਰਪੰਚ ਅਤੇ ਉਸ ਦੇ ਸੁਨੇਹੀਂ ਬੈਠੇ ਸਨ।

ਬਾਕੀ ਅਗਲੇ ਪੇਜ 'ਤੇ

**ਪਿਛਲੇ ਪੇਜ ਦਾ ਬਾਕੀ**

ਆਂਡਿਆਂ ਦੀ ਭੁਰਜੀ ਸਮੇਟਣ ਤੋਂ ਬਾਅਦ ਠਾਣੇਦਾਰ ਨੇ ਗਰਮ ਦੁੱਧ ਦਾ ਗਿਲਾਸ ਮੂੰਹ ਨੂੰ ਲਾ ਲਿਆ। ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ ਅਤੇ ਇਕਬਾਲੀਆ ਬਿਆਨ 'ਤੇ ਸੰਤੋਖ ਨੂੰ ਹੱਥਕੜੀ ਜੜ ਲਈ।

ਪਰ ਮਕਤੂਲ ਦਾ ਬਾਪ, ਸਰਪੰਚ ਅਤੇ ਉਸ ਦੇ ਪ੍ਰੀਵਾਰਕ ਮੈਂਬਰ 'ਨਾਂਹ' ਵਿਚ ਸਿਰ ਫ਼ੇਰ ਰਹੇ ਸਨ।

-"ਸਾਡੇ ਗਿੱਕ ਨੂੰ ਜੈਲਦਾਰ ਦੇ ਮੁੰਡੇ ਸਿੱਕੀ ਨੇ ਮਾਰਿਐ ਜੀ, ਠੇਕੇ ਆਲ਼ਾ ਭਈਆ ਗਵਾਹ ਐ, ਉਹਨੇ ਅੱਖੀਂ ਦੇਖਿਐ, ਸੰਤੋਖ ਵਿਚਾਰੇ ਨੂੰ ਤਾਂ ਇਸ ਕੇਸ 'ਚ ਫ਼ਾਨੇ ਮਾਂਗੂੰ ਧੱਕੇ ਨਾਲ਼ ਠੋਕਿਆ ਜਾ ਰਿਹੈ, ਸਰਕਾਰ..!" ਸਰਪੰਚ ਬੋਲਿਆ। ਉਹ ਵਾਰ-ਵਾਰ ਕੁਣੱਖੀ ਅੱਖ ਨਾਲ਼ ਜੈਲਦਾਰ ਵੱਲ ਨੂੰ ਝਾਕ ਰਿਹਾ ਸੀ। ਪਰ ਜੈਲਦਾਰ ਉਸ ਤੋਂ ਨਜ਼ਰਾਂ ਚੁਰਾ ਰਿਹਾ ਸੀ। ਸੰਤੋਖ ਨੀਵੀਂ ਪਾਈ ਮਿੱਟੀ ਖੁਰਲ਼ ਰਿਹਾ ਸੀ।

-"ਫ਼ੇਰ ਇਹ ਇਕਬਾਲ ਕਿਉਂ ਕਰ ਰਿਹੈ..?" ਠਾਣੇਦਾਰ ਨੇ ਫ਼ੁੰਕਾਰਾ ਮਾਰਿਆ। ਠੂੰਹੇਂ ਦੀ ਪੂਛ ਵਰਗੀਆਂ ਮੁੱਛਾਂ ਦੇ ਕੁੰਢ ਤਰਫ਼ੂਲ ਵਾਂਗ ਹਿੱਲੇ ਸਨ।

-"ਲਾਲਚ ਵੱਡਿਆਂ-ਵੱਡਿਆਂ ਦੀ ਮੱਤ ਮਾਰ ਦਿੰਦੈ, ਸਰਕਾਰ..! ਇਹ ਗਰੀਬ ਤਾਂ ਕੀਹਦਾ ਪਾਣੀਹਾਰ ਐ..? ਇਹਨੂੰ ਵਿਚਾਰੇ ਨੂੰ ਇਹ ਨੀ ਪਤਾ ਬਈ ਨਾਨੀ ਤਾਂ ਓਦੋਂ ਯਾਦ ਆਊਗੀ, ਜਦੋਂ ਫ਼ਾਹੇ ਆਲ਼ਾ ਰੱਸਾ ਸਿੱਕੀ ਦੀ ਥਾਂ ਇਹਦੇ ਗਲ਼ ਵਿਚ ਪਿਆ..!"

ਸੁਣ ਕੇ ਸੰਤੋਖ ਨੂੰ ਹੌਲ ਪੈ ਗਿਆ।

ਉਸ ਦਾ ਦਿਲ "ਠੱਕ-ਠੱਕ" ਹਿੱਕ 'ਚ ਵੱਜਣ ਲੱਗ ਪਿਆ।

-"ਭੱਈਆ ਚਸ਼ਮਦੀਦ ਗਵਾਹ ਐ..?" ਠਾਣੇਦਾਰ ਨੇ ਅਗਲਾ ਸੁਆਲ ਕੀਤਾ।

-"ਜੀ ਸਰਕਾਰ..! ਓਹਨੇ ਸਾਰਾ ਵਕੂਆ ਅੱਖੀਂ ਦੇਖਿਐ..! ਨਿਸ਼ੰਗ ਬੁਲਾ ਕੇ ਪੁੱਛ ਲਓ..!"

-"ਭੱਈਏ ਨੂੰ ਪੇਸ਼ ਕਰੋ..!" ਠਾਣੇਦਾਰ ਨੇ ਹੁਕਮ ਦਾ ਮਰੋੜਾ ਚਾੜ੍ਹਿਆ। ਉਹ ਨਹੀਂ ਚਾਹੁੰਦਾ ਸੀ ਕਿ ਮਕਤੂਲ ਦੇ ਵਾਰਿਸ ਮੁਕੱਦਮੇ ਦਾ ਕੰਮ ਖਰਾਬ ਕਰਨ!

ਹੌਲਦਾਰ ਅਤੇ ਦੋ ਸਿਪਾਹੀ ਸਰਪੰਚ ਦੇ ਮੁੰਡੇ ਨਾਲ਼ ਭੱਈਏ ਨੂੰ ਲੈਣ ਠੇਕੇ ਵੱਲ ਨੂੰ ਰਵਾਨਾ ਹੋ ਗਏ। ਭੱਈਆ ਅਜੇ ਨਹਾ ਧੋ ਕੇ ਠੇਕਾ ਖ੍ਹੋਲ ਕੇ ਬੈਠਾ ਹੀ ਸੀ। ਠੇਕੇ ਅੰਦਰੋਂ ਧੂਫ਼ ਦੀ ਮਹਿਕ ਆ ਰਹੀ ਸੀ।

-"ਮਾਂ ਦਾ ਖਸਮ ਚੰਦ ਧੂਫ਼ ਤਾਂ ਇਉਂ ਧੁਖਾਈ ਬੈਠੈ, ਜਿਵੇਂ ਕਿਸੇ ਮਹਾਂਪੁਰਖ ਨੇ ਆਉਣਾ ਹੁੰਦੈ..!" ਹੌਲਦਾਰ ਬੋਲਿਆ।

-"ਜਿਹੜੇ ਕਿਸੇ ਦਾ ਕਤਲ ਕਿਸੇ ਨਿਰਦੋਸ਼ ਦੇ ਸਿਰ ਮੜ੍ਹ ਸਕਦੇ ਐਂ, ਆਪਾਂ ਕਿਸੇ ਮਹਾਂਪੁਰਖ ਨਾਲ਼ੋਂ ਘੱਟ ਐਂ..?" ਨਾਲ਼ ਦਾ ਸਿਪਾਹੀ ਹੱਸ ਪਿਆ।

-"ਤੂੰ ਭੌਂਕ ਨਾ ਓਏ..! ਸਾਲ਼ਿਆ ਕੰਧਾਂ ਦੇ ਵੀ ਕੰਨ ਹੁੰਦੇ ਐ..!" ਹੌਲਦਾਰ ਨੇ ਸਿਪਾਹੀ ਨੂੰ ਘੂਰਿਆ।

-"ਹੁਣ ਕਿਤੇ ਤੁਸੀਂ ਨਾ ਘਾਣੀਂ ਤੋਂ ਝੱਗਾ ਚੱਕ ਕੇ ਸਾਰਾ ਕੁਛ ਨੰਗਾ ਕਰ ਦਿਓ ਜੀ..! ਤੁਸੀਂ ਚੁੱਪ ਦਾ ਦਾਨ ਬਖ਼ਸ਼ੋ..! ਕਿਤੇ ਕੋਈ ਸੁਣ ਨਾ ਲਵੇ, ਦੁਨੀਆਂ ਬੜੀ ਮਾੜੀ ਐ...!" ਜੈਲਦਾਰ ਦਾ ਮੁੰਡਾ ਅਸਲ ਭੇਦ ਖੋਲ੍ਹਣ ਦੇ ਡਰੋਂ ਬੋਲਿਆ।

-"ਆਹੋ...! ਤੁਸੀਂ ਈ ਚੰਗੇ ਐਂ, ਜਿਹੜੇ ਆਪ ਕਤਲ ਕਰ ਕੇ ਗਰੀਬ ਦੇ ਸਿਰ ਮੜ੍ਹੀ ਤੁਰੇ ਆਉਨੇ ਐਂ..!" ਹੌਲਦਾਰ ਨੇ ਮੁੰਡੇ ਨੂੰ ਸਿਰੇ ਦੀ ਸੁਣਾਈ ਕੀਤੀ।

-"..............।" ਮੁੰਡੇ ਦਾ ਮੂੰਹ ਤਖ਼ਤੇ ਦੀ ਝੀਥ ਵਾਂਗ ਬੰਦ ਹੋ ਗਿਆ।

ਸੱਚੀ ਗੱਲ ਕਪਾਲ਼ 'ਚ ਹੀ ਤਾਂ ਵੱਜੀ ਸੀ।

ਉਹ ਵੀਹੀਆਂ ਗਾਹੁੰਦੇ ਠੇਕੇ ਪਹੁੰਚ ਗਏ।

-"ਕਿਉਂ ਓਏ ਰੰਗੀ ਰਾਮਾਂ ਜਿਆ, ਵੇਚਣੀਆਂ ਸ਼ਰਾਬਾਂ ਤੇ ਧੁਖਾਉਣੀਆਂ ਧੂਫ਼ਾਂ..? ਇਹ ਕਿੱਥੇ ਲਿਖਿਐ ਓਏ..?" ਜਾਣ ਸਾਰ ਹੌਲਦਾਰ ਨੇ ਭੱਈਏ ਨੂੰ ਜੂੰਪ ਲਿਆ। ਸਿਪਾਹੀਆਂ ਨੇ ਉਸ ਦੇ ਗੁਲੂਬੰਦ ਨਾਲ਼ ਉਸ ਦੇ ਹੱਥ ਬੰਨ੍ਹ ਲਏ।

ਲੰਮੀਂ ਬਾਂਹ ਕਰ ਕੇ ਹੌਲਦਾਰ ਨੇ ਛੇ ਬੋਤਲਾਂ ਹੱਥ ਹੇਠ ਕਰ ਲਈਆਂ।

-"ਅਸੀਂ ਇਹਨੂੰ ਛਿਲਕਾਂ ਦੇ ਘੋੜ੍ਹੇ ਨੂੰ ਲੈ ਕੇ ਚੱਲਦੇ ਐਂ, ਤੇ ਤੂੰ ਆਹ ਬੋਤਲਾਂ ਸਾਡੇ ਡਰਾਈਵਰ ਨੂੰ ਪਹੁੰਚਦੀਆਂ ਕਰ..!" ਹੌਲਦਾਰ ਨੇ ਜੈਲਦਾਰ ਦੇ ਮੁੰਡੇ ਨੂੰ ਆਦੇਸ਼ ਦਿੱਤਾ।

-"ਮੇਰਾ ਕੀ ਕਸੂਰ ਹਾਈਗਾ ਜੀ ਸਰਕਾਰ..?" ਭੱਈਏ ਦੇ ਬੁੱਲ੍ਹ ਸੁੱਕ ਗਏ ਸਨ।

-"ਤੇਰੇ ਠੇਕੇ 'ਤੇ ਬੰਦਾ ਮਰ ਗਿਆ, ਅਜੇ ਤੇਰਾ ਕਸੂਰ ਈ ਕੋਈ ਨੀ...?" ਸਿਪਾਹੀ ਨੇ ਭੱਈਏ ਦੇ ਚੁਪੇੜ ਕੱਢ ਮਾਰੀ।

-"ਸਾਲ਼ਾ ਜੂਠ...! ਜੰਨ ਕੁਪੱਤੀ ਸੁਥਰਾ ਭਲਾ ਮਾਣਸ..!" ਦੂਜਾ ਬੋਲਿਆ।

-"ਕਤਲ ਵੇਲ਼ੇ ਜੇ ਤੂੰ ਕੋਈ ਮੱਦਤ ਕਰਦਾ, ਬੰਦਾ ਨਾ ਮਰਦਾ..!" ਹੌਲਦਾਰ ਨੇ ਦੋਸ਼ ਭੱਈਏ ਸਿਰ ਕੱਢਿਆ।

-"ਮੇਰਾ ਤਾਂ ਆਪ ਹੋਸ਼ ਉਡ ਗੀਆ ਸੀਗਾ ਜੀ, ਮੈਂ ਕੀ ਮੱਦਦ ਕਰਤਾ..?" ਉਹ ਰੋਣਹਾਕਾ ਹੋਇਆ ਖੜ੍ਹਾ ਸੀ।

-"ਚੱਲ ਅੱਗੇ ਤੁਰ ਬੰਦਾ ਬਣ ਕੇ...!"

-"ਮੇਰਾ ਕਸੂਰ ਤਾਂ ਕੋਈ ਦੱਸੋ ਜੀ...!"

-"ਠਾਣੇਦਾਰ ਦੱਸੂਗਾ..!"

-"ਮੈਨੂੰ ਠੇਕੇ ਨੂੰ ਜੀਂਦਰਾ ਤਾਂ ਲਾਈ ਲੈਨ ਦੀਓ ਜੀ..!"

-"ਜਿੰਦਰੇ ਨੂੰ ਸਾਲ਼ਿਆ ਏਥੇ ਦੁੱਧ ਪਿਐ, ਜਿਹੜਾ ਬਿੱਲੀ ਪੀਜੂਗੀ..?"

-"ਬੰਦੇ ਤਾਂ ਬਿੱਲੀਆਂ ਨਾਲ਼ੋਂ ਭੈੜ੍ਹੇ ਐ ਜਨਾਬ, ਸਾਰਾ ਠੇਕਾ ਪੀ ਜਾਏਂਗੇ..!"

-"ਚੱਲ ਲਾ ਜਿੰਦਰਾ..!"

ਭੱਈਆ ਠੇਕੇ ਨੂੰ ਤਾਲਾ ਲਾਉਣ ਲੱਗ ਪਿਆ।

ਤਾਲਾ ਲਾਉਣ ਤੋਂ ਬਾਅਦ ਉਹ ਭੱਈਏ ਨੂੰ ਲੈ ਕੇ ਧਰਮਸਾਲ਼ਾ ਨੂੰ ਤੁਰ ਪਏ।

ਮੁੰਡਾ ਬੋਤਲਾਂ ਚੁੱਕ ਪੁਲੀਸ ਦੇ ਟਰੱਕ ਵੱਲ ਨੂੰ ਹੋ ਤੁਰਿਆ।

ਗਿੱਕ ਦੇ ਕਤਲ ਦੀ ਗੱਲ ਮੂੰਹੋਂ-ਮੂੰਹ ਸਾਰੇ ਪਿੰਡ ਵਿਚ ਫ਼ਿਰ ਗਈ ਸੀ।

ਸਾਰੇ ਪਿੰਡ ਨੂੰ ਜਿਵੇਂ ਸੱਪ ਸੁੰਘ ਗਿਆ ਸੀ। ਪਿੰਡ ਵਿਚ ਜਿਵੇਂ 'ਦਿਉ' ਪੈਣ ਲੱਗ ਪਿਆ ਸੀ।

ਜਦ ਜਸਮੇਲ ਕੌਰ ਨੂੰ ਸੰਤੋਖ ਬਾਰੇ ਪਤਾ ਲੱਗਿਆ ਤਾਂ ਉਹ ਸਾਰੀਆਂ ਸ਼ਰਮਾਂ ਕਿੱਲੀ 'ਤੇ ਟੰਗ, ਸਿੱਧੀ ਠਾਣੇਦਾਰ ਸਾਹਮਣੇ ਆ ਖੜ੍ਹੀ।

-"ਸਰਦਾਰਾ, ਮੇਰੇ ਸਰਦਾਰ ਨੇ ਕਿਸੇ ਦਾ ਕੋਈ ਕਤਲ ਨੀ ਕੀਤਾ, ਰਾਤ ਅੱਧੀ ਰਾਤੋਂ ਜੈਲਦਾਰ ਸਾਡੇ ਘਰੇ ਆਇਆ ਸੀ, ਤੇ ਮੇਰੇ ਆਲ਼ੇ ਸਰਦਾਰ ਨੂੰ ਪੈਰੀਂ ਪੱਗ ਧਰ ਕੇ ਆਬਦੇ ਨਾਲ਼ ਲੈ ਗਿਆ ਸੀ, ਇਹ ਤਾਂ ਕਰਮਾਂ ਆਲ਼ਾ ਪਿਛਲੀ ਸਵਾਤ 'ਚ ਸੁੱਤਾ ਪਿਆ ਸੀ, ਇਹਨੇ ਕੁਛ ਨੀ ਕੀਤਾ ਸਰਦਾਰਾ, ਇਹਦਾ ਛੁਟਕਾਰਾ ਕਰ, ਅਸੀਂ ਗ਼ਰੀਬ ਲੋਕ, ਕਰ ਕੇ ਖਾਣ ਆਲ਼ੇ ਐਂ ਜੋਰਾਵਰਾ, ਅਸੀਂ ਕਿਸੇ ਦਾ ਖ਼ੂਨ ਕਿਉਂ ਕਰਾਂਗੇ..? ਸਾਡਾ ਕਿਸੇ ਨਾਲ਼ ਕੀ ਵੈਰ ਐ..? ਅਸੀਂ ਗਰੀਬ ਸਾਰੇ ਪਿੰਡ ਦੇ ਸਾਂਝੇ, ਜੀਹਨੇ ਦਿਹਾੜ੍ਹੀ ਸੱਦ ਲਿਆ, ਚਲੇ ਜਾਨੇ ਐਂ, ਇਹਨੂੰ ਬਗਸ਼ ਸਰਦਾਰਾ, ਦੁਹਾਈ ਰਾਮ ਦੀ, ਅਸਲ ਬੰਦਾ ਲੱਭ..!" ਮੂੰਹ ਵਿਚ ਘੁੰਡ ਦਾ ਲੜ ਘੁੱਟੀ ਜਸਮੇਲ ਕੌਰ ਨੇ ਸਾਰੇ ਪਰਦੇ ਉਧੇੜ ਦਿੱਤੇ।

ਪਿੰਡ ਦੇ ਇਕੱਠੇ ਲੋਕਾਂ ਵਿਚ ਮੌਤ ਵਰਗਾ ਸੰਨਾਟਾ ਛਾ ਗਿਆ।

-"ਮੈਂ ਤਾਂ ਦੋਵੇਂ ਹੱਥ ਬੰਨ੍ਹ ਕੇ ਸਵੇਰ ਦਾ ਦੁਹਾਈ ਦੇਈ ਜਾਨੈਂ ਬਈ ਗਿੱਕ ਦਾ ਕਤਲ ਜੈਲਦਾਰ ਦੇ ਮੁੰਡੇ ਸਿੱਕੀ ਨੇ ਕੀਤੈ, ਸੰਤੋਖ ਵਿਚਾਰਾ ਗਰੀਬ ਉਹਨੂੰ ਕਿਉਂ ਮਾਰੂ..? ਇਹਦਾ ਸਾਡੇ ਨਾਲ਼ ਕੀ ਵੈਰ..?" ਸਰਪੰਚ ਫ਼ਿਰ ਕੁਰਲਾਉਣ ਵਾਲ਼ਿਆਂ ਵਾਂਗ ਬੋਲਿਆ।

ਲੋਕ ਇੱਕ-ਦੂਜੇ ਦੇ ਮੂੰਹ ਨਾਲ਼ ਮੂੰਹ ਜੋੜ ਕੇ ਗੱਲਾਂ ਕਰਨ ਲੱਗ ਪਏ।

-"ਠੀਕ ਐਂ..!" ਠਾਣੇਦਾਰ ਕੌੜ ਅੱਖ ਨਾਲ਼ ਜੈਲਦਾਰ ਵੱਲ ਝਾਕਿਆ।

ਪਰ ਜੈਲਦਾਰ ਸਿਰ ਸੁੱਟ ਗਿਆ।

-"ਅਸੀਂ ਤੇਰੀ ਗੱਲ 'ਤੇ ਵੀ ਗੌਰ ਕਰਾਂਗੇ ਬੀਬੀ..! ਪਰ ਤੇਰੇ ਘਰਵਾਲ਼ਾ ਤਾਂ ਖ਼ੁਦ ਆਪ ਮੰਨੀ ਜਾਂਦੈ ਬਈ ਇਹਨੇ ਕਤਲ ਕੀਤੈ..!"

-"ਇਹਦੇ ਮੰਨਣ ਜਾਂ ਨਾ ਮੰਨਣ ਨਾਲ਼ ਕੀ ਫ਼ਰਕ ਪੈਂਦੈ ਸਰਦਾਰਾ..? ਇਹਨੂੰ ਪਤਾ ਨੀ ਰਾਤ ਘਰੇ ਲਿਜਾ ਕੇ ਕੀ-ਕੀ ਬਹੁੜੀਆਂ ਘੱਤੀਆਂ, ਜਾਂ ਪੱਟੀਆਂ ਪੜ੍ਹਾਈਆਂ ਹੋਣਗੀਆਂ..? ਇਹ ਰੱਬ ਦਾ ਬੰਦਾ ਤਾਂ ਢੋਰ ਐ, ਜਿੱਧਰ ਮਰਜ਼ੀ ਐ ਜੋੜ ਲੈਣ..! ਨਾਲ਼ੇ ਮਜ੍ਹਬੀ ਸਿੱਖ ਜਾਤ ਤਾਂ ਵਫ਼ਾਦਾਰੀ ਪਾਲ਼ਣ 'ਚ ਸਭ ਤੋਂ ਮੂਹਰੇ ਹੁੰਦੇ ਐ ਸਰਦਾਰਾ..!"

-"ਕੋਈ ਨਾ ਬੀਬੀ, ਅਸੀਂ ਤੇਰੇ ਘਰਵਾਲ਼ੇ ਨੂੰ ਕੁਛ ਨੀ ਕਹਿੰਦੇ, ਜੇ ਇਹ ਨਿਰਦੋਸ਼ ਹੋਇਆ, ਇਹਦੇ ਬਿਆਨ ਲੈ ਕੇ ਛੱਡ ਦਿਆਂਗੇ..!" ਠਾਣੇਦਾਰ ਨੇ ਮਿੱਠੀ ਗੋਲ਼ੀ ਚਟਾਈ।

ਸੰਤੋਖ ਨੀਂਵੀਂ ਪਾਈ ਬੈਠਾ ਸੀ।

-"ਤੂੰ ਵੀ ਕੁਛ ਮੂੰਹੋਂ ਫ਼ੁੱਟ ਸਾਂਈਂ ਮੇਰਿਆ..! ਕਿਸੇ ਦੀ ਬਲਾਅ ਆਬਦੇ ਗਲ਼ ਨਾ ਪਾ ਕੇ ਬੈਠ ਜਾਈਂ, ਇਹ ਮੂੰਹ ਮੁਲ੍ਹਾਹਜੇ ਨਿੱਕੀਆਂ ਗੱਲਾਂ ਨਾਲ਼ ਨਿਭ ਜਾਂਦੇ ਐ, ਐਡੀਆਂ ਵੱਡੀਆਂ ਵਾਰਦਾਤਾਂ ਨਾਲ਼ ਤਾਂ ਉਜਾੜੇ ਈ ਹੁੰਦੇ ਐ ਸਰਦਾਰਾ, ਯਾਰੀਆਂ ਨੀ ਨਿਭਦੀਆਂ..!" ਜਸਮੇਲ ਕੌਰ ਨੇ ਸੰਤੋਖ ਨੂੰ ਕਿਹਾ।

ਜਸਮੇਲ ਕੌਰ ਦੀਆਂ ਸੱਚੀਆਂ ਸੁਣ ਕੇ ਭੋਲ਼ੇ-ਭਾਲ਼ੇ ਸੰਤੋਖ ਦਾ ਰੋਣ ਨਿਕਲ਼ ਗਿਆ।

ਸੰਤੋਖ ਨੂੰ ਰੋਂਦਾ ਦੇਖ ਅੱਖ ਬਚਾ ਕੇ ਜੈਲਦਾਰ ਉਸ ਦੇ ਨੇੜੇ ਹੋ ਗਿਆ।

-"ਜਮਾਂ ਨਾ ਡਰੀਂ ਡੋਲੀਂ..! ਲਾਮ ਲਸ਼ਕਰ ਲੈ ਕੇ ਮੈਂ ਤੇਰੇ ਮਗਰ ਆਇਆ ਲੈ..!" ਥਿੜਕੇ ਸੰਤੋਖ ਦੇ ਹੌਂਸਲੇ ਥੱਲੇ ਜੈਲਦਾਰ ਨੇ ਧਰਵਾਸੇ ਦੀ ਥੰਮ੍ਹੀ ਦਿੱਤੀ। ਪਰ ਸੰਤੋਖ ਰੋਈ ਜਾ ਰਿਹਾ ਸੀ। ਜਸਮੇਲ ਕੌਰ ਦੀਆਂ ਗੱਲਾਂ ਨੇ ਉਸ ਅੰਦਰ ਮੋਹ ਦਾ ਹੜ੍ਹ ਲਿਆ ਦਿੱਤਾ ਸੀ।

ਮੁਕੱਦਮੇਂ ਵਿਚ ਕੋਈ "ਘੜ੍ਹੰਮ" ਪੈਣ ਤੋਂ ਪਹਿਲਾਂ ਹੀ ਸੰਤੋਖ ਅਤੇ ਭੱਈਏ ਨੂੰ ਲੈ ਕੇ ਪੁਲ਼ਸ ਰਵਾਨਾ ਹੋ ਗਈ।

ਜਸਮੇਲ ਕੌਰ ਖੜ੍ਹੀ ਉਚੀ-ਉਚੀ ਰੋ ਰਹੀ ਸੀ।

ਸ਼ਰੇਆਮ ਅੱਖੀਂ ਘੱਟਾ ਪਿਆ ਦੇਖ ਸਾਰਾ ਪਿੰਡ ਠਠੰਬਰਿਆ ਖੜ੍ਹਾ ਸੀ।

ਜੈਲਦਾਰ ਅਤੇ ਸਰਪੰਚ ਵਰਗੇ ਸਾਨ੍ਹਾਂ ਦੇ ਭੇੜ੍ਹ ਵਿਚ ਸੰਤੋਖ ਕਤੂਰੇ ਵਾਂਗ ਦਰੜਿਆ ਗਿਆ ਸੀ।

ਕਿਸੇ ਨੂੰ ਕੋਈ ਲੱਲ ਨਹੀਂ ਲੱਗ ਰਿਹਾ ਸੀ ਕਿ ਇਹ ਕੀ ਸਿਆਸੀ ਖੇਡ ਖੇਡੀ ਜਾ ਰਹੀ ਸੀ? ਸਾਰਾ ਪਿੰਡ ਜਾਣਦਾ ਸੀ ਕਿ ਇਲੈਕਸ਼ਨ ਮੌਕੇ ਸਰਪੰਚ ਅਤੇ ਜੈਲਦਾਰ ਵਿਚ ਆਪਸੀ ਤਣਾਓ ਵਧ ਜਾਂਦਾ ਸੀ, ਅਤੇ ਕਦੇ-ਕਦਾਈਂ ਨੌਬਤ ਗੋਲ਼ੀ ਚੱਲਣ ਤੱਕ ਵੀ ਆ ਜਾਂਦੀ ਸੀ। ਪਰ ਆਪਸੀ ਰੰਜ਼ਿਸ਼ ਵਿਚ ਗਰੀਬ ਸੰਤੋਖ ਨੂੰ ਬਲੀ ਦਾ ਬੱਕਰਾ 'ਕਿਉਂ' ਬਣਾਇਆ ਜਾ ਰਿਹਾ ਸੀ..? ਇਸ ਗੱਲ ਦਾ ਸਾਰੇ ਪਿੰਡ ਨੂੰ ਰੰਜ ਅਤੇ ਅਫ਼ਸੋਸ ਸੀ।

-"ਵੇ ਜੈਲਦਾਰਾ ਤੇਰਾ ਕੱਖ ਨਾ ਰਹੇ ਵੇ, ਵੈਰੀਆ..! ਵੇ ਤੂੰ ਮੇਰਾ ਵਸਦਾ ਰਸਦਾ ਘਰ ਉਜਾੜ'ਤਾ ਵੇ ਦੁਸ਼ਟਾ..!" ਉਹ ਧਰਮਸਾਲ਼ਾ ਕੋਲ਼ ਖੜ੍ਹੀ ਵਿਰਲਾਪ ਕਰੀ ਜਾ ਰਹੀ ਸੀ। ਪਰ ਉਸ ਦੁਖਿਆਰੀ ਦੀ ਕਿਸੇ ਨੇ ਇੱਕ ਨਾ ਸੁਣੀਂ। ਤਮਾਸ਼ਬੀਨ ਲੋਕ ਉਸ ਨੂੰ ਦੇਖ-ਦੇਖ ਲੰਘ ਰਹੇ ਸਨ।

-"ਜਾਹ..! ਜਾਹ ਘਰੇ ਜਾਹ ਕੁੜੇ ਬੀਬਾ..!" ਸਰਪੰਚ ਨੇ ਜਸਮੇਲ ਕੌਰ ਦੇ ਮੋਢੇ 'ਤੇ ਹਮਦਰਦੀ ਦਾ ਹੱਥ ਰੱਖਿਆ, "ਪਤਾ ਨੀ ਕਿਹੜੇ ਪਾਪਾਂ ਦਾ ਖਮਿਆਜਾ ਭੁਗਤੀ ਜਾਨੈਂ ਐਂ, ਜਾਹ ਘਰੇ ਜਾਹ ਮੇਰੀ ਧੀ..! ਮੈਨੂੰ ਪਤੈ ਮੇਰੇ ਪੁੱਤ ਦਾ ਖ਼ੂਨ ਸੰਤੋਖ ਨੇ ਨੀ ਕੀਤਾ..! ਜਾਹ ਸਿਆਣੀ ਬਣ ਕੇ ਘਰੇ ਜਾਹ..!" ਅਤੀਅੰਤ ਦੁਖੀ ਸਰਪੰਚ ਥਾਪੜਾ ਦੇ ਕੇ ਤੁਰ ਗਿਆ।

ਪਰ ਜਸਮੇਲ ਕੌਰ ਦਾ ਰੋਣਾਂ ਠੱਲ੍ਹਿਆ ਨਹੀਂ ਜਾ ਰਿਹਾ ਸੀ। ਉਸ ਦਾ ਨਵਾਂ-ਨਵਾਂ ਵਿਆਹ ਹੋਇਆ ਸੀ, ਦਿਲ ਦੀਆਂ ਰੀਝਾਂ ਅਜੇ ਦਿਲ ਵਿਚ ਹੀ ਸਨ। ਸੁਪਨਿਆਂ ਦੀਆਂ ਕਰੂੰਬਲਾਂ ਅਜੇ ਫ਼ੁੱਟੀਆਂ ਹੀ ਸਨ ਕਿ ਉਨ੍ਹਾਂ ਦੀ ਸ਼ਾਂਤਮਈ ਜ਼ਿੰਦਗੀ ਵਿਚ ਆਹ ਅੱਗ ਆ ਡਿੱਗੀ ਸੀ। ਜੁਆਨੀ ਦੀਆਂ ਕਲੀਆਂ ਨੇ ਅਜੇ ਅੰਗੜਾਈ ਲਈ ਹੀ ਸੀ ਕਿ ਉਨ੍ਹਾਂ ਦੇ ਖੇੜੇ ਵਿਚ ਵੜੇ ਖ਼ਰੂਦੀ ਦੈਂਤ ਨੇ ਸਾਰਾ ਕੁਛ ਮਲੀਆਮੇਟ ਕਰ ਦਿੱਤਾ ਸੀ।

ਸ਼ਾਮ ਹੋਈ।

ਭੱਈਏ ਦੇ ਠੇਕੇ ਦਾ ਮਾਲਕ ਠਾਣੇ ਆ ਗਿਆ।

-"ਤੁਸੀਂ ਸਰਦਾਰ ਮੇਰੇ ਭੱਈਏ ਨੂੰ ਫ਼ੜ ਲਿਆਏ..?" ਜਾਣੂੰ ਠੇਕੇਦਾਰ ਨੇ ਠਾਣੇਦਾਰ ਨੂੰ ਇੱਕ ਤਰ੍ਹਾਂ ਨਾਲ਼ ਉਲਾਂਭਾ ਦਿੱਤਾ।

-"ਭੱਈਏ ਨੂੰ ਅਸੀਂ ਨਿਆਣਾਂ ਪਾ ਕੇ ਚੋਣ ਥੋੜ੍ਹੋ ਲੱਗੇ ਐਂ..?" ਠਾਣੇਦਾਰ ਵਿਅੰਗਮਈ ਹੱਸਿਆ, "ਕਤਲ ਦਾ ਕੇਸ ਐ ਠੇਕੇਦਾਰਾ, ਤੇ ਤੇਰਾ ਭੱਈਆ ਹੈਗਾ ਚਸ਼ਮਦੀਦ ਗਵਾਹ, ਪੁੱਛ ਪੜਤਾਲ਼ ਕਰ ਕੇ ਕੱਲ੍ਹ ਤੱਕ ਛੱਡ ਦਿਆਂਗੇ..! ਮਾੜਾ ਮੋਟਾ ਮੁਕੱਦਮਾਂ ਹੁੰਦਾ ਤਾਂ ਮੈਂ ਆਪ ਈ ਨੀ ਲੈ ਕੇ ਆਉਣਾ ਸੀ...!"

ਠੇਕੇਦਾਰ ਦੀ ਤਸੱਲੀ ਹੋ ਗਈ।

ਉਹ ਤੁਰ ਗਿਆ।

ਠਾਣੇਦਾਰ ਅਤੇ ਮੁਣਸ਼ੀ ਨੇ ਕੇਸ ਲਿਖਿਆ ਨਹੀਂ, ਇੱਕ ਤਰ੍ਹਾਂ ਨਾਲ਼ "ਮੜ੍ਹਿਆ" ਸੀ। ਸਾਰਾ ਮੁਕੱਦਮਾਂ ਸੰਤੋਖ ਦੇ ਸਿਰ ਚੜ੍ਹ ਬੋਲ ਰਿਹਾ ਸੀ ਅਤੇ ਭੱਈਏ ਦੀ ਗਵਾਹੀ ਕਿੱਲ ਵਾਂਗ ਠੋਕ ਕੇ ਪਾਈ ਗਈ ਸੀ। ਮੁਣਸ਼ੀ ਮੁਕੱਦਮੇਂ ਦੀ ਇੱਕ ਲਾਈਨ ਲਿਖਦਾ ਤਾਂ ਠਾਣੇਦਾਰ "ਕਿਆ ਬਾਤ ਐ - ਬਹੁਤ ਖ਼ੂਬ" ਆਖ ਕੇ ਸ਼ਲਾਘਾ ਕਰਦਾ।

ਭੱਈਏ ਦੇ ਠੇਕੇ ਤੋਂ ਲਿਆਂਦੀਆਂ ਬੋਤਲਾਂ ਵਿਚੋਂ ਕਰੜੇ ਪੈੱਗ ਲਾ ਕੇ ਉਨ੍ਹਾਂ ਨੇ ਭੱਈਏ ਨੂੰ ਬਾਹਰ ਕੱਢ ਲਿਆ। ਪੁਲ਼ਸ ਦੀ "ਫ਼ੁੱਲ ਚੜ੍ਹਾਈ" ਦੇਖ ਕੇ ਭੱਈਏ ਦੇ ਪ੍ਰਾਣ 'ਖ਼ੁਸ਼ਕ' ਹੋ ਗਏ ਅਤੇ ਉਹ "ਥਰ-ਥਰ" ਕੰਬੀ ਜਾ ਰਿਹਾ ਸੀ।

-"ਮੇਰਾ ਕਸੂਰ ਕਿਆ ਹਾਈਗਾ ਹੈ, ਸਾਅਬ..?" ਉਸ ਦੇ ਜੋੜੇ ਹੱਥ ਕੰਬੀ ਜਾ ਰਹੇ ਸਨ।

-"ਧਹੱਮਲ ਰੱਖ, ਓਹ ਵੀ ਦੱਸਦੇ ਐਂ, ਅਜੇ ਤਾਂ ਸੇਰ 'ਚੋਂ ਪੂਣੀਂ ਨੀ ਕੱਤੀ, ਤੂੰ ਪਹਿਲਾਂ ਈ ਬਿਲਕਣ ਲੱਗ ਪਿਐਂ...!" ਭੱਈਏ ਦੇ ਸਿਰ ਵਿਚ ਡੰਡੇ ਵਰ੍ਹਨ ਲੱਗ ਪਏ। ਡੰਡਿਆਂ ਦੀ ਬੁਛਾੜ ਵਿਚ ਭੱਈਆ ਚੀਕ ਨਹੀਂ, ਮਿਆਂਕ ਰਿਹਾ ਸੀ। ਇੱਕ ਪਾਸੇ ਹਨ੍ਹੇਰੇ ਕਮਰੇ ਵਿਚ ਜੈਲਦਾਰ ਸੱਜਣ ਸਿੰਘ ਬੈਠਾ ਸਾਰਾ ਕੁਛ ਦੇਖ ਰਿਹਾ ਸੀ। ਉਸ ਦੇ ਸਾਹਮਣੇ ਪਈ ਬੋਤਲ ਬਾਰੂਦ ਬਣਦੀ ਜਾ ਰਹੀ ਸੀ। ਕਤਲ ਦਾ ਕੇਸ ਪੁਲੀਸ ਨੇ ਖੁੱਦੋ ਵਾਂਗੂੰ "ਮੜ੍ਹ" ਦਿੱਤਾ ਸੀ। ਸੰਤੋਖ ਦਾ ਇਕਬਾਲੀਆ ਬਿਆਨ ਨਾਲ਼ ਨੱਥੀ ਕਰ ਦਿੱਤਾ ਗਿਆ।

-"ਅਖੇ ਕੋਹ ਨਾ ਚੱਲੀ, ਬਾਬਾ ਤਿਹਾਈ..!" ਸਿਪਾਹੀਆਂ ਦੇ ਪਹਿਲੇ ਹੱਲੇ ਨੇ ਹੀ ਭੱਈਏ ਦੀ "ਭਿਆਂ" ਕਰਵਾ ਦਿੱਤੀ ਸੀ।

ਉਸ ਦੀਆਂ ਉਂਗਲ਼ਾਂ ਅਤੇ ਹੱਥ ਸੁੱਜ ਕੇ ਪਾਥੀ ਬਣ ਗਏ ਸਨ।

-"ਅਰ੍ਹੇ ਸਰਕਾਰ, ਮੇਰਾ ਕਸੂਰ ਤੋ ਬਤਲਾਈ ਦੋ..!" ਉਹ ਸੁੱਜੇ ਹੱਥ ਜੋੜੀ ਬੈਠਾ ਬਿਲਕ ਰਿਹਾ ਸੀ।

-"ਸਰਪੈਂਚ ਦੇ ਮੁੰਡੇ ਦਾ ਕਤਲ ਕੀਹਨੇ ਕੀਤੈ..?"

-"ਜੈਲਦਾਰ ਸੱਜਨ ਸਿੰਘ ਕੇ ਲੜਕੇ ਸਿੱਕੀ ਨੇ ਕੀਆ ਹੈ ਜੀ, ਸਰਕਾਰ..! ਮੈਨੇ ਅਪੁਨੀ ਇਨ ਆਂਖੋਂ ਸੇ ਦੇਖਾ ਹੈ..! ਆਪ ਮੁਝੇ ਪੀਟ ਕਿਉਂ ਰਹੇ ਹੋ..? ਕੋਈ ਬਾਤ ਤੋ ਬਤਲਾਓ..!"

ਡੰਡੇ ਫ਼ੇਰ ਵਰ੍ਹ ਪਏ।

ਸਾਉਣ ਮਹੀਨੇ ਗੜੇ ਪੈਣ ਵਾਂਗ ਆਵਾਜਾਂ ਆਈਆਂ।

-"ਅਰ੍ਹੇ ਮੁਆਫ਼ ਕਰੋ ਸਰਕਾਰ..! ਮੁਆਫ਼ ਕਰੋ...!" ਕੁੱਟ ਖਾਂਦਾ ਭੱਈਆ ਦੁਹਾਈਆਂ ਦੇ ਰਿਹਾ ਸੀ।

-"ਹੁਣ ਬੋਲ...?" ਠਾਣੇਦਾਰ ਦਾ ਡੰਡਾ ਉਸ ਦੇ ਸਿਰ 'ਤੇ ਘੁਕ ਰਿਹਾ ਸੀ।

-"ਆਪ ਹੀ ਬਤਾਏਂ ਕਿਆ ਬੋਲੂੰ..! ਆਪ ਤੋ ਬੋਲਨੇ ਪਰ ਮਾਰਨੇ ਲਗ ਜਾਤੇ ਹੈਂ..!" ਉਸ ਨੂੰ ਪਤਾ ਸੀ ਕਿ ਜੇ ਹੁਣ ਕੁਛ ਬੋਲਿਆ ਤਾਂ ਡੰਡੇ ਫ਼ੇਰ ਸ਼ੁਰੂ ਹੋਣਗੇ।

-"ਤੂੰ ਕਹਿਨੈਂ ਕਿ ਗਿੱਕ ਦਾ ਕਤਲ ਜੈਲਦਾਰ ਦੇ ਸੀਰੀ ਸੰਤੋਖ ਨੇ ਕੀਤੈ, ਗੋਲ਼ੀ ਮਾਰਦੇ ਸੰਤੋਖ ਨੂੰ ਤੂੰ ਆਪ ਅੱਖੀਂ ਦੇਖਿਐ, ਗਿੱਕ ਠੇਕੇ ਤੋਂ ਬੋਤਲ ਲੈਣ ਆਇਆ ਸੀ, ਤੇ ਓਥੇ ਹੀ ਸੰਤੋਖ ਆ ਗਿਆ, ਇਨ੍ਹਾਂ ਦੀ ਆਪਸ ਵਿਚ ਤਕਰਾਰ ਤੇ ਫ਼ੇਰ ਗਾਲ਼ੀ ਗਲ਼ੋਚ ਵੀ ਹੋਇਆ, ਤੇ ਗੁੱਸੇ ਵਿਚ ਆ ਕੇ ਸੰਤੋਖ ਨੇ ਗਿੱਕ ਨੂੰ ਗੋਲ਼ੀ ਮਾਰ ਦਿੱਤੀ..! ਗੋਲ਼ੀ ਮਾਰ ਕੇ ਸੰਤੋਖ ਨੇ ਮਰੇ ਗਿੱਕ ਦੇ ਦੋ-ਚਾਰ ਠੁੱਡ ਵੀ ਮਾਰੇ ਤੇ ਬੱਕਰੇ ਵੀ ਬੁਲਾਏ, ਠੁੱਡ ਮਾਰਦੇ ਨੇ ਗੰਦੀਆਂ ਗਾਲ਼ਾਂ ਵੀ ਕੱਢੀਆਂ, ਸੁਣ ਗਿਆ..?" ਬਿਆਨ ਸੁਣ-ਸੁਣ ਕੇ ਭੱਈਏ ਦੇ ਦੰਦ ਜੁੜਦੇ ਜਾ ਰਹੇ ਸਨ।

-"ਸੁਣ ਗਿਆ..?" ਠਾਣੇਦਾਰ ਨੇ ਡੰਡਾ ਉਘਰਿਆ।

-"ਸੁਨ ਗਿਆ ਜਨਾਬ..! ਅੱਛੀ ਤਰ੍ਹਾਂ ਸੁਨ ਗਿਆ..!" ਭੱਈਆ ਬੋਲਿਆ। ਪਰ ਉਸ ਦਾ ਮਨ ਕੀਰਨੇਂ ਪਾਈ ਜਾ ਰਿਹਾ ਸੀ।

-"ਸਮਝ ਵੀ ਗਿਆ..?" ਮੁਣਸ਼ੀ ਬੋਲਿਆ।

-"ਹਾਂ ਜੀ, ਸਮਝ ਭੀ ਗਯਾ..!" ਭੱਈਏ ਦਾ ਦਿਲ ਡੁੱਬਕੀਆਂ ਲਾਉਣ ਲੱਗ ਪਿਆ।

-"ਇੱਧਰ ਦਸਤਖ਼ਤ ਕਰੋ..!"

-"ਦਸਤਖ਼ਤ ਨਹੀਂ ਆਤੇ ਸਰਕਾਰ..!"

-"ਚੱਲ ਦਸਤਖ਼ਤ ਤੈਨੂੰ ਮੁਆਫ਼, 'ਗੂਠਾ ਲਾ ਦੇ..! ਇੱਕੋ ਈ ਗੱਲ ਐ..!" ਮੁਣਸ਼ੀ ਨੇ ਮੁਸ਼ਕੜੀਏਂ ਹੱਸਦਿਆਂ ਕਿਹਾ।

ਪੈਡ 'ਤੇ ਅੰਗੂਠਾ ਘਸਾ ਕੇ ਮੁਣਸ਼ੀ ਨੇ ਲੋੜੀਂਦੇ ਕਾਗਜ਼ਾਂ 'ਤੇ ਛਾਪ ਲਿਆ।

-"ਕੱਲ੍ਹ ਆਪ ਕੋ ਅਦਾਲਤ ਪੇਸ਼ ਕਰੇਂਗੇ..! ਆਪਣੇ ਬਿਆਨ ਯਾਦ ਕਰੋ..! ਔਰ ਸੁਣ..!! ਜੇ ਇੱਕ ਵੀ ਬਿਆਨ ਜੱਜ ਸਾਹਮਣੇ ਬਦਲਿਆ, ਤੇਰੀ ਕੜਾਹੀ 'ਚ ਮਸੱਦ ਫ਼ੇਰ ਦਿਆਂਗੇ, ਫ਼ੇਰ ਨਾ ਕਹੀਂ ਬਈ ਦੱਸਿਆ ਨੀ, ਸਮਝਿਆ..?"

ਕਸੂਤੇ ਫ਼ਸੇ ਭੱਈਏ ਨੇ ਸਹਿਮਤੀ ਵਿਚ ਸਿਰ ਹਿਲਾਇਆ।

ਨਿਸ਼ਾ ਕਰ ਕੇ ਠਾਣੇਦਾਰ ਅਤੇ ਮੁਣਸ਼ੀ ਦਫ਼ਤਰ ਵਿਚ ਆ ਗਏ।

-"ਲੈ...! ਜੜ'ਤੇ ਕੋਕੇ..!" ਉਸ ਨੇ ਦਸਤਾਵੇਜ਼ ਜੈਲਦਾਰ ਸੱਜਣ ਸਿੰਘ ਨੂੰ ਦਿਖਾਏ।

-"ਖ਼ੁਸ਼ ਐਂ ਜੈਲਦਾਰਾ..? ਤੇਰੀ ਖਾਤਰ ਬੇਦੋਸ਼ੇ ਵੀ ਕੁੱਟ ਧਰੇ..!"

-"ਪੂਰਾ...! ਬਾਗੋਬਾਗ...!! ਮੇਰੇ ਲਈ ਹੁਕਮ ਕਰ..!"

-"ਕਾਹਨੂੰ ਬੇਸ਼ਰਮੀ ਦਿੰਨੈਂ..? ਤੇਰਾ ਮੇਰਾ ਕੁਛ ਵੰਡਿਐ..?"

-"ਮੂੰਹੋਂ ਤਾਂ ਬੋਲ..? ਜੇ ਨਾ ਪੂਰਾ ਕਰਾਂ, ਮੂੰਹ 'ਤੇ ਥੁੱਕ ਦੇਈਂ..!"

-"ਤੇਰਾ ਮੁੰਡਾ ਕਤਲ ਦੇ ਕੇਸ 'ਚੋਂ ਵਾਲ਼ ਵਾਂਗੂੰ ਕੱਢ'ਤਾ ਜੈਲਦਾਰਾ..! ਹੱਕ ਤਾਂ ਸਾਡਾ ਬਣਦਾ ਈ ਐ..?" ਠਾਣੇਦਾਰ ਦੀ ਜਗਾਹ ਮੁਣਸ਼ੀ ਨੇ ਅੱਗਾ ਵਲ਼ਿਆ।

-"ਤੇ ਮੈਂ ਦੱਸ ਕਦੋਂ ਭੱਜਿਐਂ..? ਬਿਗਾਨਿਆਂ ਆਲ਼ੀਆਂ ਗੱਲਾਂ ਕਾਹਤੋਂ ਕਰਦੇ ਐਂ..? ਮੂੰਹੋਂ ਤਾਂ ਫ਼ੁੱਟ ਸੋਹਣਿਆਂ..!"

-"ਐਨਾਂ ਤੇਰਾ ਸਾਥ ਦਿੱਤੈ, ਸਾਨੂੰ ਦੋਨਾਂ ਨੂੰ ਲੱਖ ਕੁ ਤਾਂ ਬਣਦਾ ਈ ਐ..! ਪੰਜਾਹ-ਪੰਜਾਹ ਕਰਲਾਂਗੇ..!" ਮੁਣਸ਼ੀ ਨੇ ਸਿੱਧੀ ਸੁਣਾਈ ਕੀਤੀ।

-"ਜੇ ਅਸੀਂ ਹੱਥ ਪੱਲਾ ਨਾ ਹਿਲਾਉਂਦੇ, ਅੰਨ੍ਹੀਂ ਰਕਮ ਤਾਂ ਤਰੀਕਾਂ ਭੁਗਤਣ 'ਤੇ ਈ ਲੱਗ ਜਾਂਦੀ, ਖ਼ੁਆਰ ਵਾਧੂ ਦਾ ਹੁੰਦਾ, ਦਿਮਾਗੀ 'ਟੈਨਸ਼ਨ' ਤੇ ਵਕੀਲਾਂ ਦੀਆਂ ਫ਼ੀਸਾਂ ਵੱਖ..! ਤੇਰਾ ਤਾਂ ਚੌਲ਼ਾਂ ਨਾਲ਼ ਈ ਸਰ ਗਿਆ ਜੈਲਦਾਰਾ..! ਨਹੀਂ ਵਕੀਲਾਂ ਦੇ ਮੂੰਹ ਕੰਨਾਂ ਤੱਕ ਪਾਟੇ ਵੇ ਐ, ਤੈਥੋਂ ਕੀ ਲੁਕਿਐ..? ਸਾਰਾ ਭੇਤ ਐ ਤੈਨੂੰ, ਘਾਟ-ਘਾਟ ਦਾ ਪਾਣੀ ਪੀਤੈ, ਦਿੱਲੀ ਦੱਖਣ ਗਾਹਿਆ ਵਿਐ..!" ਹੁਣ ਠਾਣੇਦਾਰ ਨੇ ਬਾਜ਼ੀ ਆਪਣੇ ਹੱਥ ਲਈ।

-"ਆਹ ਚੱਕ ਪੂਰਾ ਬੀਹ..! ਬਾਕੀ ਅਦਾਲਤ ਦੀ ਕਾਰਵਾਈ ਵੇਲ਼ੇ ਦੇ ਦਿਊਂਗਾ..! ਠੀਕ ਐਂ..?"

ਮੁਣਸ਼ੀ ਨੇ ਲੰਮੀ ਬਾਂਹ ਕਰ ਕੇ ਦਸ-ਦਸ ਹਜ਼ਾਰ ਦੀਆਂ ਦੋ ਗੁੱਟੀਆਂ ਫ਼ੜ ਲਈਆਂ।

-"ਬਾਹਰ ਮੁੰਡਿਆਂ ਨੂੰ ਵੀ ਚਾਹ ਪਾਣੀ ਦੇ 'ਦੀਂ..!"

-"ਐਸੇ 'ਚੋਂ ਈ ਦੇ ਦਿਓ, ਹੋਰ ਤਾਂ ਮੇਰੇ ਕੋਲ਼ੇ ਅੱਜ ਹੈਨ੍ਹੀ..!"

-"ਬੱਸ...? ਯਾਰੀ ਲਾਉਣੀ ਹਾਥੀਆਂ ਨਾਲ਼, ਤੇ ਬਾਰ ਰੱਖਣੇਂ ਭੀੜੇ..?"

-"ਜੰਗਲੀ ਬੋਤਿਆਂ ਦੀ ਬੁੱਕਾਂ ਨਾਲ਼ ਪਿਆਸ ਨੀ ਬੁਝਦੀ..!"

-"ਕਤਲ ਦੇ ਕੇਸ 'ਚੋਂ ਤੇਰਾ ਮੁੰਡਾ ਕੱਢਿਐ, ਹੌਲੀ ਜੇਬ ਨਾਲ਼ ਨਾ ਆਇਆ ਕਰ, ਜੇਬ ਤਾਂ ਭਾਰੀ ਰੱਖਿਆ ਕਰ..! ਟਿੱਡੀਆਂ ਬੁਸ਼ਕਰਨ ਨਾਲ਼ ਕੁਛ ਨੀ ਬਣਨਾ, ਸਰਪੈਂਚ ਦੇ ਬੰਦੇ ਠਾਣੇਂ 'ਚ ਗੇੜਾ ਬੰਨ੍ਹੀਂ ਫ਼ਿਰਦੇ ਐ, ਅਸੀਂ ਦੇਹਲ਼ੀ ਨੀ ਚੜ੍ਹਨ ਦਿੱਤੇ..!" ਠਾਣੇਦਾਰ ਨੇ ਠੁਣਾਂ ਸਿੱਧਾ ਜੈਲਦਾਰ ਸਿਰ ਭੰਨਿਆਂ।

-"ਕੱਲ੍ਹ ਨੂੰ ਦੇ ਜਾਊਂਗਾ ਯਾਰ..! 'ਤਬਾਰ ਵੀ ਕਰੋ..!"

-"ਚੰਗਾ ਹੁਣ ਜਾਹ, ਰਾਮ ਕਰ, ਤੇ ਸਾਨੂੰ ਵੀ ਕਰਨ ਦੇਹ..!"

ਜੈਲਦਾਰ ਬੋਤਲ 'ਚੋਂ ਆਖਰੀ ਪੈੱਗ ਲਾ ਕੇ ਬਾਹਰ ਆ ਗਿਆ।

ਅਗਲੇ ਦਿਨ ਤਮਾਮ ਬਿਆਨ ਕਲਮਬੱਧ ਕਰ ਕੇ ਠਾਣੇਦਾਰ ਨੇ ਦੋਸ਼ੀ ਅਤੇ ਗਵਾਹ ਇਲਾਕਾ ਮਜਿਸਟ੍ਰੇਟ ਦੇ ਪੇਸ਼ ਕਰ ਦਿੱਤੇ। ਸੰਤੋਖ ਨੂੰ ਜੱਜ ਨੇ ਜੇਲ੍ਹ ਭੇਜ ਦਿੱਤਾ।

ਭੱਈਏ ਨੂੰ ਫ਼ਾਰਗ ਕਰ ਦਿੱਤਾ।

ਖਹਿੜਾ ਛੁੱਟਣ ਸਾਰ ਭੱਈਆ ਠੇਕੇਦਾਰ ਕੋਲ਼ ਨਹੀਂ, ਬਿਨਾ ਦੱਸੇ ਆਪਣੇ ਸੂਬੇ ਬਿਹਾਰ ਨੂੰ ਰੇਲ ਚੜ੍ਹ ਗਿਆ। ਉਸ ਦੇ ਸਾਹਮਣੇ ਇੱਕ ਨਿਰਦੋਸ਼ ਬੰਦਾ ਕਤਲ ਦੇ ਕੇਸ ਵਿਚ "ਨਰੜ" ਧਰਿਆ ਸੀ। ਪਰ ਉਹ ਕੁੱਟ ਖਾਣ ਅਤੇ ਪਛਤਾਵਾ ਕਰਨ ਤੋਂ ਇਲਾਵਾ ਕੁਛ ਕਰ ਨਹੀਂ ਸਕਿਆ ਸੀ। ਉਸ ਨੂੰ ਪੁਲੀਸ 'ਤੇ ਰਹਿ-ਰਹਿ ਕੇ ਗੁੱਸਾ ਆ ਰਿਹਾ ਸੀ। ਰੇਲ ਗੱਡੀ 'ਚ ਬੈਠਾ ਭੱਈਆ ਪਤਾ ਨਹੀਂ ਕਿੰਨੀ ਕੁ ਵਾਰ ਰੋਇਆ ਸੀ। ਉਸ ਦੀ ਜਾਗਦੀ ਜ਼ਮੀਰ ਉਸ ਦੇ ਅੰਦਰੋਂ ਹੁੱਝਾਂ ਮਾਰ ਰਹੀ ਸੀ। ਘੋਰ ਤਸ਼ੱਦਦ ਸਾਹਮਣੇ ਉਸ ਦੀ ਕੋਈ ਪੇਸ਼ ਨਹੀਂ ਗਈ ਸੀ। ਨਹੀਂ ਤਾਂ ਉਹ ਕਿਸੇ ਵੀ ਨਿਰਦੋਸ਼ 'ਤੇ ਝੂਠੀ ਗਵਾਹੀ ਨਾ ਦਿੰਦਾ। ਭੱਈਏ ਦਾ ਦਿਲ ਕੀਰਨੇਂ ਪਾਈ ਜਾ ਰਿਹਾ ਸੀ।

ਸੰਤੋਖ ਨੂੰ ਪਹਿਲਾਂ ਮੋਗਾ 'ਲੌਕ-ਅੱਪ' ਅਤੇ ਫ਼ਿਰ ਫ਼ਿਰੋਜ਼ਪੁਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ।

ਉਹ ਘੋਰ ਹੈਰਾਨ ਸੀ ਕਿ ਜੈਲਦਾਰ ਸੱਜਣ ਸਿੰਘ ਨੇ ਉਸ ਦੀ ਮੁਲਾਕਾਤ ਤੱਕ ਨਹੀਂ ਕੀਤੀ ਸੀ। ਨਾ ਹੀ ਉਹ ਪੇਸ਼ੀ ਮੌਕੇ ਅਦਾਲਤ ਵਿਚ ਹਾਜ਼ਰ ਹੋਇਆ ਸੀ। ਜਿਸ ਦੇ ਮੂੰਹ ਨੂੰ ਉਸ ਨੇ ਐਡਾ ਵੱਡਾ ਸੰਤਾਪ ਸਹੇੜਿਆ ਸੀ, ਉਸ ਨੇ ਉਸ ਦੀ ਬਾਤ ਤੱਕ ਨਹੀਂ ਪੁੱਛੀ ਸੀ। ਇਸ ਦਾ ਸੰਤੋਖ ਨੂੰ ਬਹੁਤ ਰੰਜ ਸੀ। ਵੱਡਾ ਫ਼ਿਕਰ ਉਸ ਨੂੰ ਆਪਣੀ ਘਰਵਾਲ਼ੀ ਜਸਮੇਲ ਕੌਰ ਦਾ ਸੀ। ਉਸ ਦਾ ਫ਼ਿਕਰ ਸੰਤੋਖ ਨੂੰ ਅੰਦਰੇ ਅੰਦਰ ਘੁਣ ਵਾਂਗ ਖਾਂਦਾ ਰਹਿੰਦਾ। ਕੀ ਕਰਦੀ ਹੋਊਗੀ ਇਕੱਲੀ ਵਿਚਾਰੀ..? ਪਤਾ ਨਹੀਂ ਜੈਲਦਾਰ ਨੇ ਉਹਨੂੰ ਕੋਈ ਪੈਸਾ ਦਿੱਤਾ ਵੀ ਹੋਊਗਾ, ਕਿ ਨਹੀਂ..? ਉਹ ਤਾਂ ਵਿਚਾਰੀ ਅਜੇ ਪਿੰਡ ਵਿਚ ਵੀ ਕਿਸੇ ਨੂੰ ਨਹੀਂ ਜਾਣਦੀ। ਜੇ ਜੈਲਦਾਰ ਨੇ ਉਹਨੂੰ ਕੁਆਂਟਲ਼ ਕਣਕ ਦੇ ਦਿੱਤੀ ਹੋਊ, ਫ਼ੇਰ ਤਾਂ ਕੋਈ ਪ੍ਰਵਾਹ ਨਹੀਂ, ਨਹੀਂ ਤਾਂ ਵਿਚਾਰੀ ਦਾ ਜਿਉਣਾ ਮੁਸ਼ਕਿਲ ਹੋ ਗਿਆ ਹੋਊਗਾ..! ਜੈਲਦਾਰਨੀ ਤਾਂ ਕਹਿੰਦੀ ਸੀ ਕਿ ਵੀਹ ਹਜ਼ਾਰ ਰੁਪਈਆ ਜਸਮੇਲ ਕੌਰ ਨੂੰ ਅਗਲੀ ਸਵੇਰ ਹੀ ਦੇ ਦਿਊਗੀ..? ਜੈਲਦਾਰ ਹਜ਼ਾਰ ਰੁਪਈਆ ਮਹੀਨਾਂ ਵੀ ਦੇਣ ਨੂੰ ਕਹਿੰਦਾ ਸੀ..! ਪਰ ਕੀ ਪਤਾ, ਦਿੱਤਾ ਵੀ ਐ ਕਿ ਨਹੀਂ..? ਜੈਲਦਾਰ ਮੇਰੀ ਪੇਸ਼ੀ 'ਤੇ ਅਦਾਲਤ ਤਾਂ ਪਹੁੰਚਿਆ ਨੀ, ਪੈਸੇ ਉਹਨੂੰ ਕਿੱਥੋਂ ਦਿੱਤੇ ਹੋਣਗੇ..? ਪਰ ਅਦਾਲਤ ਤਾਂ ਸ਼ਾਇਦ ਅਗਲਾ ਡਰਦਾ ਹੀ ਨੀ ਪਹੁੰਚਿਆ ਹੋਣਾਂ..? ਬਈ ਕਿਤੇ ਗੱਲ ਪੁੱਠੀ ਨਾ ਪੈ ਜਾਵੇ..! ਵਿਰੋਧੀ ਧਿਰ ਕਿਹੜਾ ਘੱਟ ਐ...? ਅਗਲੇ ਵੀ ਵੈਰ ਲੈਣ ਨੂੰ ਮੁੱਠੀਆਂ 'ਚ ਥੁੱਕੀ ਫ਼ਿਰਦੇ ਐ...! ਜੈਲਦਾਰ ਮੇਰੇ ਨਾਲ਼ ਕਦੇ ਵੀ ਧੋਖਾ ਨਹੀਂ ਕਰਦਾ..! ਪਿੰਡ ਦਾ ਬੰਦੈ, ਮੂੰਹ-ਮੁਲ੍ਹਾਹਜਾ ਵੀ ਕੋਈ ਮਾਹਨਾ ਰੱਖਦੈ..! ਜੈਲਦਾਰ ਨੇ ਵੀ ਪਿੰਡ ਵਿਚ ਵਿਚਰਨੈਂ..! ਉਹ ਸੋਚਾਂ ਦੀ ਘੋੜ-ਦੌੜ ਵਿਚ ਉਲ਼ਝਿਆ ਹੋਇਆ ਸੀ।

ਪੂਰਾ ਮਹੀਨਾਂ ਲੰਘ ਗਿਆ।

ਸੰਤੋਖ ਦੀ ਮੁਲਾਕਾਤ ਲਈ ਵੀ ਕੋਈ ਨਹੀਂ ਪਹੁੰਚਿਆ ਸੀ।

ਉਹ ਹੈਰਾਨ ਸੀ ਕਿ ਜੈਲਦਾਰ ਸੱਜਣ ਸਿੰਘ ਨੇ ਵੀ ਬੱਤੀ ਨਹੀਂ ਵਾਹੀ ਸੀ। ਬਾਤ ਤਾਂ ਕੀ ਪੁੱਛਣੀ ਸੀ, ਰੜਕਿਆ ਤੱਕ ਨਹੀਂ ਸੀ। ਜਦ ਮੁਲਾਕਾਤ ਦਾ ਵਕਤ ਹੁੰਦਾ, ਅਵਾਜ਼ਾਂ ਪੈਂਦੀਆਂ ਤਾਂ ਸੰਤੋਖ ਪੈਣ ਵਾਲ਼ੀ ਅਵਾਜ਼ ਲਈ ਕੰਨ ਖੜ੍ਹੇ ਰੱਖਦਾ। ਪਰ ਜਦ ਮੁਲਾਕਾਤ ਦਾ ਵਕਤ ਖ਼ਤਮ ਹੋ ਜਾਂਦਾ ਤਾਂ ਉਹ ਹਰਾਸ ਮਾਰਿਆਂ ਵਾਂਗ ਧੜ੍ਹੰਮ ਕਰ ਕੇ ਡਿੱਗਦਾ ਅਤੇ ਕੀੜਿਆਂ ਵਾਲ਼ੇ ਕੁੱਤੇ ਵਾਂਗ ਪਿਆ ਸੋਚਦਾ ਰਹਿੰਦਾ।

ਉਸ ਦੀ ਨਿਰਾਸ਼ਾ ਦਿਨੋਂ-ਦਿਨ ਵਧ ਰਹੀ ਸੀ ਅਤੇ ਜਸਮੇਲ ਕੌਰ ਦਾ ਫ਼ਿਕਰ ਉਸ ਨੂੰ ਤੋੜ-ਤੋੜ ਖਾਂਦਾ ਰਹਿੰਦਾ। ਜੇ ਜਸਮੇਲ ਕੌਰ ਨੂੰ ਮੈਂ ਦਗਾ ਹੀ ਦੇਣਾਂ ਸੀ, ਤਾਂ ਵਿਚਾਰੀ ਨਾਲ਼ ਵਿਆਹ ਕਾਹਨੂੰ ਕਰਵਾਉਣਾਂ ਸੀ..? ਕੀ ਸੁਖ ਦੇਖਿਐ ਜਸਮੇਲ ਕੁਰ ਨੇ ਹੁਣ ਤੱਕ ਮੇਰਾ..? ਉਹ ਸੈੱਲ ਵਿਚ ਬੈਠਾ ਘੁਲਾੜੀ ਵਿਚ ਪੀੜਿਆ ਜਾ ਰਿਹਾ ਸੀ।

ਪੂਰੇ ਦੋ ਮਹੀਨੇ ਬੀਤਣ ਬਾਅਦ ਉਸ ਨੂੰ ਮੁਲਾਕਾਤ ਲਈ ਆਵਾਜ਼ ਪਈ।

ਉਸ ਦੇ ਧਰਤੀ ਪੈਰ ਨਹੀਂ ਲੱਗਦੇ ਸਨ। ਕੌਣ ਆਇਆ ਹੋਇਆ..? ਜਸਮੇਲ ਕੌਰ..? ਜਾਂ ਫ਼ੇਰ ਜੈਲਦਾਰ..? ਜਾਂ ਜੈਲਦਾਰ ਦਾ ਵੱਡਾ ਮੁੰਡਾ ਟਿੱਕੀ..? ਜਾਂ ਛੋਟਾ ਸਿੱਕੀ..? ਫ਼ੇਰ ਵੀ ਮੈਂ ਉਨ੍ਹਾਂ ਲਈ ਕਿੱਡਾ ਕਦਮ ਚੁੱਕਿਐ, ਆਉਣ ਦਾ ਫ਼ਰਜ਼ ਤਾਂ ਬਣਦਾ ਈ ਸੀ..! ਦੋ ਮਹੀਨੇ ਡਰਦੇ ਨਹੀਂ ਆਏ ਹੋਣੇ, ਬਈ ਗੱਲ ਠੰਢੀ ਪੈ ਲੈਣ ਦਿਓ, ਫ਼ੇਰ ਜਾਵਾਂਗੇ..!

ਜਦ ਉਹ ਮੁਲਾਕਾਤ ਵਾਸਤੇ ਅਹਾਤੇ ਵਿਚ ਪਹੁੰਚਿਆ ਤਾਂ ਅੱਗੇ ਜਸਮੇਲ ਕੌਰ ਬੈਠੀ ਸੀ।

ਉਸ ਦਾ ਚਿਹਰਾ ਫ਼ੁੱਲ ਵਾਂਗ ਕੁਮਲਾਇਆ ਹੋਇਆ ਸੀ।

ਜਸਮੇਲ ਕੌਰ ਨੂੰ ਦੇਖ ਕੇ ਸੰਤੋਖ ਖਿੜ ਗਿਆ।

-"ਓਹ ਬੱਲੇ...! ਸਾਸਰੀਕਾਲ ਲਾਣੇਦਾਰਨੀਏਂ...!"

-"ਸਾਸਰੀਕਾਲ..!" ਜਸਮੇਲ ਕੌਰ ਬਿਮਾਰਾਂ ਵਾਂਗ ਬੋਲੀ। ਉਸ ਅੰਦਰ ਕੋਈ ਉਤਸ਼ਾਹ ਨਹੀਂ ਸੀ। ਉਹ ਅੰਤਾਂ ਦੀ ਉਦਾਸ ਸੀ।

-"ਐਨੀਂ ਓਦਰੀ ਕਾਹਤੋਂ ਐਂ..? ਯਾਰ ਹੋਣਗੇ ਮਿਲਣਗੇ ਆਪੇ, ਚਿੱਤ ਨੂੰ ਟਿਕਾਣੇਂ ਰੱਖੀਏ..!"

-"...........।" ਜਸਮੇਲ ਕੌਰ ਕੁਝ ਨਾ ਬੋਲੀ। ਸਿਲ਼ ਪੱਥਰ ਬਣੀ ਬੈਠੀ ਰਹੀ।

-"ਤੂੰ ਦੇਖ ਮੈਂ ਅਗਲੀ ਪੇਸ਼ੀ 'ਤੇ ਹੀ ਬਾਹਰ ਆਇਆ..! ਫ਼ਿਕਰ ਕਾਹਦਾ ਕਰਦੀ ਐਂ..? ਵਹਿਮ ਨਾ ਕਰ..! ਜੈਲਦਾਰ ਨੇ ਦਿੱਲੀ ਦੱਖਣ ਤੋਂ ਬੰਦੇ ਢੋਹ ਦੇਣੇ ਐਂ..! ਪੈਸਾ ਪਾਣੀ ਮਾਂਗੂੰ ਵਹਾ ਦੇਣੈ, ਮੇਰੇ ਤਾਂ ਰੱਸੇ ਲਹੇ ਲੈ..!" ਸੰਤੋਖ ਉਸ ਨੂੰ ਧਰਵਾਸ ਦੇਣ ਦੇ ਰੌਂਅ 'ਚ ਬੋਲਿਆ, "ਤੂੰ ਬੁੱਲ੍ਹ ਜੇ ਕਾਹਨੂੰ ਸਿੱਟੀ ਬੈਠੀ ਐਂ..? ਹੈ ਕਮਲੀ..! ਭੀੜ੍ਹਾਂ ਸੰਘੀੜ੍ਹਾਂ ਬੰਦਿਆਂ 'ਤੇ ਈ ਪੈਂਦੀਐਂ..! ਤੂੰ ਕੋਈ ਗੱਲ ਬਾਤ ਸੁਣਾ, ਕਿ ਦਰਸ਼ਣ ਦੇ ਕੇ ਈ ਮੁੜ ਜਾਣੈਂ...?" ਸੰਤੋਖ ਨੇ ਉਸ ਨੂੰ ਛੇੜਿਆ।

-"ਹੁਣ ਤੂੰ ਇਉਂ ਕਰੀਂ...! ਅੰਦਰੇ ਈ ਕੁਛ ਖਾ ਕੇ ਮਰਜੀਂ...!" ਜਸਮੇਲ ਕੌਰ ਦੇ ਮੂੰਹ 'ਚੋਂ ਜਿਵੇਂ ਬੋਲ ਨਹੀਂ, ਲਾਟ ਨਿਕਲ਼ੀ ਸੀ।

-"...............।" ਸੰਤੋਖ ਸੁਣ ਕੇ ਸੁੰਨ ਹੋ ਗਿਆ।

ਉਸ ਨੇ ਜਸਮੇਲ ਕੌਰ ਉਚੀ ਬੋਲਦੀ ਨਹੀਂ ਸੁਣੀ ਸੀ।

-"ਮੈਂ ਤਾਂ ਸਰਦਾਰਾ ਤੈਨੂੰ ਅੰਤਾਂ ਦਾ ਮੋਹ ਕਰਦੀ ਐਂ ਤੇ ਆਖਰੀ ਵਾਰੀ ਤੇਰਾ ਮੂੰਹ ਦੇਖਣ ਤੇ ਆਪਣਾ ਮੂੰਹ ਦਿਖਾਉਣ ਆਈ ਐਂ..! ਬੱਸ ਅੰਦਰੇ ਈ ਮਰਜੀਂ ਕੁਛ ਖਾ ਕੇ..!"

ਉਹ ਹੱਥਾਂ ਵਿਚ ਮੂੰਹ ਲੈ ਕੇ ਰੋਣ ਲੱਗ ਪਈ।

-"ਕੀ ਹੋ ਗਿਆ..? ਜੈਲਦਾਰ ਨੇ ਤੈਨੂੰ ਪੈਸੇ ਤੇ ਕਣਕ ਨ੍ਹੀ ਭੇਜੀ..?" ਸੰਤੋਖ ਦੇ ਤੌਰ ਬਦਲ ਗਏ।

-"ਤੂੰ ਗੋਲ਼ੀ ਮਾਰ ਕਣਕ ਨੂੰ, ਤੇ ਅੱਗ ਲੱਗਣ ਪੈਸੇ..! ਜਿਨ੍ਹਾਂ ਦੀ ਖਾਤਰ ਤੂੰ ਆਪਣੀ ਜਾਨ ਦਾਅ 'ਤੇ ਲਾਈ ਬੈਠੈਂ ਐਂ ਨ੍ਹਾਂ, ਤੇਰੇ ਓਸੇ ਔਂਤਾਂ ਦੇ ਸਿੱਕੀ ਨੇ ਤਾਂ ਮੈਨੂੰ ਖੇਤ ਗਈ ਨੂੰ ਘੇਰ ਕੇ ਮੂੰਹ ਕਾਲ਼ਾ ਕੀਤੈ..! ਤੇ ਫ਼ੇਰ ਓਸੇ ਰਾਤ ਈ ਤੇਰੇ ਹਮਾਇਤੀ ਜੈਲਦਾਰ ਨੇ ਮੈਨੂੰ ਘਰੇ ਆ ਢਾਹਿਆ..! ਹੁਣ ਬਾਹਰ ਆ ਕੇ ਲੋਕਾਂ ਨੂੰ ਕਿਹੜਾ ਮੂੰਹ ਦਿਖਾਵੇਂਗਾ..? ਆਬਦੇ ਪਰਨੇਂ ਨਾਲ਼ ਫ਼ਾਹਾ ਲੈ ਕੇ ਅੰਦਰੇ ਈ ਮਰਜੀਂ..! ਮੈਂ ਵੀ ਮਰੂੰਗੀ ਕੁਛ ਖਾ ਕੇ..!" ਤੇ ਜਸਮੇਲ ਕੌਰ ਉਠ ਕੇ ਤੁਰ ਚੱਲੀ।

ਸੰਤੋਖ ਦੇ ਦਿਮਾਗ ਵਿਚ ਬਿਜਲੀ ਕੜਕੀ ਜਾ ਰਹੀ ਸੀ।

ਬੱਦਲ਼ ਗਰਜੀ ਜਾ ਰਹੇ ਸਨ।

ਕਰੋਧ ਨਾਲ਼ ਉਸ ਦਾ ਸਾਰਾ ਸਰੀਰ ਸੜ ਉਠਿਆ ਸੀ।

-"ਜਸਮੇਲ ਕੁਰੇ..! ਗੱਲ ਸੁਣ...!!" ਉਸ ਨੇ ਡਿਊੜ੍ਹੀ ਕੋਲ਼ ਗਈ ਨੂੰ ਆਵਾਜ਼ ਮਾਰੀ।

-"ਜੇ ਰਾਈ ਜਿੰਨਾਂ ਵੀ ਪਿਆਰ ਕਰਦੀ ਐਂ ਤਾਂ ਇੱਕੋ ਗੱਲ ਸੁਣ ਜਾਹ..!" ਸੰਤੋਖ ਕੁਰਲਾਇਆ।

ਜਸਮੇਲ ਕੌਰ ਮੁੜ ਆਈ।

-"ਕੋਈ ਕਮਲ਼ ਨਾ ਮਾਰੀਂ..! ਜਾਨ ਧੋਖਾ ਨਾ ਕਰੀਂ, ਮੇਰੀ ਮਿੰਨਤ ਐ..! ਆਹ ਦੇਖ...!" ਉਸ ਨੇ ਹੱਥ ਜੋੜ ਕੇ ਦਿਖਾਏ, "ਬੱਸ ਮੂੰਹ ਬੰਦ ਰੱਖੀਂ, ਕਿਸੇ ਨੂੰ ਦੱਸੀਂ ਨਾ ਇਹ ਗੱਲ..! ਮੈਂ ਆਇਆ ਲੈ...! ਕੁਛ ਨਾ ਕਰੀਂ, ਚੁੱਪ ਰਹੀਂ..! ਇਨ੍ਹਾਂ ਦੇ ਫ਼ੰਭੇ ਉਡਦੇ ਤੂੰ ਅੱਖੀਂ ਦੇਖੀਂ..! ਬਚਨ ਦੇਹ ਮੈਨੂੰ, ਸਹੁੰ ਖਾ ਮੇਰੀ ਬਈ ਖਾ ਕੇ ਮਰਨ ਆਲ਼ੀ ਗੱਲ ਨਹੀਂ ਕਰੇਂਗੀ..! ਤੂੰ ਹਸ਼ਰ ਦੇਖੀਂ ਇਨ੍ਹਾਂ ਦਾ ਮੈਂ ਕੀ ਕਰਦੈਂ..! ਜੇ ਤੇਰਾ ਆਪਣੇ ਪਿੰਡ ਨਹੀਂ ਰਹਿਣ ਦਾ ਮਨ, ਤਾਂ ਬੇਬੇ ਕੋਲ਼ੇ ਪੇਕੀਂ ਜਾ ਕੇ ਰਹਿ'ਲਾ, ਠੀਕ ਐ...? ਤੈਨੂੰ ਮੇਰੀ ਸਹੁੰ ਜੇ ਕੋਈ ਮਾੜਾ ਕਦਮ ਚੱਕੇਂ..! ਖਾਅ ਸਹੁੰ...!!

-"................।" ਜਸਮੇਲ ਕੌਰ ਸਹਿਮਤੀ ਵਿਚ ਸਿਰ ਹਿਲਾਇਆ।

ਮੂੰਹ ਅੱਗੇ ਉਸ ਨੇ ਚੁੰਨੀ ਘੁੱਟ ਰੱਖੀ ਸੀ।

-"ਮੈਨੂੰ ਲੱਗਦੈ ਜੈਲਦਾਰ ਆਪਣੇ ਘਰ 'ਤੇ ਵੀ ਕਬਜ਼ਾ ਕਰੂਗਾ..!"

-"ਕਿਉਂ..? ਕੁਛ ਕਹਿੰਦਾ ਸੀ..?" ਉਸ ਦੇ ਦਿਮਾਗ ਅੰਦਰ ਇੱਕ ਹੋਰ ਭੜ੍ਹਾਕਾ ਚੱਲਿਆ।

-"ਨਹੀਂ..! ਮੈਨੂੰ ਉਨ੍ਹਾਂ ਦੇ ਚਾਲੇ ਵਿਗੜੇ ਲੱਗਦੇ ਐ..! ਆਪਣੇ ਘਰ ਮੂਹਰੇ ਖੜ੍ਹ ਕੇ ਸਕੂਲ ਖੋਲ੍ਹਣ ਦੀਆਂ ਸਕੀਮਾਂ ਜੀਆਂ ਕਰਦਾ ਸੀ, ਨਾਲ਼ ਇੱਕ ਹੋਰ ਸੀ ਲਗਾੜਾ ਜਿਆ..!"

-"ਕਰ ਲੈਣ ਦੇ ਹੁਣ ਜਿੰਨੇ ਵਾਰ ਕਰਦੇ ਐ, ਇੱਕੋ ਵਾਰ 'ਚ ਸਾਰਾ ਕੁਛ ਬਰਾਬਰ ਕਰ ਦਿਊਂਗਾ, ਤੂੰ ਅੱਖੀਂ ਦੇਖੇਂਗੀ, ਬੱਸ ਕੋਈ ਗਲਤ ਕਦਮ ਨੀ ਚੱਕਣਾਂ, ਠੀਕ ਐ..? ਤੈਨੂੰ ਮੇਰੀ ਸਹੁੰ..! ਚੰਗਾ...?"

-"..................!" ਉਸ ਨੇ ਮੁੜ ਸਿਰ ਹਿਲਾਇਆ।

-"ਮੇਰੇ ਆਉਣ ਦੀ ਉਡੀਕ ਕਰੀਂ ਬੱਸ..! ਬੇਬੇ ਕੋਲ਼ੇ ਪੇਕੀਂ ਚਲੀ ਜਾਹ..! ਜਿੱਦਣ ਬਾਹਰ ਆ ਗਿਆ, ਜੈਲਦਾਰ ਦਾ ਕਾਲ਼ ਬੋਲੂਗਾ..! ਬੱਸ ਚੁੱਪ ਈ ਰਹੀਂ, ਕਿਸੇ ਨੂੰ ਕੋਈ ਗੱਲ ਨੀ ਦੱਸਣੀ, ਅਗਲੇ ਕੰਨ ਚੱਕ ਕੇ ਸਾਵਧਾਨ ਹੋ ਜਾਂਦੇ ਐ..! ਆਪਾਂ ਉਨ੍ਹਾਂ ਨੂੰ ਅਵੇਸਲ਼ਾ ਕਰ ਕੇ ਰੱਖਣੈਂ, ਸਿਰ ਨੀ ਹੋਣ ਦੇਣਾਂ, ਨਹੀਂ ਜੱਟ ਸੁੱਕੀ ਦੇ ਪੱਤਣ ਨਿਕਲ਼ ਜਾਣਗੇ, ਸੁਣ ਗਿਆ..?"

ਜਸਮੇਲ ਕੌਰ ਸਹਿਮਤੀ ਭਰ ਬਾਹਰ ਆ ਗਈ।

ਸੰਤੋਖ ਨੂੰ ਦਿਲ ਦੀ ਗੱਲ ਦੱਸ ਕੇ ਉਹ ਹੌਲ਼ੀ ਫ਼ੁੱਲ ਹੋ ਗਈ ਸੀ। ਉਸ ਦੇ ਦਿਲ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਸੀ। ਸੰਤੋਖ ਦੇ ਪਿੰਡ ਜਾਣ ਦੀ ਬਜਾਏ ਉਹ ਆਪਣੇ ਪੇਕੀਂ ਚਲੀ ਗਈ। ਸੰਤੋਖ ਬਿਨਾਂ ਉਸ ਨੂੰ ਸੰਤੋਖ ਵਾਲ਼ਾ ਘਰ ਖਾਣ ਆਉਂਦਾ ਸੀ।

ਸੰਤੋਖ ਦਾ ਜਿਉਣਾ ਦੁੱਭਰ ਹੋ ਗਿਆ। ਜਿਨ੍ਹਾਂ ਦੀ ਖਾਤਰ ਉਸ ਨੇ ਆਪਣੀ ਜ਼ਿੰਦਗੀ ਖ਼ਤਰੇ 'ਚ ਪਾਈ ਸੀ, ਉਹ ਤਾਂ ਉਸ ਦੀ ਇੱਜ਼ਤ ਨੂੰ ਚਿੰਬੜ ਗਏ ਸਨ ਅਤੇ ਇੱਜ਼ਤ ਤਾਰ-ਤਾਰ ਕਰ ਮਾਰੀ ਸੀ।

ਉਹ ਪ੍ਰੇਸ਼ਾਨੀ ਨਾਲ਼ ਕੰਧ 'ਚ ਮੁੱਕੀਆਂ ਮਾਰੀ ਜਾ ਰਿਹਾ ਸੀ।

ਬੇਵੱਸੀ ਉਸ ਨੂੰ ਅੰਦਰੋਂ ਖੁਰਚੀ ਜਾ ਰਹੀ ਸੀ।

ਉਸ ਦੇ ਦੁੱਖ ਦਾ ਅੰਤ ਕੋਈ ਨਹੀਂ ਸੀ।

-"ਕੀ ਗੱਲ ਐ ਸਿੰਘਾ..? ਐਡੀ ਕੀ ਬਿਪਤਾ ਪੈ ਗਈ, ਜਿਹੜਾ ਆਪਦਾ ਆਪ ਭੰਨੀ ਤੋੜੀ ਜਾਨੈਂ..?" ਬਾਬਰ ਸਿੰਘ ਨੇ ਆ ਕੇ ਪੁੱਛਿਆ। ਬਾਬਰ ਸਿੰਘ 'ਖਾੜਕੂਵਾਦ' ਵਿਚ ਫ਼ੜਿਆ ਆਪਣੀ ਪੇਸ਼ੀ ਦੀ ਉਡੀਕ ਕਰ ਰਿਹਾ ਸੀ। ਜੇਲ੍ਹ ਦੇ ਸਾਰੇ ਕੈਦੀ ਉਸ ਨੂੰ "ਬਾਬਾ ਜੀ" ਆਖ ਕੇ ਬੁਲਾਉਂਦੇ ਸਨ।

ਘੋਰ ਦੁਖੀ ਸੰਤੋਖ ਨੇ ਬਿਨਾ ਕਿਸੇ ਭੂਮਿਕਾ ਤੋਂ ਸਾਰੀ ਗੱਲ ਬਾਬਰ ਸਿੰਘ ਅੱਗੇ ਰੱਖ ਦਿੱਤੀ।

ਬਾਬਰ ਸਿੰਘ ਨੇ ਉਸ ਦੀ ਗੱਲ ਬੜੇ ਗਹੁ ਅਤੇ ਗੰਭੀਰਤਾ ਨਾਲ਼ ਸੁਣੀ ਸੀ।

-"ਇਹਦੇ ਵਿਚ ਆਪਦੇ ਹੱਥ ਭੰਨਣ ਦੀ ਕੀ ਜ਼ਰੂਰਤ ਪੈ ਗਈ ਸਿੰਘਾ..? ਬਦ ਨੇ ਬਦੀ ਕਰਨੀ, ਤੇ ਗੁਰੂ ਦੇ ਸਿੰਘ ਨੇ ਆਪ ਦੇ ਹੱਥੀਂ ਹਿਸਾਬ ਕਿਤਾਬ ਬਰਾਬਰ ਕਰਨਾ, ਇਹ ਦਸਤੂਰ ਤਾਂ ਜਦੋਂ ਦਾ ਸਿੱਖ ਪੈਦਾ ਹੋਇਐ, ਓਦੋਂ ਤੋਂ ਹੀ ਚੱਲਿਆ ਆਉਂਦੈ..! ਨੇਕੀ ਤੇ ਬਦੀ ਦੀ ਜੰਗ ਮੁੱਢ ਕਦੀਮੋਂ ਚੱਲੀ ਆਈ ਐ, ਤੇ ਅੱਗੇ ਚੱਲੀ ਜਾਣੀ ਐਂ..! ਗੁਰੂ ਸਾਹਿਬ ਦੇ ਸਾਹਿਬਜ਼ਾਦੇ ਦੱਸ ਕਿਹੜੇ ਪੰਘੂੜਿਆਂ 'ਚ ਪਲ਼ੇ ਸੀ..? ਨਿੱਕੇ-ਨਿੱਕੇ ਤਾਂ ਕੰਧਾਂ 'ਚ ਚਿਣਤੇ ਸੀ, ਐਵੇਂ ਤਾਂ ਨੀ ਲੋਕ ਯੋਧਿਆਂ ਦੇ "ਨਿੱਕੀਆਂ ਜਿੰਦਾਂ-ਵੱਡੇ ਸਾਕੇ" ਕਹਿ ਕੇ ਗੁਣ ਗਾਉਂਦੇ..! ਜਦੋਂ ਸਾਰਾ ਸਰਬੰਸ ਸ਼ਹੀਦ ਹੋ ਗਿਆ ਸੀ, ਆਪਣੇ ਗੁਰੂ ਨੇ ਕੰਧਾਂ 'ਚ ਸਿਰ ਮਾਰਿਆ ਸੀ..? ਚੋਜੀ ਪ੍ਰੀਤਮ ਨੇ ਪਹਿਲਾਂ ਮਾਧੋ ਦਾਸ ਵੈਰਾਗੀ ਤੋਂ ਬਾਬਾ ਬੰਦਾ ਸਿੰਘ ਬਹਾਦਰ, ਤੇ ਫ਼ੇਰ ਖ਼ਾਲਸਾ ਪੰਥ ਦਾ ਪਹਿਲਾ ਜਰਨੈਲ ਥਾਪ ਕੇ ਪੰਜਾਬ ਨੂੰ ਤੋਰਿਆ ਸੀ..! ਸਿੰਘਾ, ਜ਼ਬਰ ਦਾ ਪਹਿਲਾਂ ਸਬਰ ਨਾਲ਼, ਤੇ ਫ਼ੇਰ ਸ਼ਮਸ਼ੀਰ ਨਾਲ਼ ਟਾਕਰਾ ਕਰਨਾ ਪੈਂਦੈ..! ਕੰਧਾਂ 'ਚ ਮੁੱਕੀਆਂ ਮਾਰਨ ਨਾਲ਼ ਕੁਛ ਨੀ ਹੋਣਾ, ਪਵਿੱਤਰ ਗੁਰਬਾਣੀ ਦੇ ਮਹਾਂਵਾਕ ਅਨੁਸਾਰ; "ਆਪਨ ਹਥੀ ਆਪਨਾ ਆਪੇ ਹੀ ਕਾਜੁ ਸਵਾਰੀਐ॥" ਜਿਹੜਾ ਆਪਣਾ ਜ਼ੋਰ ਐਥੇ ਕੰਧਾਂ 'ਤੇ ਅਜਾਂਈਂ ਗੁਆਈ ਜਾਨੈਂ, ਉਹਨੂੰ ਵੈਰੀ ਵੇਲ਼ੇ ਵਰਤੀਂ..! ਮਸਾਲਿਆਂ 'ਚ ਤੇਲ ਨਾ ਫ਼ੂਕੀ ਜਾਹ..!"

-"ਪਰ ਬਾਬਾ ਸਿਆਂ..! ਨਾ ਤਾਂ ਮੇਰੇ ਕੋਲ਼ੇ ਪੈਸੈ, ਤੇ ਨਾ ਕੋਈ ਹੋਰ ਵਸੀਲਾ, ਤਰੀਕ ਮੇਰੀ ਸਿਰ 'ਤੇ ਆਈ ਖੜ੍ਹੀ ਐ, ਜੇ ਕੋਈ ਵਕੀਲ ਨਾ ਖੜ੍ਹਾ ਹੋਇਆ, ਤਾਂ ਮੈਨੂੰ ਤਾਂ ਜੱਜ ਨੇ ਵੀਹ ਸਾਲੀ ਬੋਲ ਦੇਣੀ ਐਂ..!"

-"ਝੋਰਾ ਕਾਹਦਾ ਕਰਦੈਂ ਸਿੰਘਾ..? ਚਿੜੀਆਂ ਦਾ ਵੀ ਰੱਬ ਤੇ ਬਾਜਾਂ ਦਾ ਵੀ ਓਹੀ..! ਜੀਹਨੇ ਜ਼ਿੰਦਗੀ ਬਖ਼ਸ਼ੀ ਐ, ਓਹ ਹੀਲਾ-ਵਸੀਲਾ ਤੇ ਬਿਧ ਵੀ ਬਣਾਊ..! ਛੇਵੇਂ ਪਾਤਿਸ਼ਾਹ, ਧੰਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਬਾਬਾ ਬਿਧੀ ਚੰਦ ਵਰਗੇ ਬਲ਼ਦੇ ਭੱਠ 'ਚ ਵੜੇ ਹੋਏ ਬਚਾ ਲਏ, ਤੂੰ ਰਾਈ ਦਾ ਪਹਾੜ ਕਾਹਨੂੰ ਬਣਾਈ ਫ਼ਿਰਦੈਂ..? ਤੂੰ ਅੱਜ ਤੋਂ ਈ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕਰ ਤੇ ਸਵੇਰੇ ਸ਼ਾਮ ਗੁਰੂ ਚਰਨਾਂ 'ਚ ਆਪਣੀ ਹਾਜ਼ਰੀ ਲੁਆਇਆ ਕਰ, ਗੁਰੂ ਮਹਾਰਾਜ ਭਲੀ ਕਰਨਗੇ..! ਤੇਰੇ ਮੁਕੱਦਮੇਂ ਦੀ ਤਰੀਕ ਬਾਰੇ ਮੈਂ ਆਪੇ ਪਤਾ ਕਰਵਾ ਲਊਂਗਾ ਆਪਣੇ ਵਕੀਲ ਨੂੰ ਕਹਿ ਕੇ, ਤੂੰ ਬੱਸ ਗੁਰੂ ਦੇ ਚਰਨ ਫ਼ੜ, ਬਾਕੀ ਕਾਰਜ ਤੇਰੇ ਓਹ ਆਪ ਈ ਕਰੂ..! ਓਸ ਦੇ ਸਿਰ 'ਤੇ ਛੱਡ ਕੇ ਆਪ ਬੇਚਿੰਤ ਹੋ ਜਾ..! ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ॥ ਜਲ ਮਹਿ ਜੰਤ ਉਪਾਇਅਨ ਤਿਨਾ ਭਿ ਰੋਜੀ ਦੇਇ॥"

-"ਕੱਲ੍ਹ ਤੋਂ ਤੇਰੇ ਨਾਲ਼ ਈ ਚੱਲਿਆ ਕਰੂੰਗਾ, ਬਾਬਾ ਸਿਆਂ..!" ਸੰਤੋਖ ਦੇ ਸਰੀਰ ਨੇ ਅਜੀਬ ਫ਼ੁਰਤੀ ਫ਼ੜੀ ਸੀ। ਪਵਿੱਤਰ ਗੁਰਬਾਣੀ ਸੁਣ ਕੇ ਉਸ ਨੂੰ ਇੰਜ ਮਹਿਸੂਸ ਹੋਇਆ, ਜਿਵੇਂ ਉਸ ਦੇ ਤਮਾਮ ਦੁੱਖਾਂ ਦਾ ਅੰਤ ਆ ਗਿਆ ਸੀ।

ਅਗਲੇ ਦਿਨ ਤੋਂ ਸੰਤੋਖ ਨੇ ਬਾਬਰ ਸਿੰਘ ਨਾਲ਼ ਜੇਲ੍ਹ ਦੇ ਗੁਰਦੁਆਰੇ ਜਾਣਾ ਸ਼ੁਰੂ ਕਰ ਦਿੱਤਾ। ਉਹ ਅੱਖਾਂ ਬੰਦ ਕਰ ਕੇ ਗੁਰਬਾਣੀ ਸੁਣਦਾ, ਕੀਰਤਨ ਸਰਵਣ ਕਰਦਾ। ਉਸ ਦੀ ਆਤਮਾਂ ਨੂੰ ਅਜੀਬ ਸਕੂਨ ਮਿਲ਼ਦਾ। ਦੁਨਿਆਵੀ ਦੁੱਖ ਭੁੱਲ ਕੇ ਪਤਾ ਨਹੀਂ ਉਹ ਕਿਸ ਦੁਨੀਆਂ ਵਿਚ ਪਹੁੰਚ ਜਾਂਦਾ? ਉਸ ਨੂੰ ਪਤਾ ਹੀ ਨਾ ਚੱਲਦਾ। ਬਾਬਰ ਸਿੰਘ ਮਹੀਨੇ ਦੇ ਸ਼ੁਰੂ ਵਿਚ ਇੱਕ ਸਹਿਜ ਪਾਠ ਪ੍ਰਕਾਸ਼ ਕਰਦਾ ਅਤੇ ਮਹੀਨੇ ਦੇ ਅਖੀਰ ਵਿਚ ਉਸ ਦਾ ਭੋਗ ਪਾਉਂਦਾ। ਜੇਲ੍ਹ ਵਿਚ ਹੀ ਦੇਗ ਤਿਆਰ ਕੀਤੀ ਜਾਂਦੀ ਅਤੇ ਭੋਗ ਵਾਲ਼ੇ ਦਿਨ ਲੰਗਰ ਵੀ ਵਰਤਾਇਆ ਜਾਂਦਾ। ਬਾਬਰ ਸਿੰਘ ਬੜਾ ਸੁਰੀਲਾ ਕੀਰਤਨੀਆਂ ਵੀ ਸੀ। ਜਦ ਉਹ ਹਰਮੋਨੀਅਮ 'ਤੇ ਕੀਰਤਨ ਕਰਦਾ ਤਾਂ ਸਭ ਨੂੰ ਮੰਤਰ ਮੁਗਧ ਕਰ ਦਿੰਦਾ। ਉਸ ਦੇ ਲਾਏ 'ਜਾਗ' ਨੇ ਸੰਤੋਖ ਨੂੰ ਸੁਚੱਜੀ ਜ਼ਿੰਦਗੀ ਦੇ ਰੰਗ ਦਿਖਾਉਣੇ ਸ਼ੁਰੂ ਕਰ ਦਿੱਤੇ। ਉਸ ਦੀ ਬੁੱਧੀ ਸੂਖ਼ਮ ਹੋਣੀ ਸ਼ੁਰੂ ਹੋ ਗਈ। ਮਹੀਨੇ ਦੇ ਵਿਚ ਹੀ ਉਸ ਨੇ ਜਪੁਜੀ ਸਾਹਿਬ ਅਤੇ ਆਨੰਦ ਸਾਹਿਬ ਦਾ ਪਾਠ 'ਕੰਠ' ਕਰ ਲਿਆ ਸੀ। ਅਰਦਾਸ ਵੀ ਕਰਨੀ ਸਿੱਖ ਲਈ ਸੀ।

ਤਿੰਨ ਮਹੀਨੇ ਬਾਅਦ ਸੰਤੋਖ ਨੇ ਜੇਲ੍ਹ ਵਿਚ ਹੀ ਅੰਮ੍ਰਿਤਪਾਨ ਕਰ ਲਿਆ ਅਤੇ ਪੂਰਨ ਗੁਰਸਿੱਖ ਬਣ, ਸਿੰਘ ਸਜ ਗਿਆ। ਹੁਣ ਉਹ ਅਤੇ ਬਾਬਰ ਸਿੰਘ ਗੁਰ-ਇਤਿਹਾਸ ਅਤੇ ਸਿੱਖ-ਇਤਿਹਾਸ ਬਾਰੇ ਗੱਲਾਂ ਕਰਦੇ ਰਹਿੰਦੇ।

ਸੰਤੋਖ ਦੇ ਕੇਸ ਨੂੰ ਬਾਬਰ ਸਿੰਘ ਦੇ ਵਕੀਲ ਨੇ ਆਪਣੇ ਹੱਥ ਵਿਚ ਲੈ ਲਿਆ ਸੀ।

ਕੇਸ ਦੀ ਨਕਲ ਲੈ ਕੇ ਕੇਸ ਲੜਨ ਦੀ ਤਿਆਰੀ ਕਰ ਦਿੱਤੀ।

-"ਜੇ ਗੁਰੂ ਮਹਾਰਾਜ ਨੇ ਬਖ਼ਸ਼ਿਸ਼ ਕੀਤੀ, ਤੂੰ ਬਰੀ ਹੋ ਗਿਆ, ਤਾਂ ਤੈਨੂੰ ਮੈਂ ਆਪਣੇ ਸਿੰਘਾਂ ਦਾ ਪਤਾ ਦੱਸੂੰਗਾ, ਓਹਨਾਂ ਕੋਲ਼ ਚਲਿਆ ਜਾਈਂ..!"

-"ਮੈਂ ਕੀ ਕਰਨੈਂ ਜਾ ਕੇ ਬਾਬਾ ਸਿਆਂ..? ਮੈਂ ਤਾਂ ਜੈਲਦਾਰ ਤੇ ਓਹਦੇ ਬੇਈਮਾਨ ਪੁੱਤ, ਸਿੱਕੀ ਨੂੰ ਗੱਡੀ ਚਾੜ੍ਹਨੈ..!"

-"ਗੱਡੀ ਕਾਹਦੇ ਨਾਲ਼ ਚਾੜ੍ਹੇਂਗਾ..? ਅੱਕ ਦੇ ਡੰਡਿਆਂ ਨਾਲ਼..? ਕਿ ਕਿੱਕਰ ਦੇ ਟੰਬਿਆਂ ਨਾਲ਼...?"

-"ਬੰਦਾ ਮਾਰਨ ਦਾ ਕੀ ਐ..? ਪੁੜਪੁੜੀ 'ਚ ਇੱਟ ਮਾਰੀ ਤੋਂ ਬੰਦਾ ਮਰ ਜਾਂਦੈ..!"

-"ਕਈ ਵਾਰੀ ਅੰਨ੍ਹਾਂ ਸਵੈ-ਵਿਸ਼ਵਾਸ ਵੀ ਬੰਦੇ ਲਈ ਘਾਤਕ ਸਿੱਧ ਹੁੰਦੈ..! ਬਗੈਰ ਸਕੀਮ ਤੋਂ ਵਾਰ ਕੀਤਿਆਂ ਵੈਰੀ ਸੁੱਕਾ ਨਿਕਲ਼ ਜਾਂਦੈ..!"

-"............।"

-"ਜੇ ਅਗਲੇ ਕੋਲ਼ ਅਸਲਾ ਹੋਵੇ, ਤੇ ਥੋਡੇ ਕੋਲ਼ੇ ਡੰਡਾ, ਜਾਨ ਗਈ ਨ੍ਹਾਂ..?"

-"ਪਰ ਮੇਰੇ ਕੋਲ਼ ਹੋਰ ਕੋਈ ਹੀਲਾ ਵੀ ਨਹੀਂ ਬਾਬਾ ਸਿਆਂ..! ਗਰੀਬ ਬੰਦੇ ਨੇ ਤੋਪ ਥੋੜ੍ਹੋ ਖ਼ਰੀਦ ਲੈਣੀ ਐਂ..? ਉਹ ਤਾਂ ਇੱਟ ਨਾਲ਼ ਬੰਦਾ ਮਾਰਨ ਦੀ ਇੱਛਾ ਈ ਰੱਖੂ..!"

-"ਕਈ ਵਾਰੀ ਰੱਬ ਸਾਈਕਲ 'ਤੇ ਚੱਲਣ ਵਾਲ਼ੇ ਨੂੰ ਹੈਲੀਕਾਪਟਰ ਬਖ਼ਸ਼ ਦਿੰਦੈ..! ਉਹਦੀਆਂ ਓਹੀ ਜਾਣਦੈ...! ਇੱਕ ਵਾਰੀ ਸਾਰੀ ਗੱਲ ਓਹਦੇ 'ਤੇ ਸਿੱਟ ਕੇ ਤਾਂ ਦੇਖ, ਵਿਸ਼ਵਾਸ ਕਰ ਕੇ ਤਾਂ ਦੇਖ..! ਤੇਰਾ ਹਿਰਦਾ ਅਜੇ ਵੀ ਥਾਲ਼ੀ ਦੇ ਪਾਣੀ ਵਾਂਗੂੰ ਡੋਲਦੈ, ਪਹਿਲਾਂ ਇਹਨੂੰ ਸਥਿਰ ਕਰ ਤੇ ਆਪਣੇ ਵਿਸ਼ਵਾਸ ਨੂੰ ਫ਼ੌਲਾਦੀ ਬਣਾ..!"

-"ਚੱਲ ਦੇਖ ਲਵਾਂਗੇ ਬਾਬਾ ਸਿਆਂ..!"

ਮਹੀਨੇ ਬਾਅਦ ਸੰਤੋਖ ਦੀ ਤਰੀਕ ਨਿਕਲ਼ ਆਈ।

ਬਾਬਰ ਸਿੰਘ ਦਾ ਵਕੀਲ ਪੂਰੀ ਤਿਆਰੀ ਖਿੱਚ ਕੇ ਆਇਆ ਸੀ।

ਸੰਤੋਖ ਨੂੰ ਕਟਿਹਰੇ ਵਿਚ ਪੇਸ਼ ਕੀਤਾ ਗਿਆ। ਠਾਣੇਦਾਰ ਅਤੇ ਮਕਤੂਲ ਦੇ ਵਾਰਿਸ ਸਰਪੰਚ ਹੋਰੀਂ ਵੀ ਪਹੁੰਚੇ ਹੋਏ ਸਨ। ਜੈਲਦਾਰ ਜਾਂ ਉਸ ਦੇ ਘਰ ਦਾ ਕੋਈ ਵੀ ਜੀਅ ਨਹੀਂ ਬਹੁੜਿਆ ਸੀ।

ਸਰਕਾਰੀ ਵਕੀਲ ਵੱਲੋਂ ਪੂਰਾ ਕੇਸ ਪੜ੍ਹ ਕੇ ਸੁਣਾਇਆ ਗਿਆ।

ਜਦ ਸੰਤੋਖ ਦੇ ਪੱਖੀ ਵਕੀਲ ਨੇ ਮਕਤੂਲ ਦੇ ਬਾਪ ਸਰਪੰਚ ਨੂੰ ਕਟਿਹਰੇ ਵਿਚ ਗਵਾਹੀ ਲਈ ਬੁਲਾਇਆ ਤਾਂ ਕੇਸ ਦਾ ਪਾਸਾ ਹੀ ਪਲਟ ਗਿਆ।

-"ਮੇਰਾ ਪੁੱਤ ਕਟਿਹਰੇ 'ਚ ਖੜ੍ਹੇ ਸੰਤੋਖ ਸਿਉਂ ਨੇ ਨਹੀਂ ਮਾਰਿਆ ਜੱਜ ਸਾਹਿਬ, ਮੇਰਾ ਪੁੱਤ ਤਾਂ ਜੈਲਦਾਰ ਦੇ ਮੁੰਡੇ ਸਿੱਕੀ ਨੇ ਮਾਰਿਐ..! ਇਹਦੇ 'ਤੇ ਤਾਂ ਵਿਚਾਰੇ ਦੇ ਸਿਰ ਕੇਸ ਮੜ੍ਹ ਦਿੱਤਾ..!" ਜਦ ਮਰਨ ਵਾਲ਼ੇ ਦੇ ਬਾਪ ਨੇ ਗਵਾਹੀ ਸੰਤੋਖ ਸਿੰਘ ਦੇ ਹੱਕ ਵਿਚ ਦਿੱਤੀ, ਤਾਂ ਠਾਣੇਦਾਰ ਨੂੰ ਭੱਜਣ ਨੂੰ ਰਾਹ ਨਹੀਂ ਲੱਭਦਾ ਸੀ। ਉਹ ਘੁੱਟਾਂਬਾਟੀ ਕਦੇ ਸੰਤੋਖ ਵੱਲ, ਅਤੇ ਕਦੇ ਸਰਕਾਰੀ ਵਕੀਲ ਵੱਲ ਝਾਕਦਾ ਸੀ। ਮੌਕੇ ਦਾ ਚਸ਼ਮਦੀਦ ਗਵਾਹ ਭੱਈਆ ਤਾਂ ਕਦੋਂ ਦਾ ਪੰਜਾਬ ਛੱਡ ਕੇ ਬਿਹਾਰ ਭੱਜ ਗਿਆ ਸੀ।

ਅਦਾਲਤ ਵਿਚ 'ਕੁਰਬਲ਼-ਕੁਰਬਲ਼' ਸ਼ੁਰੂ ਹੋ ਗਈ।

-"ਫ਼ੇਰ ਆਹ ਗਵਾਹ ਕਿੱਥੋਂ ਆ ਗਿਆ..?" ਜੱਜ ਨੇ ਗਵਾਹੀ ਪੜ੍ਹਦਿਆਂ ਪੁੱਛਿਆ।

-"ਉਹਨੂੰ ਤਾਂ ਆਹ ਠਾਣੇਦਾਰ ਸਾਹਿਬ ਨੇ ਕੁੱਟ-ਕੁੱਟ ਕੇ ਧੱਕੇ ਨਾਲ਼ ਗਵਾਹ ਬਣਾਇਆ ਸੀ ਸਰਕਾਰ, ਓਸ ਨੇ ਤਾਂ ਜੈਲਦਾਰ ਦੇ ਲੜਕੇ ਸਿੱਕੀ ਨੂੰ ਹੀ ਗੋਲ਼ੀ ਮਾਰਦਿਆਂ ਦੇਖਿਆ ਸੀ, ਤੇ ਠਾਣੇਦਾਰ ਸਾਹਿਬ ਨੇ ਗਵਾਹੀ ਨੂੰ ਉਲਟਾ ਮੋੜ ਦੇ ਮਾਰਿਆ ਹਜ਼ੂਰ..! ਆਹ ਇੱਕ ਸਟੇਟਮੈਂਟ ਐ ਮੇਰੇ ਕੋਲ਼, ਜੋ ਇਸ ਗੱਲ ਦੀ ਸ਼ਾਹਦੀ ਭਰਦੀ ਹੈ..!" ਸੰਤੋਖ ਦੇ ਵਕੀਲ ਨੇ ਸਟੇਟਮੈਂਟ ਜੱਜ ਅੱਗੇ ਰੱਖ ਦਿੱਤੀ। ਅਸਲ ਵਿਚ ਭੱਈਏ ਨੇ ਬਿਹਾਰ ਪਹੁੰਚ ਕੇ ਐਫ਼ੀਡੇਵਿਟ ਉਪਰ ਆਪਣੀ ਸਟੇਟਮੈਂਟ ਬਣਵਾ ਕੇ ਸਰਪੰਚ ਨੂੰ ਡਾਕ ਰਾਹੀਂ ਭੇਜ ਦਿੱਤੀ ਸੀ, ਜਿਸ ਵਿਚ ਸੰਤੋਖ ਦੇ ਨਿਰਦੋਸ਼ ਹੋਣ ਦਾ ਵੇਰਵਾ ਪਾਇਆ ਹੋਇਆ ਸੀ ਅਤੇ ਧੱਕੜ ਠਾਣੇਦਾਰ ਦੇ ਤਸ਼ੱਦਦ ਬਾਰੇ ਵੀ ਵਿਸਥਾਰ ਨਾਲ਼ ਲਿਖਿਆ ਹੋਇਆ ਸੀ।

ਕੇਸ ਰੇਤ ਦੀ ਢਿਗ ਵਾਂਗ ਡਿੱਗ ਪਿਆ। ਚਸ਼ਮਦੀਦ ਗਵਾਹ ਦੀ ਸਟੇਟਮੈਂਟ ਪੜ੍ਹ ਕੇ ਜੱਜ ਸਾਹਿਬ ਨੇ ਫ਼ੈਸਲਾ ਸੁਣਾਇਆ।

ਸੰਤੋਖ ਸਾਫ਼ ਬਰੀ ਹੋ ਗਿਆ।

ਠਾਣੇਦਾਰ ਨੂੰ ਮੁਅੱਤਲ ਕਰ ਦਿੱਤਾ ਗਿਆ।

ਜੈਲਦਾਰ ਦੇ ਮੁੰਡੇ ਸਿੱਕੀ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ।

ਬਰੀ ਹੋਣ ਤੋਂ ਬਾਅਦ ਸੰਤੋਖ ਵਕੀਲ ਦਾ ਧੰਨਵਾਦ ਕਰਕੇ ਸਿੱਧਾ ਗੁਰਦੁਆਰੇ ਚਲਿਆ ਗਿਆ।

ਗੁਰਦੁਆਰੇ ਮੱਥਾ ਟੇਕਣ ਤੋਂ ਬਾਅਦ ਉਹ ਸਿੱਧਾ ਬਾਬਰ ਸਿੰਘ ਵੱਲੋਂ ਦੱਸੇ ਗਏ ਸਿੰਘਾਂ ਦੇ ਪਤੇ ਵੱਲ ਨੂੰ ਰਵਾਨਾ ਹੋ ਗਿਆ।

**-ਚੱਲਦਾ**

## ਮਾਂ ਜਾਈ ਬੋਲੀ

ਸ਼ਬਰ ਦਾ ਫਲ਼
ਜ਼ਿੰਦਗੀ ਭਾਵੇਂ ਚੱਲ ਸੋ ਚੱਲ।
ਸਬਰ ਦਾ ਹੁੰਦਾ ਮਿੱਠਾ ਫਲ਼।
ਅੱਜ ਨੂੰ ਅੱਜ ਦੇ ਵਿਚ ਹੀ ਜੀ ਲਓ,
ਭਲਾਂ ਵੇਖਿਆ ਕਿਸ ਨੇ ਕੱਲ੍ਹ।
ਪਿਆਰ ਮੁਹੱਬਤ ਬਾਝੋਂ ਅੜਿਆ,
ਜੀਵਨ ਬਣਦਾ ਮਾਰੂਥਲ।
ਬੰਦਿਆ ਕਰਨੀ ਪਊ ਮੁਸ਼ੱਕਤ,
ਮਾਰਨੀ ਚਾਹੁੰਨੈ ਜੇ ਕੋਈ ਮੱਲ।
ਜੋ ਸਿਦਕੀ ਤੇ ਸਿਰੜੀ ਹੁੰਦੇ,
ਜ਼ੁਲਮ ਨੂੰ ਉਹੀਓ ਪਾਉਂਦੇ ਠੱਲ੍ਹ।
ਧਰਤੀ ਵਿਚੋਂ ਮੁੱਕ ਨਾ ਜਾਏ,
ਸੰਜ਼ਮ ਦੇ ਨਾਲ ਵਰਤੋ ਜਲ਼।
ਨੀਵਾਂ ਹੋ ਕੇ ਜੋ ਵੀ ਚੱਲਦਾ,
ਰੱਬ ਹਮੇਸ਼ਾ ਉਹਦੇ ਵੱਲ੍ਹ।
ਉਨ੍ਹਾਂ ਨੂੰ ਕੋਈ ਮੂੰਹ ਨਾ ਲਾਵੇ,
ਕਰਦੇ ਨੇ ਜੋ ਚੱਕਵੀਂ ਗੱਲ।
ਪੰਡ ਪਾਪਾਂ ਦੀ ਭਾਰੀ ਹੋਣ 'ਤੇ,
ਰੱਬ ਕੋਈ ਰਹਿਬਰ ਦੇਵੇ ਘੱਲ।
ਭਾਵੇਂ ਲੱਖਾਂ ਜੱਗ ਕਰਾ ਲਓ,
ਸਕਦੀ ਨਹੀਂ ਮੁਸੀਬਤ ਟਲ਼।
'ਨਾਗਰਾ' ਮਨ ਪਵਿੱਤਰ ਰੱਖੀਂ,
ਰੱਖੀਂ ਨਾ ਕੋਈ ਵਲ਼ ਤੇ ਛੱਲ।

-ਜਸਪਾਲ ਸਿੰਘ ਨਾਗਰਾ
'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
+1-360-448-1989
(Punjab Mail USA)



## ਗੱਲ ਤਾਂ ਇੱਕੋ ਹੈ

ਦਿਲ ਟੁੱਟੇ ਜਾਂ ਤਾਰਾ ਗੱਲ ਤਾਂ ਇੱਕੋ ਹੈ,
ਛੁੱਟਦਾ ਝੱਟ ਸਹਾਰਾ ਗੱਲ ਤਾਂ ਇੱਕੋ ਹੈ।

ਟੁੱਟ ਜਾਏ ਇੱਕ ਵਾਰ ਮੁੜ ਜੁੜਦਾ ਨ੍ਹੀਂ,
ਕੰਬਦਾ ਵਾਂਗੂੰ ਪਾਰਾ ਗੱਲ ਤਾਂ ਇੱਕੋ ਹੈ।

ਇਸ਼ਕ ਕੰਬਖਤ ਕਿਸੇ ਦੀ ਸੁਣਦਾ ਨ੍ਹੀਂ,
ਚੱਲੇ ਨਾ ਕੋਈ ਚਾਰਾ ਗੱਲ ਤਾਂ ਇੱਕੋ ਹੈ।

ਸਿਰ ਚੜ੍ਹਦੈ ਤਾਂ ਪੱਤਣੀਂ 'ਤੇ ਜਾ ਖੜ੍ਹਦੈ ,
ਮਿਲੇ ਨਾ ਕਿਨਾਰਾ ਗੱਲ ਤਾਂ ਇੱਕੋ ਹੈ।

ਰੋ-ਰੋ ਕਮਲਾ ਹੁੰਦਾ ਮਜਨੂੰ ਬਣ ਜਾਏ ,
ਲੈਲਾ ਖੁਣੋਂ ਬਿਚਾਰਾ ਗੱਲ ਤਾਂ ਇੱਕੋ ਹੈ।

ਸੂਰਜ ਬਾਝੋਂ ਛਾਵੇ ਘੁੱਪ ਹਨ੍ਹੇਰ ਜਿਹਾ,
ਚਮਕੇ ਤਾਰਾ ਤਾਰਾ ਗੱਲ ਤਾਂ ਇੱਕੋ ਹੈ।

ਭੀੜ ਬਣੀ ਹੈ ਭਾਰੀ ਗਾਜ਼ਾ ਪੱਟੀ 'ਤੇ,
ਬੇਵੱਸ ਜੱਗ ਸਾਰਾ ਗੱਲ ਤਾਂ ਇੱਕੋ ਹੈ।

ਖੂੰਖਾਰ ਭੇੜੀਏ ਖੱਲ ਪਾਈ ਭੇਡਾਂ ਦੀ,
ਕਰਦੇ ਨਿੱਤ ਕਾਰਾ ਗੱਲ ਤਾਂ ਇੱਕੋ ਹੈ।

-ਸੇਵਾ ਸਿੰਘ "ਨੂਰਪੁਰੀ"
(Punjab Mail USA)



## ਬਾਦਬਾਨ

ਨਿੱਤ ਬਦਲਦੇ ਮੌਸਮਾਂ, ਝਖੜਾਂ ਨੇ ਤੈਨੂੰ ਪਰਖਣਾ।
ਬਾਦਬਾਨਾਂ ਨੂੰ ਕਿਵੇਂ ਤੂੰ, ਜਾਣ ਲਈਂ ਹੈ ਵਰਤਣਾ।
ਪਤਾ ਹੈ ਤੈਨੂੰ ਕੋਈ ਨਹੀਂ, ਟੈਂ ਕਿਸੇ ਦੀ ਮੰਨਦਾ,
ਭੁਗਤਣਾ ਪੈਂਦਾ ਹੈ ਐਵੇਂ, ਪੂਛ ਚੁੱਕ ਕੇ ਬੜਕਣਾ।

ਚਲਦੀ ਗੱਡੀ ਦੇ ਜੋ ਵੀ, ਅਰਥ ਨੇ ਉਹ ਜਾਣ ਲਈਂ,
ਤੁਰਦਿਆਂ ਜੇ ਅਟਕਣਾ, ਫਸਿਆਂ ਦਾ ਕੀ ਹੈ ਫੜਕਣਾ।

ਚੰਗਾ ਹੈ ਤੂੰ ਜ਼ਿੰਦਗੀ ਨੂੰ, ਅਗਲਵਾਂਡੇ ਹੋ ਮਿਲੀਂ,
ਬੁਰਾ ਹੁੰਦਾ ਮੌਤ ਤੋਂ ਵੀ, ਵਿਚ ਵਿਚਾਲੇ ਲਟਕਣਾ।

ਕੰਨੀ ਬੁੱਜੇ ਦੇ ਕੇ, ਵਾਹਵਾ ਹੈ ਉਦੋਂ ਈ ਬੀਤਦੀ,
ਭਾਂਡਿਆਂ ਨੇ ਕੱਠੇ ਹੋ ਜੇ, ਖੜਕਣਾ ਹੀ ਖੜਕਣਾ।


ਦਿਲ ਨੂੰ ਦਿਲ ਦਾ ਰਾਹ, ਕੁਰਾਹੇ ਲੈ ਟੁਰੇਂਦਾ ਅਕਸਰਾਂ,
ਬਾਣ ਹੈ ਦਿਲ ਦੀ ਕਿ ਐਵੇਂ, ਥਾਂ ਕੁਥਾਂ ਜਾ ਧੜਕਣਾ।

ਸੁਰ ਸ਼ਬਦ ਸੰਜਵਨੀ ਤਾਂ, ਮੋਏ ਜੀਂਦੇ ਕਰ ਦਏ,
ਖਰਵਿਆਂ ਨੇ ਖੌਰੂ ਪਾ ਕੇ, ਜਾਨ ਨੂੰ ਹੈ ਰੜਕਣਾ।

ਜੀਂਦਿਆਂ ਮੁਕਤੀ ਮਿਲੀ ਨਾ, ਮਰ ਕੇ ਵੀ ਨਾ ਮਿਲੂਗੀ
ਮੱਲੋ-ਮੱਲੀ ਕਾਲ ਨੇ ਤਾਂ, ਮੌਰੀਂ ਆ ਕੇ ਕੜਕਣਾ।

ਚੰਗਾ ਲੱਗੇ ਜਾਂ ਨਾ ਲੱਗੇ, ਛਿੰਝ ਹੈ ਇਹ ਜ਼ਿੰਦਗੀ,
ਬੀਰਤਾ ਬੀਰਾਂ ਦੀ 'ਢੇਸੀ', ਮੜਕਣਾ ਹੀ ਮੜਕਣਾ।

-ਕੁਲਵੰਤ ਸਿੰਘ 'ਢੇਸੀ',
ਕਾਵੈਂਟਰੀ, ਯੂ.ਕੇ.
(Punjab Mail USA)



## ਬਦਲੀਆਂ ਕਈ ਸਰਕਾਰਾਂ

ਉੱਨੀ ਸੌ ਸੰਤਾਲੀ ਨੂੰ ਸਾਡਾ
ਦੇਸ਼ ਆਜ਼ਾਦ ਸੀ ਹੋਇਆ,
ਗੋਰਿਆਂ ਦੀ ਕਰਵਾ ਕੇ ਛੁੱਟੀ
ਕਾਲਾ ਕਾਬਜ਼ ਹੋਇਆ,
ਟੋਟੇ ਹੋ ਗਿਆ ਮੁਲਕ ਅਸਾਂ ਦਾ
ਮੱਚੀਆਂ ਹਾਹਾਕਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ
ਬਦਲੀਆਂ ਕਈ ਸਰਕਾਰਾਂ ਨੇ।
ਕਰਨੀ ਕਹਿੰਦੇ ਦੂਰ ਗਰੀਬੀ
ਹਰ ਵਾਰੀ ਖਾਧੀਆਂ ਕਸਮਾਂ ਨੇ,
ਗੱਲਾਂਬਾਤਾਂ ਨਾਲ ਨਹੀਂ ਭਰਨਾ
ਸਾਡੇ ਅੱਲੇ ਜ਼ਖ਼ਮਾਂ ਨੇ,
ਟਾਟੇ ਬਿਰਲੇ ਅਤੇ ਅੰਬਾਨੀ
ਲੁੱਟਦੇ ਮੌਜ ਬਹਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ...
ਅੰਗਰੇਜ਼ ਚੰਗੇ ਸੀ ਇਨ੍ਹਾਂ ਨਾਲੋਂ
ਲੋਕ ਆਮ ਹੀ ਕਹਿੰਦੇ ਨੇ,
ਮਾਰ ਹੱਕਾਂ 'ਤੇ ਡਾਕੇ ਸਾਡੇ
ਜੇਬਾਂ ਭਰਦੇ ਰਹਿੰਦੇ ਨੇ,
ਕਿਰਤੀਆਂ ਅਤੇ ਕਿਸਾਨਾਂ ਉੱਤੇ
ਨਿੱਤ ਪੈਂਦੀਆਂ ਮਾਰਾਂ ਨੇ।
ਲੋਕਾਂ ਦੇ ਦਿਨ ਕਦੇ ਨਾ ਬਦਲੇ...।
ਕਦੇ ਪੰਜਾ ਹੋ ਜਾਂਦਾ ਭਾਰੂ
ਕਦੇ ਕਮਲ ਪਿਆ ਖਿਲਦਾ ਏ,
ਸੜਕਾਂ 'ਤੇ ਪਈ ਰੁਲੇ ਜਵਾਨੀ
ਹੱਕ ਨਾ ਪੂਰਾ ਮਿਲਦਾ ਏ,
"ਐੱਨ.ਡੀ.ਏ." ਕਦੇ "ਯੂ.ਪੀ.ਏ." ਬਣ ਕੇ
ਬਦਲ ਰਹੇ ਦਸਤਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ...।
ਲੱਕ ਤੋੜਿਆ ਮਹਿੰਗਾਈ ਨੇ
ਹਰ ਪਾਸੇ ਵੇ-ਬਸੀਆਂ ਨੇ,
ਕਿਸਾਨ ਦੇਸ ਦੇ ਹਰ ਸੂਬੇ ਵਿਚ
ਕਰਦੇ ਨਿੱਤ ਖੁਦਕੁਸ਼ੀਆਂ ਨੇ,
ਮਿਲਦਾ ਨਾ ਮੁੱਲ ਜਿਨਸ ਦਾ ਪੂਰਾ
ਲੁੱਟ ਲਏ ਸ਼ਾਹੂਕਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ...।
ਪੜ੍ਹ-ਲਿਖ ਕੇ ਰੁਜ਼ਗਾਰ ਨਾ ਮਿਲਦਾ
ਵਧਗੀ ਬੇਰੁਜ਼ਗਾਰੀ ਏ,
ਮੁੰਡੇ ਕੁੜੀਆਂ ਤਾਹੀਓਂ ਖਿੱਚੀ
ਵਿਦੇਸ਼ਾਂ ਵੱਲ ਤਿਆਰੀ ਏ
"ਗਿੱਲ ਮਲਕੀਤ" ਨੇ ਭਾਵੁਕ ਹੋ ਕੇ
ਲਿਖੀਆਂ ਇਹ ਵਿਚਾਰਾਂ ਨੇ।
ਲੋਕਾਂ ਦੇ ਕਦੇ ਦਿਨ ਨਾ ਬਦਲੇ
ਬਦਲੀਆਂ ਕਈ ਸਰਕਾਰਾਂ ਨੇ।

-ਮਲਕੀਤ ਸਿੰਘ ਗਿੱਲ (ਭੱਠਲਾਂ)
94174-90943
(Punjab Mail USA)



## ਗ਼ਜ਼ਲ

ਆਕੜ ਨਾ ਗਈ ਹੰਕਾਰ ਨਾ ਗਿਆ ਛੱਲ ਨਾ ਗਿਆ।
ਰੱਸੀ ਸਾਰੀ ਸੜ ਗਈ ਉਸ 'ਚੋਂ ਵੱਲ ਨਾ ਗਿਆ।
ਫੁੱਲ ਕਦ ਦੇ ਮੁਰਝਾ ਗਏ ਟਹਿਣੀਂ ਸੁੱਕ ਗਈ ਪਰ,
ਬੀਤੇ ਸਮਿਆਂ ਦੀ ਖ਼ੁਸ਼ਬੂ 'ਚੋਂ ਕੱਲ ਨਾ ਗਿਆ।
ਅੱਗ ਨੇ ਬਹੁਤ ਜ਼ਿਆਦਾ ਕੋਸ਼ਿਸ਼ ਕੀਤੀ ਸੀ,
ਮੈਂ ਮੋਮ ਜਿਹਾ ਸਾਂ ਪੱਥਰ ਵਿਚ ਢੱਲ ਨਾ ਗਿਆ।
ਸਮਿਆਂ ਦੇ ਵਿਚ ਏਧਰ ਓਧਰ ਹੁੰਦਾ ਰਿਹਾ,
ਪਾਰੇ ਵਾਗੂੰ ਅੱਖਾਂ 'ਚੋਂ ਉਹ ਪੱਲ ਨਾ ਗਿਆ।
ਅੱਖਾਂ ਦੇ ਵਿਚ ਹੰਝੂ ਮੋਹ ਸਿਸਕਦਾ ਰਿਹਾ,
ਉਨ੍ਹਾਂ ਚਿਰ ਵਿੰਹਦਾ ਰਿਹਾ ਜਿੰਨ ਚਿਰ ਚੱਲ ਨਾ ਗਿਆ।
ਬੇਟੀ ਦੀ ਸੱਜੀ ਡੋਲੀ ਨੂੰ ਚੁੰਮ-ਚੁੰਮ ਕੇ,
ਉਨ੍ਹਾਂ ਵਿਚ ਰੋਂਦਾ ਰਿਹਾ ਜਿਨ੍ਹਾਂ ਚਿਰ ਘੱਲ ਨਾ ਗਿਆ।
ਮਹਿਫ਼ਲ ਦੇ ਵਿਚ ਬਹਿ ਕੇ ਝੱਲਵਲੱਲੀਆਂ ਹੀ ਮਾਰੇ,
ਉਮਰ ਵਡੇਰੀ ਸਿਆਣਾ ਸੀ ਪਰ ਝੱਲ ਨਾ ਗਿਆ।
'ਬਾਲਮ' ਮੌਸਮ ਆਇਆ ਤਾਂ ਫਿਰ ਪੁੰਗਰੇਗੀ,
ਟਹਿਣੀਂ ਸੁੱਕ ਤਾਂ ਗਈ ਪਰ ਜੜ੍ਹ 'ਚੋਂ ਬੱਲ ਨਾ ਗਿਆ।

-ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
ਮੋ : 98156-25409
(Punjab Mail USA)



## ਬਚਕਾਨੀ ਰਾਜਨੀਤੀ

ਰਾਜਨੀਤੀ ਦਾ ਖੇਲ੍ਹ ਲੰਘ ਗਿਆ, ਬੱਚਿਆਂ ਦੇ ਖੇਲ੍ਹ ਤੋਂ ਅੱਗੇ,
ਮਾਰ ਛੜੱਪੇ ਭੱਜਦੇ ਫਿਰਦੇ, ਲੀਡਰ ਸੱਜੇ ਤੇ ਖੱਬੇ।

ਟਿਕਣ ਨਹੀਂ ਦਿੰਦਾ ਚਸਕਾ ਕੁਰਸੀ ਦਾ, ਇੱਕ ਥਾਂ ਇੱਕ ਪਾਸੇ,
ਜਨਤਾ ਦੀ ਅਸਲੀ ਸੇਵਾ ਵਾਲਾ, ਮੁੱਦਾ ਨਾ ਕੋਈ ਲੱਭੇ।

ਬੱਚੇ ਵੀ ਸੌ ਵਾਰ ਸੋਚਦੇ, ਕੋਈ ਗੱਲ ਕਹਿਣ ਤੋਂ ਪਹਿਲਾਂ,
ਬਿਨ ਸੋਚੇ ਬਕਵਾਸ ਨੇ ਕਰਦੇ, ਦੂਜਿਆਂ 'ਤੇ ਲਾਂਦੇ ਧੱਬੇ।

ਬਿੱਟੂ ਬਿੱਟੇ ਫਿਰਦੇ ਫਿੱਟੇ, ਰਿੰਕੂ ਬਤਾਊਂ ਥਾਲੀ ਦੇ,
ਟੀਨੂੰ ਬੀਨੂੰ ਬੀਨ ਵਜਾਉਂਦੇ, ਮਾਇਆ ਦੇ ਲੱਭਣ ਥੱਬੇ।

ਬੜੇ ਘਰਾਂ ਦੇ ਫਿੱਟੇ ਕਾਕੇ, ਦੁਨੀਆਦਾਰੀ ਭੁੱਲ ਗਏ,
ਕਈ ਕਿਸਮਾਂ ਦੇ ਪੱਪੂ ਸ਼ਿੰਦੇ, ਕੁਕਰਮਾਂ ਦੇ ਨਾਲ ਲੱਦੇ।

ਛੋਟੀਆਂ-ਛੋਟੀਆਂ ਗੱਲਾਂ ਤੋਂ ਕਰਦੇ, ਯਾਰੀਆਂ ਪੱਕੀਆਂ ਕੱਚੀਆਂ,
ਬੱਚਿਆਂ ਤੋਂ ਵੀ ਸਬਕ ਨਾ ਸਿੱਖਦੇ, ਕਾਕੇ ਬੁੱਢੜੇ ਬੱਗੇ।

ਨੀਟੂ ਮਤਲਬ ਕੱਢਣ ਖਾਤਰ, ਜਨਤਾ ਨੂੰ ਦਿਖਾਂਦੇ ਟੀਟੂ,
ਉੱਲੂ ਆਪਣਾ ਸਿੱਧਾ ਕਰਨ ਦੇ, ਮਕਸਦ ਰੱਖਦੇ ਅੱਗੇ।

ਬਾਂਟਿਆਂ ਦੀ ਨੇ ਖੇਡ ਸਮਝਦੇ, ਚੁੰਡਣ ਨਿੱਤ ਨਿਸ਼ਾਨੇਂ,
ਜਿੱਤਣ ਕਦੀ ਨਾ ਦਿਲ ਕਿਸੇ ਦਾ, ਸ਼ਰਮ ਕੋਈ ਨਾ ਲੱਗੇ।

ਲੁੱਕਣਮੀਚੀ ਇੱਕ ਦੂਜੇ ਤੋਂ, ਲੁੱਕ-ਲੁੱਕ ਕੇ ਖੇਡਣ,
ਠਿੱਬੀਆਂ ਲਾਵਣ ਆਪਣਿਆਂ ਨੂੰ, ਡੋਬਣ ਸਭ ਨੂੰ ਗੱਭੇ।

ਮਾਚਿਸ ਦੀ ਡੱਬੀ ਹੱਥ ਬਾਂਦਰੀਂ, ਹੁਣ ਅੱਗ ਤੋਂ ਕੌਣ ਬਚਾਊ,
ਮਾਰ ਟਪੂਸੀਆਂ ਸਾੜ ਲੈਣਗੇ, ਆਪਣੇ ਹੀ ਝੁੱਗੇ ਝੱਗੇ।

-ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
(Punjab Mail USA)



## ਰੁਜ਼ਗਾਰ

ਬੱਚੇ ਰੁਜ਼ਗਾਰ ਖ਼ਾਤਰ ਵਿਦੇਸ਼ ਚੱਲੇ,
ਮਾਪੇ ਤੱਕਣਗੇ ਬੱਚਿਆਂ ਦੀਆਂ ਰ੍ਹਾਵਾਂ।
ਬੱਚੇ ਛੱਡ ਚੱਲੇ ਪਿੱਛੇ ਜਨਮ ਭੂਮੀ,
ਤੁਰ ਚੱਲੇ ਵਿਦੇਸ਼ਾਂ ਨੂੰ ਨਾਲ ਚਾਵਾਂ!

ਦਾਦਾ ਪੁੱਛਦਾ ਕਦੋਂ ਦੀ ਉਡੀਕ ਰੱਖਾਂ,
ਸ਼ਾਇਦ ਤੇਰੇ ਮੁੜਨ ਤੱਕ ਮੈਂ ਨਈ ਹੋਣਾ।
ਘੁੱਟਕੇ ਗਲਵੱਕੜੀ ਵਿਚ ਮਿਲਜਾ ਤੂੰ,
ਕੁਝ ਸਮੇਂ ਦਾ ਹਾਂ ਮੈਂ ਇੱਥੇ ਪ੍ਰਾਹੁਣਾ!

ਭੈਣ ਮਿਲਣ ਆ ਗਈ ਚੱਲ ਸੌਹੁਰਿਆਂ ਤੋਂ,
ਰੱਖੜੀ ਬੰਨਣ ਪਰਦੇਸ ਨਈ ਆ ਸਕਦੀ।
ਧਾਗਾ ਇਕ ਡਾਕ ਵਿਚ ਪਾ ਦਿਆ ਕਰੂੰ,
ਰੱਖੜੀ ਵਾਲੇ ਦਿਨ ਤੈਨੂੰ ਯਾਦ ਰੱਖਦੀ!

ਮਾਂ ਪਿਉ ਵੀ ਤੁਰ ਚੱਲੇ ਪਿੱਛੇ ਬੱਚਿਆਂ ਦੇ,
ਦਾਦੇ ਦਾਦੀ ਦੀ ਖ਼ਬਰ ਨਾ ਕੋਈ ਲੈਣ ਵਾਲਾ।
ਮੁੱਲਾਂਪੁਰ ਜੇ ਸੰਭਾਲਣ ਦਾ ਹੀਲਾ ਨਾ ਬਣਿਆ,
ਫਿਰ ਮੰਜਾ ਬਿਰਧ ਆਸ਼ਰਮ ਡਹਿਣ ਵਾਲਾ!

-ਸੁਖਵਿੰਦਰ ਸਿੰਘ ਮੁੱਲਾਂਪੁਰ
+91-99141-84794
(Punjab Mail USA)





REALTY ONE GROUP

Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com